ISSN-0971-8397

# ਯੋਜਨਾ

ਅਗਸਤ 2014 ਇਕ ਵਿਕਾਸ ਮਾਸਿਕ ₹20

ਵਿਸ਼ੇਸ਼ ਅੰਕ

ਰਣਨੀਤੀ ਲਈ ਜੁਗਤਾਂ 'ਚ ਮਾਮੂਲੀ ਬਦਲ
ਆਸ਼ਿਮਾ ਗੋਇਲ

ਵਿੱਤੀ ਮਜ਼ਬੂਤੀ ਲਈ ਵਿਹਾਰਕ ਪਹੁੰਚ
ਚਰਨ ਸਿੰਘ ਅਤੇ ਸ਼ਰਾਧਾ ਸ਼ਿੰਪੀ

ਬਦਲਦੇ ਆਰਥਿਕ ਮਾਹੌਲ ਵਿਚ
ਟੀਚਿਆਂ ਤੇ ਪਹਿਲਾਂ ਨੂੰ ਨਜਿੱਠਣਾ
ਰਵਿੰਦਰ ਢੋਲਕੀਆ

ਰੇਲਵੇ ਬਜਟ 2014-15
ਥੋੜ੍ਹਾ ਕੁ ਯਥਾਰਥਵਾਦ ਦੇ ਆਸ-ਪਾਸ
ਐੱਸ ਸ੍ਰੀਰਮਨ

ਵਿਸ਼ੇਸ਼ ਲੇਖ
ਯਮੁਨਾ ਦਰਿਆ ਦੀ ਸਫ਼ਾਈ
ਪ੍ਰਚਲਿਤ ਮੁੱਦੇ ਤੇ ਹੱਲ ਵਾਸਤੇ ਉਪਰਾਲੇ
ਦੀਪਸ਼ਿਖਾ ਸ਼ਰਮਾ

# ਕੇਂਦਰੀ ਬਜਟ 2014-15



## ਸੰਪਾਦਕੀ

# ਨਿਰੰਤਰਤਾ ਅਤੇ ਪਰਿਵਰਤਨ

ਕਿਸੇ ਵੀ ਦੇਸ਼ ਦੇ ਆਰਥਿਕ ਪ੍ਰਬੰਧਨ ਨੂੰ ਸਮੇਂ ਦੀਆਂ ਰਾਜਨੀਤਕ ਸਚਾਈਆਂ ਤੋਂ ਵਖਰਿਆ ਕੇ ਨਹੀਂ ਵੇਖਿਆ ਜਾ ਸਕਦਾ। ਇਸੇ ਸੰਦਰਭ ਵਿਚ ਹੀ ਸਰਕਾਰ ਦੇ ਮਈ 2014 ਵਿਚ ਸੱਤਾ ਸੰਭਾਲਣ ਤੋਂ ਲੈ ਕੇ, ਇਸ ਦੇ ਨੀਤੀਗਤ ਐਲਾਨਾਂ ਨੂੰ ਵੇਖਣ ਦੀ ਲੋੜ ਹੈ। 2014-15 ਦਾ ਕੇਂਦਰੀ ਬਜਟ ਨਵੀ ਸਰਕਾਰ ਦਾ ਪਹਿਲੀ ਵੱਡੀ ਨੀਤੀ ਸੰਬੰਧੀ ਐਲਾਨ ਹੈ। ਭਾਰਤ ਭਰ ਵਿਚ ਮਿਲੇ ਅਪਾਰ ਸਮਰਥਨ ਦੇ ਚਲਦਿਆਂ ਸਰਕਾਰ ਨੇ ਪਦ ਗ੍ਰਹਿਣ ਕਰਨ ਦੇ 45 ਦਿਨਾਂ ਅੰਦਰ ਬਜਟ ਪੇਸ਼ ਕਰਨਾ ਸੀ। ਜ਼ਾਹਰਾ ਤੌਰ ਤੇ ਇਹ ਇਕ ਕਠਿਨ ਅਤੇ ਵਿਸ਼ਾਲ ਕਾਰਜ ਸੀ, ਖ਼ਾਸ ਕਰਕੇ ਦੇਸ਼ ਵਿਚ ਜਗੀਆਂ ਉਮੀਦਾਂ ਤੋਂ ਜੋ ਕੇਂਦਰ ਵਿਚ ਨਵੀਂ ਸਰਕਾਰ ਬਣਨ ਨਾਲ ਹੋਰ ਪ੍ਰਬਲ ਹੋ ਗਈਆਂ ਸਨ। ਪਿਛਲੇ ਤਿੰਨ ਦਹਾਕਿਆਂ ਵਿਚ ਇਹ ਪਹਿਲੀ ਵਾਰ ਹੋਇਆ ਕਿ ਕਿਸੇ ਰਾਜਨੀਤਕ ਪਾਰਟੀ ਨੇ ਆਪਣੇ ਬਲਬੂਤੇ ਪੂਰਨ ਬਹੁਮਤ ਪ੍ਰਾਪਤ ਕੀਤਾ ਹੋਵੇ। ਸਾਂਝੀ ਸਰਕਾਰ ਦੀਆਂ ਮਜਬੂਰੀਆਂ ਦੂਰ ਹੋ ਗਈਆਂ ਅਤੇ ਸਰਕਾਰ ਨੂੰ ਦੇਸ਼ ਵਿਚ ਵਿਸ਼ਾਲ ਸਮਰਥਨ ਪ੍ਰਾਪਤ ਹੋਇਆ ਜਿਸ ਸਦਕਾ ਇਹ ਆਪਣੀ ਆਰਥਿਕ ਦ੍ਰਿਸ਼ਟੀ ਦੇ ਅਨੁਸਾਰ ਦੇਸ਼ ਲਈ ਵੱਡੇ ਨੀਤੀਗਤ ਬਦਲਾਅ ਕਰ ਸਕਦੀ ਸੀ। ਪਰ, ਭਾਰਤ ਜਿਹੇ ਵੱਡ-ਆਕਾਰੇ ਅਤੇ ਜਟਿਲ ਪ੍ਰਸਥਿਤੀਆਂ ਵਾਲੇ ਦੇਸ਼ ਵਿਚ ਕਾਹਲੀ ਵਿਚ ਬਦਲਾਅ ਕਰਨਾ ਨਾ ਤਾਂ ਸੁਖਾਲਾ ਅਤੇ ਨਾ ਹੀ ਸਮਝਦਾਰੀ ਹੈ, ਕਿਉਂਕਿ ਬਿਨਾਂ ਸਾਰੇ ਵਿਕਲਪਾਂ ਨੂੰ ਧਿਆਨ ਵਿਚ ਰੱਖਿਆਂ ਜੇ ਇਹ ਕਾਹਲੀ ਵਿਚ ਅਮਲ ਵਿਚ ਲਿਆਂਦੇ ਗਏ ਤਾਂ ਇਸ ਨਾਲ ਦੇਸ਼ ਦੇ ਕਰੋੜਾਂ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਕਿਸਮਤ 'ਤੇ ਅਸਰ ਹੋਣਗੇ। ਬਿਲਕੁਲ ਇਸੇ ਤਰ੍ਹਾਂ ਹੀ 2014-15 ਦੇ ਕੇਂਦਰੀ ਬਜਟ ਵਿਚ ਕਰਨ ਦਾ ਯਤਨ ਕੀਤਾ ਗਿਆ ਹੈ। ਬਦਲਾਅ ਦੀ ਇਕ ਸਪੱਸ਼ਟ ਇੱਛਾ ਹੈ ਪਰ ਨਾਲ ਦੀ ਨਾਲ ਸੰਤੁਲਨ ਅਤੇ ਭੂਤਕਾਲ ਨਾਲ ਨਿਰੰਤਰਤਾ ਬਣਾਏ ਰੱਖਣ ਵੱਲ ਵੀ ਖ਼ਾਸ ਧਿਆਨ ਰਖਿਆ ਗਿਆ ਹੈ।

ਸਰਕਾਰ ਸਾਹਮਣੇ ਸਭ ਤੋਂ ਵੱਡੀ ਚੁਨੌਤੀ ਆਰਥਿਕ ਵਿਕਾਸ ਨੂੰ ਤੇਜ਼ ਕਰਨਾ ਅਤੇ ਵਿੱਤੀ ਸਥਿਰਤਾ ਯਕੀਨੀ ਬਣਾਉਣਾ ਸੀ। ਭਾਰਤ ਵਿਚ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਪਿਛਲੇ ਦੋ ਸਾਲਾਂ ਦੌਰਾਨ 4.5 ਅਤੇ 4.7 ਪ੍ਰਤਿਸ਼ਤ ਤਕ ਡਿਗ ਪਈ ਸੀ। ਆਰਥਿਕਤਾ ਵਿਚ ਮੰਦੀ ਨਿਰਮਾਣ, ਉਸਾਰੀ, ਖਦਾਨ ਅਤੇ ਆਵਾਜਾਈ ਖੇਤਰਾਂ ਵਿਚ ਜ਼ਿਆਦਾ ਨਜ਼ਰ ਆ ਰਹੀ ਸੀ। ਵਿਕਾਸ ਦਰ ਵਿਚ ਗਿਰਾਵਟ ਦਾ ਅਸਰ ਵਧੀ ਹੋਈ ਇੰਕਰੀਮੈਂਟਲ ਕੈਪੀਟਲ ਆਊਟਪੁਟ ਰੇਸ਼ੋ ਨਾਲ ਦੇਖਣ ਨੂੰ ਮਿਲਿਆ। 2009-11 ਦੇ 4.1 ਦੇ ਮੁਕਾਬਲੇ ਪਿਛਲੇ ਦੋ ਸਾਲਾਂ ਵਿਚ ਆਈ ਸੀ ਓ ਆਰ, ਵਿਕਾਸ ਦਰ ਵਿਚ ਕਮੀ ਅਤੇ ਸਮਰਥਾ ਦਾ ਪੂਰਾ ਇਸਤੇਮਾਲ ਨਾ ਹੋਣ ਕਾਰਨ ਇਸ ਵਿਚ ਕਾਫ਼ੀ ਵਾਧਾ ਹੋਇਆ। ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਅਤੇ ਉਤਪਾਦਕ ਸਮਰੱਥਾ ਨੂੰ ਵਧਾਉਣਾ ਨਵੇਂ ਬਜਟ ਲਈ ਇਕ ਵੱਡਾ ਨੀਤੀਗਤ ਤੌਖਲਾ ਸੀ। ਭਾਵੇਂ ਕਿ ਜਨਤਕ ਖਰਚੇ ਨੂੰ ਘੱਟ ਜਾਂ ਵੱਧ ਕਰਨ ਦੀ ਬਹਿਸ ਚੱਲ ਰਹੀ ਹੈ, ਸਰਕਾਰ ਨੇ ਜਨਤਕ ਨਿੱਜੀ ਸਾਂਝੇਦਾਰੀ, ਸਿੱਧੇ ਵਿਦੇਸ਼ੀ ਨਿਵੇਸ਼ ਅਤੇ ਦੂਜੇ ਸੰਸਥਾਗਤ ਉਪਾਵਾਂ ਨਾਲ ਨਿੱਜੀ ਨਿਵੇਸ਼ ਨੂੰ ਹੁਲਾਰਾ ਦੇਣ ਲਈ ਕਦਮ ਚੁੱਕੇ ਹਨ। ਨਵੇਂ ਬਜਟ ਵਿਚ ਸਾਫ਼ ਤੌਰ ਤੇ ਨਿਵੇਸ਼ ਪੱਖੀ ਨੀਤੀ ਬਣਾਉਣ ਅਤੇ ਇਸ ਦੇ ਕੁਸ਼ਲਤਾ ਨਾਲ ਲਾਗੂ ਕਰਨ ਲਈ ਸੰਸਥਾਗਤ ਵਾਤਾਵਰਨ ਬਣਾਉਣ 'ਤੇ ਜ਼ੋਰ ਦਿਤਾ ਗਿਆ ਹੈ। ਅਸਥਾਈ ਟੈਕਸ ਕ੍ਰੈਡਿਟ ਦੀ ਸੀਮਾ 100 ਕਰੋੜ ਰੁਪਏ ਤੋਂ ਘਟਾ ਕੇ 25 ਕਰੋੜ ਰੁਪਏ ਕਰਨ, ਜ਼ਿਆਦਾ ਤੇਜ਼ੀ ਨਾਲ ਫ਼ੈਸਲੇ ਲੈਣ, ਬੀਮਾ ਤੇ ਰੱਖਿਆ ਖੇਤਰ 'ਚ ਸਿੱਧਾ ਵਿਦੇਸ਼ੀ ਨਿਵੇਸ਼, ਪੂਰਵ ਵਿਆਪੀ ਕਰ ਪ੍ਰਦਾਨ ਕਰਨ ਜਿਹੇ ਕਦਮ ਇਸ ਦਿਸ਼ਾ ਵੱਲ ਉਠਾਏ ਗਏ ਹਨ।

ਵਿਕਾਸ ਨੂੰ ਤੇਜ਼ ਕਰਨ ਅਤੇ ਵਿੱਤੀ ਸਥਿਰਤਾ ਬਣਾਏ ਰੱਖਣ ਦੇ ਟੀਚਿਆਂ ਵਿਚਾਲੇ ਇਕ ਸੰਭਾਵਿਤ ਤਕਰਾਰ ਨਜ਼ਰ ਆਉਂਦਾ ਹੈ। ਇਸ ਦਾ ਹੱਲ ਦੋਨਾਂ ਵਿਚਾਲੇ ਸੰਤੁਲਨ ਬਣਾਏ ਰੱਖਣ ਵਿਚ ਹੈ। ਕਰ ਤੋਂ ਮਾਲੀਆ ਉਗਰਾਹੀ ਵਧਾ ਕੇ ਅਤੇ ਸਬਸਿਡੀਆਂ ਘੱਟ ਕਰ ਕੇ ਬਜਟ ਵਿਚ ਵਿੱਤੀ ਘਾਟੇ ਨੂੰ ਕਾਬੂ ਵਿਚ ਰੱਖਣ ਦੀ ਲੋੜ ਹੈ। ਜਦ ਕਿ ਮੌਜੂਦਾ ਸਾਲ ਲਈ ਵਿੱਤੀ ਘਾਟੇ ਦਾ ਟੀਚਾ ਕੁੱਲ ਘਰੇਲੂ ਉਤਪਦ ਦਾ 4.1 ਪ੍ਰਤਿਸ਼ਤ ਹੈ, 2015-16 ਲਈ ਇਹ ਟੀਚਾ ਕੁੱਲ ਘਰੇਲੂ ਉਤਪਾਦ ਦਾ 3.6 ਪ੍ਰਤਿਸ਼ਤ ਰੱਖਿਆ ਗਿਆ ਹੈ ਜਿਸ ਨੂੰ 2016-17 ਵਿਚ ਹੋਰ ਘੱਟ ਕਰਕੇ 3 ਪ੍ਰਤਿਸ਼ਤ 'ਤੇ ਲਿਆਂਦਾ ਜਾਵੇਗਾ। ਵੱਡੇ ਪੱਧਰ 'ਤੇ ਕਰ ਇਕੱਠਾ ਕਰਨ ਦੀ ਯੋਜਨਾ ਨੂੰ ਕਰਾਂ ਦਾ ਘੇਰਾ ਵਧਾ ਕੇ, ਖ਼ਾਸ ਕਰਕੇ ਸੇਵਾ ਕਰ, ਅਤੇ ਕਰ ਇਕੱਠਾ ਕਰਨ ਦੀ ਪ੍ਰਣਾਲੀ ਵਿਚ ਸੂਚਨਾ ਤਕਨਾਲੋਜੀ ਦਾ ਇਸਤੇਮਾਲ ਕਰਕੇ ਕੁਸ਼ਲਤਾ ਵਿਚ ਵਾਧਾ ਕਰਕੇ ਹਾਸਲ ਕੀਤਾ ਜਾਵੇਗਾ। ਇਨ੍ਹਾਂ ਦੇ ਨਾਲ ਹੀ, ਬੇਹਤਰ ਟੀਚੇ ਨਿਰਧਾਰਤ ਕਰਕੇ ਤੇ ਨੁਸਕਾਨ 'ਚ ਕਮੀ ਕਰਕੇ ਸਬਸਿਡੀਆਂ ਕੁੱਲ ਘਰੇਲੂ ਉਤਪਾਦ ਦੇ 2 ਪ੍ਰਤਿਸ਼ਤ ਦੇ ਅੰਦਰ ਰੱਖਣ ਦਾ ਵੀ ਇਰਾਦਾ ਹੈ।

ਪਰ, ਸਾਰਾ ਡੇਟਾ ਤੇ ਅੰਕੜੇ ਜੋ ਅਜਿਹੀਆਂ ਚਰਚਾਵਾਂ 'ਤੇ ਭਾਰੂ ਰਹਿੰਦੇ ਹਨ, ਵਧਦੀਆਂ ਕੀਮਤਾਂ, ਰੁਜ਼ਗਾਰ, ਸਿਹਤ, ਸਿੱਖਿਆ, ਸੜਕਾਂ, ਬਿਜਲੀ, ਸਦਭਾਵਪੂਰਨ ਸਮਾਜਿਕ ਤੇ ਰਾਜਨੀਤਕ ਵਾਤਾਵਰਨ, ਸਮਾਜ ਦੇ ਵੱਖ-ਵੱਖ ਵਰਗਾਂ ਵਿਚਾਲੇ ਬਰਾਬਰ ਆਰਥਿਕ ਰੁਤਬੇਆਦਿ ਮੁੱਦੇ ਆਮ ਆਦਮੀ ਦੇ ਸੰਦਰਭ ਤੋਂ ਜ਼ਿਆਦਾ ਬੁਨਿਆਦੀ ਸਵਾਲ ਹਨ।ਕਿਸੇ ਵੀ ਜਨਤਕ ਨੀਤੀ ਦੀ ਸਫਲਤਾ ਲੋਕਾਂ ਵਾਸਤੇ ਇਨ੍ਹਾਂ ਉਦੇਸ਼ਾਂ ਨੂੰ ਨਿਸ਼ਚਤ ਕਰਨ ਤੋਂ ਆਂਕੀ ਜਾ ਸਕਦੀ ਹੈ। ਸ਼ਾਇਦ ਉਤਪਾਦਕਤਾ, ਨੌਕਰੀਆਂ ਅਤੇ ਮਨੁੱਖੀ ਸਮਰਥਾ ਵਿਚ ਵਾਧਾ ਕਰਕੇ 'ਸਰਗਰਮ ਸ਼ਮੂਲੀਅਤ' ਦਾ ਰਸਤਾ ਅਪਣਾਉਣ ਨਾਲ ਉਹ ਕੁਝ ਹਾਸਲ ਕੀਤਾ ਜਾ ਸਕਦਾ ਹੈ ਜੋ 'ਸਮੁੱਚਿਤ ਵਿਕਾਸ' ਰਾਹੀਂ ਅਧੂਰਾ ਰਹਿ ਗਿਆ ਸੀ।

- ਮੁੱਖ ਸੰਪਾਦਕ

# ਯੋਜਨਾ

ਸਾਲ 29 • ਅੰਕ 12 • ਜੁਲਾਈ 2014 • ਕੁੱਲ ਪੰਨੇ 56

ਮੁੱਖ ਸੰਪਾਦਕ
**ਰਾਜੇਸ਼ ਕੇ. ਝਾ**

ਸੰਪਾਦਕ
**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**
ਈਸਟ ਬਲਾਕ-4, ਲੈਵਲ-7
ਆਰ. ਕੇ. ਪੁਰਮ, ਨਵੀਂ ਦਿੱਲੀ-110066
ਫ਼ੋਨ ਤੇ ਫ਼ੈਕਸ : 011-26177591
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)
**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ)
**ਸੂਰੀਆਕਾਂਤ ਸ਼ਰਮਾ**
ਫ਼ੋਨ: 26100207
ਫ਼ੈਕਸ : 26175516
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


| | | |
|---|---|---|
| • ਚੋਣ ਸੁਧਾਰ: ਬੀਤੇ 'ਤੇ ਝਾਤ ਤੇ ਭਵਿੱਖ ਦੀ ਦ੍ਰਿਸ਼ਟੀ | - ਜਗਦੀਪ ਐੱਸ ਛੋਕਰ | 2 |
| • ਪਿਛਲੇ ਸਾਲਾਂ ਦੌਰਾਨ ਹੋਏ ਚੋਣ ਸੁਧਾਰ | - ਐੱਸ ਵਾਈ ਕੁਰੈਸ਼ੀ | 5 |
| • ਉਮੀਦਵਾਰਾਂ ਦੀ ਬਹੁਲਤਾ ਤੇ ਭਾਰਤੀ ਚੋਣ ਸੁਧਾਰ | - ਕੌਸ਼ਿਕ ਭੱਟਾਚਾਰੀਆ | 10 |
| • ਚੋਣਾਂ, ਚੋਣ ਸੁਧਾਰ ਤੇ ਭਾਰਤ 'ਚ ਲੋਕਤੰਤਰ ਦੀਆਂ ਡੂੰਘੀਆਂ ਹੁੰਦੀਆਂ ਜੜ੍ਹਾਂ : ਅਗਲੇਰੇ ਕਦਮ | - ਸੁਬਰਤਾ ਕੇ. ਮਿਤਰਾ | 13 |
| • ਲੋਕਤੰਤਰ ਅਤੇ ਚੋਣ ਸੁਧਾਰ | - ਰਤਨ ਸਲਦੀ | 17 |
| • ਚੋਣ ਸੁਧਾਰ : ਸਮੇਂ ਦੀ ਜ਼ਰੂਰਤ | - ਰਵੇਲ ਸਿੰਘ | 20 |
| • ਭਾਰਤ ਦੀ ਚੋਣ ਪ੍ਰਣਾਲੀ - ਸੁਧਾਰਾਂ ਦਾ ਸਿਲਸਿਲਾ ਜਾਰੀ | - ਬਾਲ ਆਨੰਦ | 23 |
| • ਮਜ਼ਬੂਤ ਲੋਕਤੰਤਰ - ਭਾਰਤੀ ਸੰਦਰਭ ਵਿਚ | - ਜਸਵੰਤ ਸਿੰਘ ਸੈਣੀ | 27 |
| • ਚੋਣ ਨਿਸ਼ਾਨ (ਰਾਖਵਾਂਪਨ ਅਤੇ ਵੰਡ) | - ਪੀ.ਆਈ.ਬੀ. | 29 |
| • ਭਾਰਤ ਵਿਚ ਅੰਗ ਦਾਨ : ਪਰਉਪਕਾਰ ਤੇ ਕੰਮ ਵਿਚਾਲੇ ਕਠਿਨ ਰਸਤਾ | - ਸੁਭੱਦਰਾ ਮੈਨਨ | 36 |
| • ਖ਼ਬਰਾਂ ਵਿਚੋਂ ਖ਼ਬਰਾਂ | - | 40 |
| • ਕੀ ਖੇਤੀਬਾੜੀ ਵਿਕਾਸ, ਅਨੁਕੂਲਤਾ ਤੇ ਨੁਕਸਾਨ ਘੱਟ ਕਰਨ ਵਿਚਾਲੇ ਸਮਝੌਤਾ ਹੈ? | - ਅਸ਼ਵਿਨੀ ਕੇ. ਸਵੈਨ | 41 |
| • ਵਧੇਰੇ ਦੂਰੀ ਤਹਿ ਕਰਨ ਲਈ ਆਟੋ-ਇੰਜਣਾਂ 'ਚ ਸੁਧਾਰ | - ਸਿਬ ਸੰਕਰ ਮੰਡਲ | 45 |
| • ਕਿਸ਼ਤੀ ਕਲਿਨਿਕ : ਅਸਮ ਦੇ ਦਰਿਆਈ ਟਾਪੂਆਂ 'ਤੇ ਵਸੀ ਆਬਾਦੀ ਦੀ ਇਕੋ-ਇਕ ਉਮੀਦ | - ਅਜ਼ਰਾ ਪਰਵੀਨ ਰਹਿਮਾਨ | 47 |
| • ਖ਼ੂਨ ਦੀ ਘਾਟ (ਅਨੀਮੀਆ), ਕਾਰਨ ਤੇ ਇਲਾਜ | - ਹਰਪ੍ਰੀਤ ਸਿੰਘ ਭੰਡਾਰੀ | 49 |
| • ਕੀ ਤੁਸੀਂ ਜਾਣਦੇ ਹੋ? | - | 50 |
| • ਪੁਸਤਕ ਪੜਚੋਲ | - ਕਰਮਜੀਤ ਸਿੰਘ (ਡਾ.)<br>- ਸਰਬਜੀਤ ਕੌਰ | 51 |



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ - 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ₹100, 2 ਸਾਲ ₹180, 3 ਸਾਲ ₹250 - ਸਾਰਕ ਦੇਸ਼ਾਂ ਲਈ ₹530 ; ਯੂਰਪੀ ਤੇ ਹੋਰ ਦੇਸ਼ਾਂ ਲਈ ₹730. ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਚੋਣ ਸੁਧਾਰ : ਬੀਤੇ 'ਤੇ ਝਾਤ ਤੇ ਭਵਿੱਖ ਦੀ ਦ੍ਰਿਸ਼ਟੀ

ਜਗਦੀਪ ਐੱਸ ਛੋਕਰ

ਹੇਠ ਦਿਤੀਆਂ ਸਤਰਾਂ ਤੁਹਾਨੂੰ ਕੀ ਯਾਦ ਕਰਵਾਉਂਦੀਆਂ ਹਨ?

''ਆਪਣੀਆਂ ਪ੍ਰਾਪਤੀਆਂ ਨੂੰ ਪਿੱਛੇ ਰੱਖਦੇ ਹੋਏ ਵਰਤਮਾਨ ਹਾਲਾਤ ਦਾ ਜਾਇਜ਼ਾ ਲੈਣਾ ਜ਼ਰੂਰੀ ਹੋ ਜਾਂਦਾ ਹੈ ਜੋ ਫਿਕਰ ਅਤੇ ਤੌਖਲੇ ਦਾ ਕਾਰਨ ਹਨ ਕਿਉਂਕਿ ਪ੍ਰਤੱਖ ਨਜ਼ਰ ਆਉਂਦੇ ਖ਼ਤਰੇ ਕਾਰਨ ਸਾਫ਼ ਸੁਥਰੀਆਂ ਚੋਣਾਂ ਦੀਆਂ ਜੜ੍ਹਾਂ ਕੱਟੇ ਜਾਣ ਦਾ ਖਦਸ਼ਾ ਪੈਦਾ ਹੋ ਗਿਆ ਹੈ।

***ਚੋਣਾਂ ਵਿਚ ਪੈਸੇ ਅਤੇ ਬਾਹੂਬਲ ਦਾ ਪ੍ਰਯੋਗ ਸਥਾਪਿਤ ਕਦਰਾਂ-ਕੀਮਤਾਂ ਨੂੰ ਬੁਰੀ ਤਰ੍ਹਾਂ ਢਾਹ ਲਾ ਰਿਹਾ ਹੈ ਅਤੇ ਇਸ ਪ੍ਰਕਿਰਿਆ ਨੂੰ ਭ੍ਰਿਸ਼ਟ ਕਰ ਰਿਹਾ ਹੈ। ਸਿਆਸਤ ਦਾ ਤੇਜ਼ੀ ਨਾਲ ਹੋ ਰਿਹਾ ਅਪਰਾਧੀਕਰਨ, ਬੂਥਾਂ 'ਤੇ ਕਬਜ਼ਾ ਕਰਨ, ਚੋਣਾਂ ਵਿਚ ਵਿਘਨ ਪਾਉਣ ਅਤੇ ਹਿੰਸਾ ਜਿਹੀਆਂ ਬੁਰਾਈਆਂ ਨੂੰ ਜਨਮ ਦੇ ਰਿਹਾ ਹੈ; ਸਰਕਾਰੀ ਮਸ਼ੀਨਰੀ ਦਾ ਦੁਰਉਪਯੋਗ (ਸਰਕਾਰੀ ਮੀਡੀਆ ਅਤੇ ਮੰਤਰਾਲੇ); ਲਾਗਾਤਰ ਵਧਦੀ ਹੋਈ ਗ਼ੈਰ-ਸੰਜੀਦਾ ਉਮੀਦਵਾਰਾਂ ਦੀ ਗਿਣਤੀ, ਇਹ ਸਾਰੇ ਮਿਲ ਕੇ ਚੋਣਾਵੀ ਸਮੱਸਿਆਵਾਂ ਦਾ ਮੂਲ ਬਣਦੇ ਹਨ। ਤੁਰੰਤ ਉਪਾਅ ਕੀਤੇ ਜਾਣੇ ਬਹੁਤ ਜ਼ਰੂਰੀ ਹਨ ਤਾਂ ਕਿ ਪ੍ਰਣਾਲੀ ਹੀ ਤਹਿਸ-ਨਹਿਸ ਨਾ ਹੋ ਜਾਵੇ।***

ਚੋਣ ਸੁਧਾਰ ਠੀਕ ਹੀ ਇਕ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ ਪਰ ਇਸ ਖੇਤਰ ਵਿਚ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਨਿਗੂਣੀਆਂ ਹੀ ਸਾਬਤ ਹੋਈਆਂ ਹਨ। ਇਹ ਟਾਲਮਟੋਲ ਵਾਲੀਆਂ ਹੀ ਰਹੀਆਂ ਹਨ। ਹਾਲ ਹੀ ਵਿਚ ਉਠਾਏ ਗਏ ਕੁੱਝ ਕਦਮ ਜਿਵੇਂ ਵੋਟਿੰਗ ਲਈ ਉਮਰ ਹੱਦ ਵਿਚ ਕਮੀ ਅਤੇ ਦਲ-ਬਦਲੀ ਵਿਰੋਧੀ ਕਾਨੂੰਨ ਬੇਸ਼ਕ ਵਰਨਣਯੋਗ ਹਨ ਅਤੇ ਇਨ੍ਹਾਂ ਕਦਮਾਂ ਪਿੱਛੇ ਮੌਜੂਦ ਬੁਨਿਆਦੀ ਸਿਧਾਂਤਾਂ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ। ਪਰ ਚੋਣ ਖੇਤਰ ਵਿਚ ਹੋਰ ਵੀ ਅਹਿਮ ਅਤੇ ਗੰਭੀਰ ਖੇਤਰ ਹਨ ਜਿਨ੍ਹਾਂ ਨੂੰ ਹਾਲੇ ਤਕ ਅਣਗੌਲਿਆ ਕੀਤਾ ਗਿਆ ਹੈ।"

ਕੀ ਉਪਰ ਵਰਣਿਤ ਗੱਲਾਂ ਜਾਣੀਆਂ-ਪਛਾਣੀਆਂ, ਸਮਕਾਲੀ ਲਗਦੀਆਂ ਹਨ? ਜੇ ਨਹੀਂ, ਤਾਂ ਤੁਸੀਂ ਠੀਕ ਅਤੇ ਗਲਤ ਹੋਵੋਗੇ, ਦੋਵੇਂ, ਠੀਕ ਇਸ ਲਈ ਕਿ ਵਰਤਮਾਨ ਵਿਚ ਵੀ ਅਜਿਹਾ ਕੁੱਝ ਹੀ ਵਾਪਰ ਰਿਹਾ ਹੈ। ਗਲਤ ਇਸ ਲਈ ਕਿਉਂਕਿ ਇਕ ਚੌਥਾਈ ਸਦੀ ਪਹਿਲਾਂ (ਮਈ 1990) ਇਹ ਲਿਖਿਆ ਗਿਆ ਸੀ ਜਿਸ ਨੂੰ ਗੋਸਵਾਮੀ ਕਮੇਟੀ ਰਿਪੋਰਟ ਵਜੋਂ ਜਾਣਿਆ ਗਿਆ, ਜਿਸ ਨੂੰ ਅਧਿਕਾਰਤ ਤੌਰ ਤੇ ਚੋਣ ਸੁਧਾਰਾਂ ਬਾਰੇ ਕਮੇਟੀ ਕਿਹਾ ਗਿਆ। ਇਹ ਰਿਪੋਰਟ ਕਹਿੰਦੀ ਹੈ, ''ਇਨ੍ਹਾਂ ਚਾਰ ਦਹਾਕਿਆਂ ਦੌਰਾਨ, ਖ਼ਾਸ ਕਰਕੇ 1967 ਤੋਂ ਬਾਅਦ ਚੋਣ ਸੁਧਾਰਾਂ ਦੀ ਮੰਗ ਜ਼ੋਰ ਫੜਦੀ ਗਈ ਹੈ।"

ਚਾਰ ਦਹਾਕਿਆਂ ਤੋਂ ਚਲੀ ਆ ਰਹੀ ਚੋਣ ਸੁਧਾਰਾਂ ਦੀ ਮੰਗ ਤੋਂ ਬਾਅਦ, ਉਸ ਵੇਲੇ ਦੇ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੇ ਜਨਵਰੀ 9, 1990 ਨੂੰ ਇਕ ਸਰਬ-ਪਾਰਟੀ ਮੀਟਿੰਗ ਸੱਦੀ ਜਿਸ ਦੇ ਨਤੀਜੇ ਵਜੋਂ ਉਸ ਵੇਲੇ ਦੇ ਕਾਨੂੰਨ ਮੰਤਰੀ ਸ੍ਰੀ ਦਿਨੇਸ਼ ਗੋਸਵਾਮੀ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਕਾਇਮ ਕੀਤੀ ਗਈ ਜਿਸ ਵਿਚ ਵੱਡੇ ਅਤੇ ਮੋਹਰਲੀ ਕਤਾਰ ਦੇ ਰਾਜਨੀਤਕ ਆਗੂ ਸ੍ਰੀ ਐੱਲ.ਕੇ. ਅਡਵਾਨੀ, ਸ੍ਰੀ ਸੋਮਨਾਥ ਚੈਟਰਜੀ, ਸ੍ਰੀ ਇਰਾ ਸੇਜ਼ੀਅਨ ਅਤੇ ਨਾਮਵਾਰ ਨੌਕਰਸ਼ਾਹ ਜਿਵੇਂ ਕਿ ਸਾਬਕਾ ਗਵਰਨਰ ਸ੍ਰੀ ਐੱਲ ਪੀ ਸਿੰਘ ਅਤੇ ਭਾਰਤ ਦੇ ਸਾਬਕਾ ਚੋਣ ਕਮਿਸ਼ਨਰ ਸ੍ਰੀ ਐੱਸ ਐਲ ਸ਼ਕਧਰ ਆਦਿ ਮੈਂਬਰ ਸਨ। ਗੋਸਵਾਮੀ ਕਮੇਟੀ ਨੇ 107 ਸਿਫ਼ਾਰਸ਼ਾਂ ਕੀਤੀਆਂ। ਮੈਨੂੰ ਇਹ ਪੱਕਾ ਪਤਾ ਨਹੀਂ ਕਿ 107 ਵਿਚੋਂ ਕਿੰਨੀਆਂ ਸਿਫ਼ਾਰਸ਼ਾਂ ਲਾਗੂ ਕੀਤੀਆਂ ਗਈਆਂ ਅਤੇ ਕਿਸ ਹੱਦ ਤਕ ਕੀਤੀਆਂ ਗਈਆਂ ਪਰ ਇਹ ਸਪੱਸ਼ਟ ਹੈ ਕਿ ਇਨ੍ਹਾਂ ਦਾ ਇਕ ਵੱਡਾ ਹਿੱਸਾ ਲਾਗੂ ਨਹੀਂ ਕੀਤਾ ਗਿਆ ਜਾਂ ਗੰਭੀਰਤਾ ਨਾਲ ਨਹੀਂ ਵਿਚਾਰਿਆ ਗਿਆ ਜਾਂ ਬਿਲਕੁਲ ਵੀ ਨਹੀਂ ਵਿਚਾਰਿਆ ਗਿਆ।

ਇਸ ਸੰਦਰਭ ਵਿਚ ਅਗਲੀ ਮਹੱਤਵਪੂਰਨ ਘਟਨਾ, ਭਾਵੇਂ ਕਿ ਇਸ ਦਾ ਸਿੱਧਾ ਸੰਬੰਧ ਚੋਣ ਸੁਧਾਰਾਂ ਨਾਲ ਨਹੀਂ ਸੀ, ਇਹ 1993 ਵਿਚ ਹੋਈ। ਇਸ ਨੂੰ ਵੋਹਰਾ ਕਮੇਟੀ ਰਿਪੋਰਟ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਰਿਪੋਰਟ ਉਦੋਂ ਦੇ ਭਾਰਤ ਸਰਕਾਰ ਦੇ ਗ੍ਰਿਹਿ ਸਕੱਤਰ ਸ੍ਰੀ ਐੱਨ ਐੱਨ ਵੋਹਰਾ ਵਲੋਂ ਤਿਆਰ ਕੀਤੀ ਗਈ ਸੀ ਜਿਹੜੇ ਕਿ ਹੁਣ ਜੰਮੂ ਅਤੇ ਕਸ਼ਮੀਰ ਦੇ ਰਾਜਪਾਲ ਹਨ। ਇਸ ਕਮੇਟੀ ਵਿਚ ਭਾਰਤ ਸਰਕਾਰ ਦੇ ਪੰਜ ਸੀਨੀਅਰ ਅਫ਼ਸਰ ਸ਼ਾਮਿਲ ਸਨ ਪਰ ਰਿਪੋਰਟ ਸ੍ਰੀ ਐੱਨ ਐੱਨ ਵੋਹਰਾ ਵਲੋਂ ਖ਼ੁਦ ਤਿਆਰ ਕੀਤੀ ਗਈ ਸੀ। ਇਹ ਕਮੇਟੀ ਅਪਰਾਧ ਸਿੰਡੀਕੇਟ ਅਤੇ ਮਾਫੀਆ ਸੰਗਠਨਾਂ ਦਾ ਜਾਇਜ਼ਾ ਲੈਣ ਲਈ ਬਣਾਈ ਗਈ ਸੀ ਜਿਸ ਦੇ ਸੰਬੰਧ ਸਰਕਾਰੀ ਅਧਿਕਾਰੀਆਂ ਅਤੇ ਰਾਜਨੀਤਕ ਵਿਅਕਤੀਆਂ ਨਾਲ ਬਣ ਗਏ ਸਨ, ਜੋ ਇਨ੍ਹਾਂ ਨੂੰ ਸੁਰੱਖਿਆ ਦੇ ਰਹੇ ਸਨ। ਜਿਥੋਂ ਤਕ ਜਾਣਕਾਰੀ ਹੈ, ਇਸ ਰਿਪੋਰਟ ਨੂੰ ਜਨਤਕ ਨਹੀਂ ਕੀਤਾ ਗਿਆ। ਪਰ ਜਿਸ ਸਮਾਜ ਵਿਚ ਅਸੀਂ ਰਹਿ ਰਹੇ ਹਾਂ, ਇਹ ਇੰਟਰਨੈੱਟ ਤੋਂ ਸੌਖਿਆਂ ਹੀ ਉਪਲਬਧ ਹੈ ਅਤੇ ਇਸ ਦੇ ਤੱਤਾਂ ਤੋਂ ਇਨਕਾਰ ਨਹੀਂ ਕੀਤਾ ਗਿਆ। ਚੋਣ ਸੁਧਾਰਾਂ ਦੇ ਸੰਦਰਭ ਵਿਚ ਇਸ

ਰਿਪੋਰਟ ਦਾ ਵੱਡਾ ਯੋਗਦਾਨ 'ਸਿਆਸਤ ਦਾ ਅਪਰਾਧੀਕਰਨ' ਅਤੇ 'ਅਪਰਾਧ ਦਾ ਸਿਆਸੀਕਰਨ' ਨੂੰ ਸਾਹਮਣੇ ਲਿਆਉਣਾ ਸੀ। ਇਹ ਪਹਿਲੀ ਵਾਰ ਸੀ ਕਿ ਚੋਣ ਪ੍ਰਕਿਰਿਆ ਤੇ ਸੰਗਠਿਤ ਅਤੇ ਗ਼ੈਰ-ਸੰਗਠਿਤ ਅਪਰਾਧ ਦਾ ਪ੍ਰਭਾਵ ਅਧਿਕਾਰਕ ਤੌਰ ਤੇ ਸਵੀਕਾਰਿਆ ਗਿਆ, ਭਾਵੇਂ ਕਿ ਇਸ ਨੂੰ ਨਸ਼ਰ ਨਹੀਂ ਕੀਤਾ ਗਿਆ।

ਚੋਣ ਸੁਧਾਰਾਂ ਵੱਲ ਅਗਲਾ ਰਸਮੀ ਕਦਮ 1998 ਵਿਚ ਪੁੱਟਿਆ ਗਿਆ ਜਦੋਂ ਇੰਦਰਜੀਤ ਗੁਪਤਾ ਕਮੇਟੀ ਰਿਪੋਰਟ ਸਾਹਮਣੇ ਆਈ। ਇਹ ਕਮੇਟੀ, ਜਿਸ ਨੂੰ ਅਧਿਕਾਰਕ ਤੌਰ ਤੇ 'ਕਮੇਟੀ ਆਨ ਸਟੇਟ ਫੰਡਿੰਗ ਆਫ਼ ਇਲੈਕਸ਼ਨਜ਼' ਕਿਹਾ ਗਿਆ, 1998 ਵਿਚ ਬਣਾਈ ਗਈ ਜਿਸ ਵਿਚ ਮੰਨੇ-ਪ੍ਰਮੰਨੇ ਵਿਅਕਤੀ ਜਿਵੇਂ ਸ੍ਰੀ ਇੰਦਰਜੀਤ ਗੁਪਤਾ, ਸ੍ਰੀ ਸੋਮਨਾਥ ਚੈਟਰਜੀ, ਡਾ. ਮਨਮੋਹਨ ਸਿੰਘ, ਪ੍ਰੋ. ਵਿਜੇ ਕੁਮਾਰ ਮਲਹੋਤਰਾ ਅਤੇ ਸ੍ਰੀ ਦਿੱਗਵਿਜੇ ਸਿੰਘ ਮੈਂਬਰ ਸਨ।

**ਇੰਦਰਜੀਤ ਗੁਪਤਾ ਕਮੇਟੀ ਰਿਪੋਰਟ ਆਮ ਤੌਰ ਤੇ ਉਦਾਹਰਣ ਦਿਤੇ ਜਾਂਦੇ ਚੋਣ ਸੁਧਾਰਾਂ ਬਾਰੇ ਸੀ। ਇਸ ਦੀ ਹਮੇਸ਼ਾ ਚੋਣਾਂ ਵਾਸਤੇ ਰਾਜ ਵਲੋਂ ਪੈਸਾ ਦਿਤੇ ਜਾਣ ਲਈ ਉਦਾਹਰਣ ਦਿਤੀ ਜਾਂਦੀ ਹੈ। ਪਰ, ਇਸ ਰਿਪੋਰਟ ਦੀ ਅੰਤਿਕਾ ਦੇ ਸ਼ੁਰੂਆਤੀ ਪੈਰੇ ਦੀ ਅੰਤਿਕਾ 'ਤੇ ਗੌਰ ਕਰਨਾ ਬਣਦਾ ਹੈ ਜਿਸ ਵਿਚ ਕਿਹਾ ਗਿਆ ਹੈ, "ਗੱਲ ਖ਼ਤਮ ਕਰਨ ਤੋਂ ਪਹਿਲਾਂ ਕਮੇਟੀ ਆਪਣਾ ਇਕਮਤ ਵਿਚਾਰ ਪ੍ਰਗਟ ਕੀਤੇ ਬਿਨਾਂ ਨਹੀਂ ਰਹਿ ਸਕਦੀ ਕਿ ਇਸ ਦੀਆਂ ਸਿਫ਼ਾਰਸ਼ਾਂ ਸੰਖੇਪ ਹੋਣ ਦੇ ਨਾਤੇ ਅਤੇ ਚੋਣ ਸੁਧਾਰਾਂ ਦੇ ਇਕ ਪੱਖ ਤਕ ਹੀ ਸੀਮਤ ਹੋਣ ਕਰਕੇ ਚੋਣ ਮਾਹੌਲ ਵਿਚ ਹੋ ਸਕਦਾ ਹੈ ਨਾਂਮਾਤਰ ਤਬਦੀਲੀਆਂ ਹੀ ਲਿਆ ਸਕੇ। ਲੋੜ ਇਸ ਗੱਲ ਦੀ ਹੈ ਕਿ ਚੋਣ ਪ੍ਰਕਿਰਿਆ ਦੀ ਇਕਦਮ ਕਾਇਆ ਪਲਟਣ ਦੀ ਲੋੜ ਹੈ ਤਾਂ ਜੋ ਚੋਣਾਂ ਨੂੰ ਦੂਸ਼ਿਤ ਕਰਨ ਵਾਲੇ ਕਾਰਕਾਂ, ਖ਼ਾਸ ਕਰਕੇ ਸਿਆਸਤ ਦੇ ਅਪਰਾਧੀਕਰਨ ਤੋਂ ਮੁਕਤ ਕੀਤਾ ਜਾ ਸਕੇ।**

ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਧਨ, ਬਲ ਅਤੇ ਬਾਹੂਬਲ ਮਿਲ ਕੇ ਚੋਣ ਪ੍ਰਕਿਰਿਆ ਨੂੰ ਦੂਸ਼ਿਤ ਕਰਦੇ ਹਨ ਅਤੇ ਇਨ੍ਹਾਂ ਦਾ ਸਾਂਝਾ ਅਸਰ ਹੀ ਹੈ ਜੋ ਚੋਣ ਮੁਕਾਬਲੇ ਨੂੰ ਗੰਦਾ ਕਰਕੇ ਸਾਫ਼ ਸੁਥਰੀਆਂ ਚੋਣਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਚੋਣਾਵੀ ਸਰਗਰਮੀਆਂ ਦੇ ਦੂਸਰੇ ਖੇਤਰਾਂ ਵਿਚ ਸਾਰਥਕ ਚੋਣ ਸੁਧਾਰ ਵੀ ਤੁਰੰਤ ਲੋੜੀਂਦੇ ਹਨ। ਚੋਣ ਸੁਧਾਰਾਂ ਬਾਰੇ ਅੱਜ ਤਕ ਸਭ ਤੋਂ ਮਹੱਤਵਪੂਰਨ ਦਸਤਾਵੇਜ਼ ਮੇਰੀ ਜਾਚੇ ਭਾਰਤ ਦੇ ਲਾਅ ਕਮਿਸ਼ਨ ਵਲੋਂ ਉਸ ਸਮੇਂ ਦੇ ਕਾਨੂੰਨ ਮੰਤਰੀ ਰਾਮ ਜੇਠਮਲਾਨੀ ਨੂੰ ਮਈ 1999 ਵਿਚ ਸੌਂਪੀ ਗਈ ਇਸ ਦੀ 170ਵੀਂ ਰਿਪੋਰਟ ਹੈ। ਇਹ ਰਿਪੋਰਟ, ਜਿਸ ਦਾ ਸਿਰਲੇਖ 'ਚੋਣਾਵੀ ਕਾਨੂੰਨਾਂ ਵਿਚ ਸੁਧਾਰ' ਸੀ, 15ਵੇਂ ਲਾਅ ਕਮਿਸ਼ਨ ਦੇ ਚੇਅਰਮੈਨ ਜਸਟਿਸ ਬੀ.ਪੀ. ਜੀਵਨ ਰੈੱਡੀ, ਜੋ ਭਾਰਤ ਦੀ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਸਨ, ਵਲੋਂ ਤਿਆਰ ਕੀਤੀ ਗਈ ਸੀ। ਇਹ ਵੇਖਦਿਆਂ ਹੋਇਆਂ ਕਿ ਸੁਸਤ ਕੋਸ਼ਿਸ਼ਾਂ ਦਾ ਕੋਈ ਖ਼ਾਸ ਪ੍ਰਭਾਵ ਨਹੀਂ ਪਿਆ ਅਤੇ ਸਾਡੇ ਚੋਣਾਵੀ ਸਿਸਟਮ ਦੀ ਜਟਿਲਤਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ, ਲਾਅ ਕਮਿਸ਼ਨ ਨੂੰ ਦੇਸ਼ ਦੇ ਚੋਣਾਵੀ ਸਿਸਟਮ ਦੀ ਗੰਭੀਰਤਾ ਭਰੀ ਪੜਚੋਲ ਕਰਨ ਅਤੇ ਇਹ ਸੁਝਾਅ ਦੇਣ ਲਈ ਬੇਨਤੀ ਕੀਤੀ ਗਈ ਤਾਂ ਜੋ ਚੋਣਾਵੀ ਪ੍ਰਣਾਲੀ ਨੂੰ ਸਮਾਜ ਦੀਆਂ ਲੋੜਾਂ ਦੇ ਹਾਣ ਦੀ ਬਣਾਇਆ ਜਾ ਸਕੇ। ਕਮਿਸ਼ਨ ਵਲੋਂ ਬਹੁਤ ਵਿਸਥਾਰ ਪੂਰਬਕ ਠੀਕ ਇਸੇ ਤਰ੍ਹਾਂ ਹੀ ਕੀਤਾ ਗਿਆ ਜਿਸ ਵਲੋਂ ਵਿਸਥਾਰ ਵਿਚ ਦਲੀਲਾਂ ਅਤੇ ਸਫਾਈ ਦੇਣ ਤੋਂ ਪਹਿਲਾਂ ਸਾਰੇ ਚੋਣ ਪ੍ਰਣਾਲੀ ਦੇ ਅੰਗਾਂ ਨੂੰ ਡੂੰਘਾਈ ਨਾਲ ਵਾਚਿਆ ਗਿਆ। ਇਨ੍ਹਾਂ ਸਿਫ਼ਾਰਸ਼ਾਂ ਦੇ ਲਾਗੂ ਹੋਣ ਨਾਲ ਵੀ ਕੋਈ ਬਹੁਤਾ ਫ਼ਰਕ ਨਹੀਂ ਪਿਆ।

ਇਸ ਤੋਂ ਬਾਅਦ ਨੈਸ਼ਨਲ ਕਮਿਸ਼ਨ ਟੂ ਰਿਵੀਊ ਦਾ ਵਰਕਿੰਗ ਆਫ਼ ਦਾ ਕੰਸਟੀਚਿਊਸ਼ਨ, ਜਿਸ ਦੀ ਪ੍ਰਧਾਨਗੀ ਭਾਰਤ ਦੇ ਸਾਬਕਾ ਚੀਫ਼ ਜਸਟਿਸ, ਜਸਟਿਸ ਐੱਮ ਐੱਨ ਵੈਂਕਟਾਚਲਈਆ ਸਨ, ਦਾ ਗਠਨ ਭਾਰਤ ਸਰਕਾਰ ਵਲੋਂ 23 ਫ਼ਰਵਰੀ, 2000 ਨੂੰ ਕੀਤਾ ਗਿਆ। ਇਸ ਦੇ ਸਤਿਕਾਰਯੋਗ ਮੈਂਬਰਾਂ ਵਿਚ ਜਸਟਿਸ ਆਰ ਐੱਸ ਸਰਕਾਰੀਆ (ਸਾਬਕ ਜੱਜ, ਸੁਪਰੀਮ ਕੋਰਟ), ਸ੍ਰੀ ਪੀ ਏ ਸੰਗਮਾ (ਸਾਬਕ ਸਪੀਕਰ, ਲੋਕ ਸਭਾ), ਸ੍ਰੀ ਸੋਲੀ ਜੇ. ਸੋਰਾਬਜੀ (ਭਾਰਤ ਦੇ ਅਟਾਰਨੀ ਜਨਰਲ), ਸ੍ਰੀ ਕੇ. ਪਰਸਾਰਨ (ਸੀਨੀਅਰ ਐਡਵੋਕੇਟ ਅਤੇ ਭਾਰਤ ਦੇ ਸਾਬਕਾ ਅਟਾਰਨੀ ਜਨਰਲ), ਸ੍ਰੀ ਸੀ ਆਰ ਇਰਾਨੀ (ਮੁੱਖ ਸੰਪਾਦਕ ਅਤੇ ਮੈਨੇਜਿੰਗ ਡਾਇਰੈਕਟਰ, ਦਿ ਸਟੇਟਸਮੈਨ) ਅਤੇ ਡਾ. ਆਬਿਦ ਹੁਸੈਨ (ਅਮਰੀਕਾ ਵਿਚ ਭਾਰਤ ਦੇ ਸਾਬਕਾ ਰਾਜਦੂਤ) ਜੇਹੇ ਸਿਰਕੱਢ ਵਿਅਕਤੀ ਸਨ।

ਐੱਨ ਸੀ ਆਰ ਡਬਲਯੂ ਸੀ ਵਲੋਂ 31 ਮਾਰਚ, 2002 ਨੂੰ ਆਪਣੀ ਰਿਪੋਰਟ ਪੇਸ਼ ਕੀਤੀ ਗਈ। ਰਿਪੋਰਟ ਵਿਚ ਇਕ ਵੱਖਰਾ ਅਧਿਆਇ (ਅਧਿਆਇ-4) ਸੀ ਜਿਸ ਦਾ ਸਿਰਲੇਖ ਸੀ 'ਚੋਣਾਵੀ ਪ੍ਰਕਿਰਿਆ ਅਤੇ ਰਾਜਨੀਤਕ ਪਾਰਟੀਆਂ'। ਇਸ ਵਿਚ 38 ਸਿਫ਼ਾਰਸ਼ਾਂ ਕੀਤੀਆਂ ਗਈਆਂ ਸਨ। ਬਦਕਿਸਮਤੀ ਨੂੰ, ਇਨ੍ਹਾਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਕੁੱਝ ਖ਼ਾਸ ਨਹੀਂ ਕੀਤਾ ਗਿਆ। ਭਾਰਤ ਦਾ ਚੋਣ ਕਮਿਸ਼ਨ ਸਮੇਂ-ਸਮੇਂ ਚੋਣਾਵੀ ਪ੍ਰਣਾਲੀ ਵਿਚ ਵੱਖ-ਵੱਖ ਸੁਧਾਰਾਂ ਬਾਰੇ ਭਾਰਤ ਸਰਕਾਰ ਨੂੰ ਸਿਫ਼ਾਰਸ਼ਾਂ ਕਰਦਾ ਆਇਆ ਹੈ ਕਿ ਚੋਣ ਆਯੋਗ ਆਪਣੇ ਆਪ ਇਹ ਸੁਧਾਰ ਲਾਗੂ ਨਹੀਂ ਕਰ ਸਕਦਾ ਸਗੋਂ ਇਸ ਵਾਸਤੇ 1961 ਦੇ ਕੰਡਕਟ ਆਫ਼ ਇਲੈਕਸ਼ਨ ਰੂਲਜ਼, 1951 ਦੇ ਲੋਕ ਪ੍ਰਤਿਨਿਧਤਾ ਕਾਨੂੰਨ ਅਤੇ ਅਜਿਹੇ ਹੋਰ ਨਿਯਮਾਂ ਅਤੇ ਪ੍ਰਾਵਧਾਨਾਂ ਵਿਚ ਬਦਲਾਅ ਕਰਨਾ ਪਵੇਗਾ। ਭਾਵੇਂ ਕਿ ਸਰਕਾਰ ਨੇ ਸਮੇਂ-ਸਮੇਂ ਇਨ੍ਹਾਂ ਵਿਚ ਕੁੱਝ ਬਦਲਾਅ ਕੀਤੇ ਹਨ ਪਰ ਪ੍ਰਮੁੱਖ ਬਦਲਾਵਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਗਿਆ ਹੈ। ਚੋਣ ਕਮਿਸ਼ਨ ਵਲੋਂ ਅਜਿਹੀਆਂ ਨਜ਼ਰਅੰਦਾਜ਼ ਕੀਤੀਆਂ 22 ਸਿਫ਼ਾਰਸ਼ਾਂ ਦਾ ਸੰਗ੍ਰਹਿ ਕੀਤਾ ਗਿਆ ਅਤੇ ਉਸ ਸਮੇਂ ਦੇ ਮੁੱਖ ਚੋਣ ਕਮਿਸ਼ਨਰ ਵਲੋਂ 5 ਜੁਲਾਈ 2004 ਇਨ੍ਹਾਂ ਸਿਫ਼ਾਰਸ਼ਾਂ ਨੂੰ ਬਿਆਨਦਾ ਪੱਤਰ ਲਿਖਿਆ। ਇਹ ਸਿਫ਼ਾਰਸ਼ਾਂ 30 ਜੁਲਾਈ 2004 ਨੂੰ ਪ੍ਰਕਾਸ਼ਿਤ ਕੀਤੀਆਂ ਗਈਆਂ ਤਾਂ ਜੋ ਇਹ ਜਨਤਕ ਕੀਤੀਆਂ ਜਾ ਸਕਣ।

ਫਿਰ, 2008 ਵਿਚ ਦੂਸਰੇ ਐਡਮਨਿਸ-ਟ੍ਰੇਟਿਵ ਰਿਫਾਰਮਜ਼ ਟ੍ਰਿਬਿਊਨਲ ਦੀ ਰਿਪੋਰਟ ਆਈ ਜਿਸ ਵਿਚ ਚੋਣਾਵੀ ਪ੍ਰਣਾਲੀ ਸੰਬੰਧੀ ਕੁੱਝ ਪ੍ਰਮੁੱਖ ਟਿੱਪਣੀਆਂ ਕੀਤੀਆਂ ਗਈਆਂ ਸਨ ਅਤੇ ਚੋਣ ਸੁਧਾਰਾਂ ਲਈ ਕੁੱਝ ਗੰਭੀਰ ਸੁਝਾਅ ਦਿਤੇ ਗਏ ਸਨ। ਪਰ ਇਨ੍ਹਾਂ ਸਿਫ਼ਾਰਸ਼ਾਂ ਨੂੰ ਵੀ

ਸਰਕਾਰ ਵਲੋਂ ਲਾਗੂ ਨਹੀਂ ਕੀਤਾ ਗਿਆ।

ਅਖੀਰ ਨੂੰ, 9 ਦਸੰਬਰ, 2010 ਨੂੰ, ਉਸ ਵੇਲੇ ਦੇ ਕਾਨੂੰਨ ਮੰਤਰੀ ਐੱਮ ਵੀਰੱਪਾ ਮੋਇਲੀ ਅਤੇ ਮੁੱਖ ਚੋਣ ਕਮਿਸ਼ਨਰ ਐੱਸ ਵਾਈ ਕੁਰੈਸ਼ੀ ਵਲੋਂ ਇਕ ਸਾਂਝੀ ਪ੍ਰੈੱਸ ਕਾਨਫਰੰਸ ਵਿਚ ਐਲਾਨ ਕੀਤਾ ਗਿਆ ਕਿ 7 ਰਾਜ ਪੱਧਰੀ ਅਤੇ 1 ਰਾਸ਼ਟਰੀ ਵਿਚਾਰ ਚਰਚਾਵਾਂ ਕੀਤੀਆਂ ਜਾਣਗੀਆ ਤਾਂ ਕਿ ਚੋਣ ਸੁਧਾਰਾਂ ਬਾਰੇ ਰਾਸ਼ਟਰੀ ਸਹਿਮਤੀ ਬਣ ਸਕੇ, ਜਿਸ ਉਪਰੰਤ ਚੋਣ ਸੁਧਾਰਾਂ ਬਾਰੇ ਵਿਆਪਕ ਨਵਾਂ ਵਿਧਾਨ ਬਣਾਇਆ ਜਾਵੇਗਾ। ਭਾਰਤ ਦੇ ਚੋਣ ਕਮਿਸ਼ਨ ਦੇ ਸਹਿਯੋਗ ਨਾਲ 2011 ਵਿਚ 7 ਖੇਤਰੀ ਵਿਚਾਰ ਚਰਚਾਵਾਂ ਆਯੋਜਿਤ ਕੀਤੀਆਂ ਗਈਆਂ। ਅਜਿਹੀ ਆਖ਼ਰੀ ਚਰਚਾ 5 ਜੂਨ, 2011 ਨੂੰ ਗੁਹਾਟੀ ਵਿਚ ਆਯੋਜਿਤ ਕੀਤੀ ਗਈ। ਜਿਸ ਤੋਂ ਬਾਅਦ ਰਾਸ਼ਟਰੀ ਪੱਧਰ 'ਤੇ ਚਰਚਾ ਹੋਣੀ ਸੀ ਜਿਸ ਵਾਸਤੇ ਕਦੇ ਵੀ ਸਮਾਂ ਨਹੀਂ ਕੱਢਿਆ ਗਿਆ। ਇਹ ਵੀ ਰਿਪੋਰਟਾਂ ਆਈਆਂ ਕਿ ਚੋਣ ਸੁਧਾਰਾਂ ਬਾਰੇ ਇਕ ਡ੍ਰਾਫਟ ਬਿੱਲ ਤਿਆਰ ਕੀਤਾ ਗਿਆ ਹੈ ਜੋ ਕਾਨੂੰਨ ਮੰਤਰੀ ਵਲੋਂ ਪ੍ਰਧਾਨ ਮੰਤਰੀ ਨਾਲ ਇਕ ਤੋਂ ਵੱਧ ਵਾਰ ਵਿਚਾਰਿਆ ਗਿਆ ਹੈ। ਫਿਰ ਕਾਨੂੰਨ ਮੰਤਰੀ ਬਦਲਦੇ ਰਹੇ, ਹੁਣ ਸਰਕਾਰ ਹੀ ਬਦਲ ਗਈ ਹੈ। ਇਸ ਲਗਾਤਾਰ ਚੱਲਣ ਵਾਲੇ ਧਾਰਾਵਾਹਕ ਦੀ ਕਥਾ ਵਿਚ ਹਾਲੀਆ ਕੜੀ ਉਸ ਵੇਲੇ ਦੇ ਸੇਵਾਮੁਕਤ ਹੋਣ ਜਾ ਰਹੇ ਮੁੱਖ ਚੋਣ ਕਮਿਸ਼ਨਰ ਡਾ. ਐੱਸ ਵਾਈ ਕੁਰੈਸ਼ੀ ਵਲੋਂ 13 ਅਪ੍ਰੈਲ, 2012 ਨੂੰ, 10 ਜੂਨ, 2012 ਨੂੰ ਸੇਵਾ ਮੁਕਤ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੂੰ ਲਿਖਿਆ ਪੱਤਰ ਸੀ। ਡਾ. ਕੁਰੈਸ਼ੀ ਉਸ ਸਮੇਂ ਦੇ ਕਾਨੂੰਨ ਮੰਤਰੀ, ਵੀਰੱਪਾ ਮੋਇਲੀ ਨਾਲ ਹੋਣ ਵਾਲੀ ਵਿਸਥਾਰਤ ਵਿਚਾਰ ਚਰਚਾ ਵਿਚ ਨਿੱਜੀ ਤੌਰ ਤੇ ਸ਼ਾਮਿਲ ਸਨ। ਉਸ ਪੱਤਰ ਦੇ ਕੁੱਝ ਅੰਸ਼ ਹੇਠਾਂ ਦਿਤੇ ਜਾ ਰਹੇ ਹਨ, ਜੋ ਦੇਸ਼ ਵਿਚ ਚੋਣਾਵੀ ਪ੍ਰਣਾਲੀ ਵਿਚ ਸੁਧਾਰ ਕਰਨ ਪ੍ਰਤਿ ਉਨ੍ਹਾਂ ਦੀ ਹਤਾਸ਼ਾ ਨੂੰ ਦਰਸਾਉਂਦੇ ਹਨ :

"ਇਸ ਕਰਕੇ ਸ੍ਰੀਮਾਨ ਜੀ, ਮੈਨੂੰ ਆਪ ਦੇ ਸਾਹਮਣੇ ਕਮਿਸ਼ਨ ਦੀ ਨਾਖ਼ੁਸ਼ੀ ਪ੍ਰਗਟ ਕਰਨ ਦੀ ਆਗਿਆ ਦਿਉ ਕਿ ਇਸ ਮਾਮਲੇ ਵਿਚ ਜ਼ਰੂਰੀ ਕਾਨੂੰਨ ਪਾਸ ਕੀਤਾ ਜਾਣਾ ਹਾਲੇ ਵੀ ਬਾਕੀ ਹੈ ... "ਫਿਰ ਵੀ, ਸਾਡੀਆਂ ਚੋਣਾਂ ਦੀ ਪੱਧਰ ਚੋਣਾਵੀ ਪ੍ਰਕਿਰਿਆਵਾਂ ਦੀ ਕਮਜ਼ੋਰੀ ਕਰਕੇ ਅਕਸਰ ਸਵਾਲਾਂ ਦੇ ਘੇਰੇ ਵਿਚ ਆ ਜਾਂਦੀ ਹੈ। ਕਮਿਸ਼ਨ ਦੇ ਸੁਧਾਰ ਸੰਬੰਧੀ ਪ੍ਰਸਤਾਵਾਂ ਦਾ ਮੰਤਵ ਹਮੇਸ਼ਾ ਇਸ ਦੁਰਦਸ਼ਾ ਨੂੰ ਠੀਕ ਕਰਨ ਵੱਲ ਸੇਧਿਤ ਹੁੰਦੇ ਹਨ। ਹਾਲਾਂਕਿ ਕੁੱਝ ਛੋਟੇ-ਮੋਟੇ ਸੁਧਾਰ ਸਰਕਾਰ ਅਤੇ ਸੰਸਦ ਦੁਆਰਾ ਅਪਣਾ ਲਏ ਗਏ ਹਨ, ਵੱਡੀ ਪੱਧਰ 'ਤੇ ਇਨ੍ਹਾਂ ਨੂੰ ਬਾਹਰ ਰੱਖਿਆ ਗਿਆ ਹੈ ...।"

"ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹਾਂਗਾ ਕਿ ਕੁੱਝ ਪ੍ਰਸਤਾਵ, ਜੋ ਤਕਨੀਕੀ ਕਿਸਮ ਦੇ ਹਨ ਅਤੇ ਜੋ ਕਾਨੂੰਨ ਮੰਤਰਾਲਾ ਦੇ ਦਾਇਰੇ ਅੰਦਰ ਹੀ ਕੁੱਝ ਨਿਯਮਾਂ ਦੀ ਸੋਧ ਮੰਗਦੇ ਹਨ, ਉਹ ਵੀ ਲੰਮੇ ਸਮੇਂ ਤੋਂ ਲਮਕੇ ਪਏ ਹਨ।"

ਉਪਰੋਕਤ ਪਿਛਲੇ 47 ਵਰ੍ਹਿਆਂ ਤੋਂ 1967 ਤੋਂ, ਦੇਸ਼ ਵਿਚ ਚੋਣਾਵੀ ਸੁਧਾਰਾਂ ਦੇ ਇਤਿਹਾਸ 'ਤੇ ਇਕ ਝਾਤ ਹੈ। ਆਓ ਵੇਖੀਏ ਕਿ ਹੁਣ ਅਸੀਂ ਕਿਥੇ ਖੜ੍ਹੇ ਹਾਂ, ਕੀ ਕੁਝ ਹੋ ਗਿਆ ਹੈ ਅਤੇ ਕੀ ਕੁਝ ਕੀਤਾ ਜਾਣਾ ਚਾਹੀਦਾ ਹੈ।

## ਵਰਤਮਾਨ ਸਥਿਤੀ

ਜਿਥੋਂ ਤਕ ਚੋਣ ਸੁਧਾਰਾਂ ਦਾ ਸੰਬੰਧ ਹੈ, 2013 ਦਾ ਵਰ੍ਹਾ ਬਹੁਤ ਮਹੱਤਵਪੂਰਨ ਰਿਹਾ। ਕਾਫ਼ੀ ਸਾਰੀਆਂ ਘਟਨਾਵਾਂ ਵਾਪਰੀਆਂ, ਹਾਂ ਪੱਖੀ ਦਿਸਣ ਵਾਲੀਆਂ, ਜੋ ਨਿਆਂਇਕ ਅਤੇ ਅਰਧ–ਨਿਆਂਇਕ ਸੰਸਥਾਵਾਂ ਤੋਂ ਸ਼ੁਰੂ ਹੋਈਆਂ। ਇਹ 3 ਜੂਨ, 2013 ਤੋਂ ਸ਼ੁਰੂ ਹੋਈਆਂ ਜਦੋਂ ਕੇਂਦਰ ਸੂਚਨਾ ਕਮਿਸ਼ਨ ਨੇ ਸੂਚਨਾ ਦੇ ਅਧਿਕਾਰ (ਆਰ ਟੀ ਆਈ) ਤਹਿਤ ਛੇ ਰਾਜਸੀ ਪਾਰਟੀਆਂ ਨੂੰ ਜਨਤਕ ਅਥਾਰਿਟੀ ਐਲਾਨ ਦਿਤਾ ਅਤੇ ਉਨ੍ਹਾਂ ਨੂੰ ਫ਼ੈਸਲੇ ਦੇ ਛੇ ਹਫ਼ਤਿਆਂ ਦੇ ਅੰਦਰ ਸੂਚਨਾ ਅਧਿਕਾਰੀ ਨਿਯੁਕਤ ਕਰਨ ਦਾ ਹੁਕਮ ਕੀਤਾ। ਇਹ ਫ਼ੈਸਲਾ ਹੋਏ ਨੂੰ ਇਕ ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ ਪਰ ਰਾਜਨੀਤਕ ਪਾਰਟੀਆਂ ਵਲੋਂ ਇਸ ਫ਼ੈਸਲੇ ਨੂੰ ਲਾਗੂ ਨਹੀਂ ਕੀਤਾ ਗਿਆ। ਸੂਚਨਾ ਦੇ ਅਧਿਕਾਰ ਬਾਰੇ ਕਾਨੂੰਨ ਵਿਚ ਬਦਲਾਅ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਤਾਂ ਕਿ ਇਸ ਫ਼ੈਸਲੇ ਨੂੰ ਅਪ੍ਰਭਾਵੀ ਬਣਾਇਆ ਜਾ ਸਕੇ ਪਰ ਇਹ ਵੀ ਹਾਲੇ ਤਕ ਸਫਲ ਨਹੀਂ ਹੋ ਸਕਿਆ ਅਤੇ ਰੇੜਕਾ ਬਰਕਰਾਰ ਹੈ।

ਅਗਲਾ ਘਟਨਾਕ੍ਰਮ ਸੁਪਰੀਮ ਕੋਰਟ ਦਾ ਇਕ ਹੁਕਮ ਹੈ ਜਿਸ ਨੂੰ ਲਿਲੀ ਥਾਮਸ ਅਤੇ ਲੋਕ ਪ੍ਰਹਰੀ ਫ਼ੈਸਲੇ ਵਜੋਂ ਜਾਣਿਆ ਜਾਂਦਾ ਹੈ। ਇਸ ਵਿਚ ਕੋਰਟ ਨੇ ਫ਼ੈਸਲਾ ਦਿਤਾ ਸੀ ਕਿ ਜੇ ਕਿਸੇ ਮੌਜੂਦਾ ਐੱਮ ਪੀ ਜਾਂ ਐੱਮ ਐੱਲ ਏ ਨੂੰ ਕਿਸੇ ਅਪਰਾਧਿਕ ਮਾਮਲੇ ਵਿਚ ਹੇਠਲੀ ਅਦਾਲਤ ਵਲੋਂ 2 ਜਾਂ ਦੋ ਤੋਂ ਵੱਧ ਵਰ੍ਹਿਆਂ ਦੀ ਸਜ਼ਾ ਸੁਣਾਈ ਜਾਂਦੀ ਹੈ ਤਾਂ ਉਸ ਦੀ ਮੈਂਬਰੀ ਖ਼ਤਰਾ ਸਮਝੀ ਜਾਵੇਗੀ, ਭਾਵੇਂ ਉਸ ਵਲੋਂ ਕਿਸੇ ਉੱਚ ਅਦਾਲਤ ਵਿਚ ਇਸ ਫ਼ੈਸਲੇ ਖ਼ਿਲਾਫ਼ ਅਪੀਲ ਵੀ ਪਾਈ ਗਈ ਹੋਵੇ। ਕੋਰਟ ਨੇ ਅਜਿਹਾ 10 ਜੁਲਾਈ, 2013 ਨੂੰ ਲੋਕ ਪ੍ਰਤਿਨਿਧਤਾ ਐਕਟ ਦੀ ਧਾਰਾ 8 (4) ਨੂੰ ਗ਼ੈਰ-ਸੰਵਿਧਾਨਕ ਕਰਾਰ ਦੇ ਕੇ ਕੀਤਾ। ਇਸ ਹੁਕਮ ਨੂੰ ਰੱਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਲੋਕ ਪ੍ਰਤਿਨਿਧਤਾ ਐਕਟ ਵਿਚ ਸੋਧ ਕਰਨ ਲਈ ਇਕ ਆਰਡੀਨੈਂਸ ਜਾਰੀ ਕਰਕੇ, ਪਰ ਇਹ ਕੋਸ਼ਿਸ਼ਾਂ ਸਫਲ ਨਹੀਂ ਹੋਈਆਂ ਅਤੇ ਫ਼ੈਸਲਾ ਬਰਕਰਾਰ ਹੈ। ਇਸ ਦੇ ਨਤੀਜੇ ਵਜੋਂ ਤਿੰਨ ਪਾਰਲੀਮੈਂਟ ਮੈਂਬਰਾਂ ਨੂੰ ਆਪਣੀ ਸੀਟ ਤੋਂ ਹੱਥ ਧੋਣੇ ਪਏ।

***ਅਗਲਾ ਮਹੱਤਵਪੂਰਨ ਫ਼ੈਸਲਾ ਵੀ ਸੁਪਰੀਮ ਕੋਰਟ ਵਲੋਂ 13 ਸਤੰਬਰ, 2013 ਨੂੰ ਆਇਆ ਜਦੋਂ ਰਿਸਰਜੈਂਸ ਇੰਡੀਆ ਨਾਮ ਦੀ ਸਿਵਲ ਸੋਸਾਇਟੀ ਸੰਸਥਾ ਵਲੋਂ ਦਾਇਰ ਲੋਕਹਿਤ ਪਟੀਸ਼ਨ 'ਤੇ ਫ਼ੈਸਲਾ ਸੁਣਾਉਂਦਿਆਂ ਆਦੇਸ਼ ਦਿਤਾ ਕਿ ਜੇ ਕੋਈ ਉਮੀਦਵਾਰ ਐਫੀਡੈਵਿਟ ਦਾ ਕੋਈ ਖ਼ਾਨਾ ਖਾਲੀ ਛੱਡਦਾ ਹੈ, ਜੋ ਉਨ੍ਹਾਂ ਨੂੰ ਨਾਮਜ਼ਦਗੀ ਪਰਚੇ ਨਾਲ ਨੱਥੀ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਰਿਟਰਨਿੰਗ ਅਫ਼ਸਰ ਉਸ ਦੀ ਨਾਮਜ਼ਦਗੀ ਰੱਦ ਕਰ ਸਕਦਾ ਹੈ। ਇਹ ਇਸ ਫ਼ੈਸਲੇ ਦਾ ਹੀ ਅਸਰ ਸੀ ਕਿ 2014 ਦੀਆਂ ਲੋਕ ਸਭਾ ਚੋਣਾਂ ਮੌਕੇ ਕਈ ਪ੍ਰਮੁੱਖ ਰਾਜਨੀਤਕਾਂ ਵਲੋਂ ਐਫੀਡੈਵਿਟ ਵਿਚ ਕਈ ਜਾਣਕਾਰੀਆਂ ਦਿਤੀਆਂ ਗਈਆਂ ਜੋ ਪਹਿਲੇ ਹੋਈਆਂ ਚੋਣਾਂ ਮੌਕੇ ਖਾਲੀ ਛੱਡ ਦਿਤੇ ਜਾਂਦੇ ਸਨ।***

ਇਕ ਹੋਰ ਮਹੱਤਵਪੂਰਨ ਫ਼ੈਸਲਾ 27 ਸਤੰਬਰ,

*ਬਾਕੀ ਸਫ਼ਾ 9 ਉੱਤੇ*

# ਪਿਛਲੇ ਸਾਲਾਂ ਦੌਰਾਨ ਹੋਏ ਚੋਣ ਸੁਧਾਰ

✍ ਐੱਸ ਵਾਈ ਕੁਰੈਸ਼ੀ

ਪਿਛਲੇ ਸਾਲਾਂ ਦੌਰਾਨ ਹੋਏ ਚੋਣ ਸੁਧਾਰਾਂ ਨਾਲ ਭਾਰਤ ਵਿਚ ਚੋਣ ਪ੍ਰਕਿਰਿਆ ਮਜ਼ਬੂਤ ਹੁੰਦੀ ਗਈ। ਫਿਰ ਵੀ, ਕੁੱਝ ਖੇਤਰ ਅਜਿਹੇ ਹਨ ਜਿਨ੍ਹਾਂ ਉਪਰ ਹੋਰ ਧਿਆਨ ਦੇਣ ਦੀ ਲੋੜ ਹੈ। ਨਵੀਆਂ ਚੁਨੌਤੀਆਂ ਅਤੇ ਬਦਲ ਰਹੇ ਹਾਲਾਤ ਨੂੰ ਦੇਖਦੇ ਹੋਏ ਚੋਣ ਕਾਨੂੰਨ ਵਿਚ ਬਹੁਤ ਸੋਧਾਂ ਕੀਤੀਆਂ ਗਈਆਂ ਹਨ। ਚੋਣਾਂ ਨੂੰ ਨਵਾਂ ਮੋੜ ਦੇਣ ਵਾਲੀਆਂ ਤਬਦੀਲੀਆਂ ਸਨ – 1989 ਵਿਚ ਵੋਟ ਦੇਣ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਨਾ, ਰਾਜ ਸਭਾ ਚੋਣਾਂ ਲਈ ਖੁੱਲ੍ਹੀ ਵੋਟ ਪ੍ਰਣਾਲੀ ਅਤੇ 2003 ਵਿਚ ਹਥਿਆਰਬੰਦ ਫੌਜਾਂ ਅਤੇ ਅਰਧ-ਹਥਿਆਰਬੰਦ ਫੌਜਾਂ ਲਈ ਪਰੌਕਸੀ ਵੋਟ ਦੀ ਸਹੂਲਤ।

***ਹਾਲ ਹੀ ਵਿਚ, 2011 ਵਿਚ ਕੀਤੀ ਇਕ ਸੋਧ ਅਨੁਸਾਰ ਪਰਵਾਸੀ ਭਾਰਤੀਆਂ ਨੂੰ ਵੀ ਵੋਟਰ ਸੂਚੀ ਵਿਚ ਸ਼ਾਮਿਲ ਕਰਨ ਦੀ ਵਿਵਸਥਾ ਕੀਤੀ ਗਈ ਹੈ। ਕਮਿਸ਼ਨ ਨੂੰ ਈ ਵੀ ਐੱਮ (ਇਲੈਕਟ੍ਰਾਨਿਕ ਵੋਟਿੰਗ ਮਸ਼ੀਨ) ਦੀ ਵਰਤੋਂ ਦੀ ਖੁੱਲ੍ਹ ਮਿਲਣ ਨਾਲ ਅਤੇ ਚੋਣਾਂ ਕਰਵਾਉਣ ਲਈ ਲਗਾਏ ਪੁਲਿਸ ਅਧਿਕਾਰੀਆਂ ਸਮੇਤ ਦੂਸਰੇ ਅਧਿਕਾਰੀਆਂ ਉੱਪਰ ਜ਼ਾਬਤਾ ਕਾਰਵਾਈ ਕਰਨ ਦਾ ਅਧਿਕਾਰ ਦੇਣ ਨਾਲ ਚੋਣ ਕਮਿਸ਼ਨ ਹੋਰ ਮਜ਼ਬੂਤ ਹੋਇਆ ਹੈ। ਛਪੀਆਂ ਹੋਈਆਂ ਵੋਟਰ ਪਰਚੀਆਂ ਦੀ ਥਾਂ ਹੁਣ ਕੰਪਿਊਟਰ ਰਾਹੀਂ ਛਪੀ ਫੋਟੋ ਵਾਲੀ ਵੋਟਰ ਪਰਚੀ ਨੇ ਲੈ ਲਈ ਹੈ। ਵੋਟਰ ਦਾ ਫੋਟੋ ਪਛਾਣ ਪੱਤਰ ਹੁਣ ਸਭ ਨਾਗਰਿਕਾਂ ਦੀ ਚਾਹਤ ਦਾ ਪੱਤਰ ਬਣ ਗਿਆ ਹੈ।***

## ਕਾਨੂੰਨੀ ਮਦਦ

ਕਚਹਿਰੀਆਂ ਨੇ ਕਾਨੂੰਨ ਦੀ ਸਕਾਰਾਤਮਕ ਪਰਿਭਾਸ਼ਾ ਦੇ ਕੇ ਵੀ ਕਮਿਸ਼ਨ ਦੇ ਹੱਥ ਮਜ਼ਬੂਤ ਕੀਤੇ ਹਨ। ਪਹਿਲਾ ਮੀਲ ਦਾ ਪੱਥਰ ਫ਼ੈਸਲਾ 1952 ਵਿਚ ਹੀ ਆ ਗਿਆ ਸੀ (ਐੱਨ ਪੀ ਪੋਨੂਸਵਾਮੀ ਬਨਾਮ ਰੀਟਰਨਿੰਗ ਅਫ਼ਸਰ, ਨਾਮਾਕੱਲ) ਜਿਸ ਵਿਚ ਸੁਪਰੀਮ ਕੋਰਟ ਨੇ ਫ਼ੈਸਲਾ ਦਿਤਾ ਕਿ ਚੋਣਾਂ ਉਪਰ ਸਵਾਲ ਉਠਾਉਣ ਖ਼ਿਲਾਫ਼ ਲੱਗੀ ਸੰਵਿਧਾਨਕ ਰੋਕ (ਧਾਰਾ 329 ਬੀ), ਸਿਵਾਇ ਚੋਣ ਅਰਜ਼ੀਆਂ ਦੇ, ਚੋਣ ਪ੍ਰਕਿਰਿਆ ਖਤਮ ਹੋਣ ਤਕ ਲੱਗੀ ਰਹੇਗੀ। ਉੱਚ ਅਦਾਲਤ ਨੇ 1978 ਵਿਚ ਮਹਿੰਦਰ ਸਿੰਘ ਗਿੱਲ ਬਨਾਮ ਮੁੱਖ ਚੋਣ ਕਮਿਸ਼ਨਰ ਅਤੇ ਹੋਰਨਾਂ ਖ਼ਿਲਾਫ਼ ਸੁਣਵਾਈ ਵਿਚ ਹੋਰ ਵਿਆਖਿਆ ਕੀਤੀ ਕਿ ਕਮਿਸ਼ਨ ਅਤੇ ਉਸ ਦੇ ਅਧਿਕਾਰੀਆਂ ਵਲੋਂ ਚੋਣਾਂ ਲਈ ਉਠਾਏ ਕਦਮਾਂ ਖ਼ਿਲਾਫ਼ ਚੁਨੌਤੀਆਂ ਵਿਰੁੱਧ ਲਗਾਈ ਰੋਕ, ਇਕ ਸਮੁੱਚੀ ਰੋਕ ਹੈ।

1995 ਵਿਚ, ਕਾਮਨ ਕਾਜ਼ ਵਲੋਂ ਭਾਰਤ ਸਰਕਾਰ ਅਤੇ ਹੋਰਨਾਂ ਵਿਰੁੱਧ ਮਾਮਲੇ ਵਿਚ ਅਦਾਲਤ ਨੇ ਫ਼ੈਸਲਾ ਦਿਤਾ ਕਿ ਰਾਜਨੀਤਕ ਦਲਾਂ ਨੂੰ ਆਪਣੀ ਆਮਦਨ ਕਰ ਦੀ ਰੀਟਰਨ ਵੀ ਫ਼ਾਈਲ ਕਰਨੀ ਪਵੇਗੀ। ਇਕ ਹੋਰ ਮਹੱਤਵਪੂਰਨ ਫ਼ੈਸਲੇ ਵਿਚ ਸੁਪਰੀਮ ਕੋਰਟ ਨੇ 2003 ਵਿਚ ਨਿਰਦੇਸ਼ ਦਿਤਾ ਕਿ ਚੋਣਕਾਰਾਂ ਨੂੰ ਆਪਣੇ ਨੁਮਾਇੰਦਿਆਂ ਬਾਰੇ ਜਾਣਕਾਰੀ ਹਾਸਲ ਕਰਨ ਦਾ ਅਧਿਕਾਰ ਹੈ। ਹੁਣ ਉਨ੍ਹਾਂ ਵਲੋਂ ਆਪਣੇ ਜੁਰਮਾਂ ਦਾ ਲੇਖਾ-ਜੋਖਾ, ਆਪਣੀ ਜਾਇਦਾਦ, ਦੇਣ-ਲੈਣ ਅਤੇ ਸਿੱਖਿਆ ਬਾਰੇ ਹਲਫ਼ਨਾਮਾ ਦੇਣਾ ਪੈਂਦਾ ਹੈ।

## ਚੋਣ ਕਮਿਸ਼ਨ ਵਲੋਂ ਚੁੱਕੇ ਗਏ ਨਵੇਂ ਕਦਮ

ਕਈ ਸੁਧਾਰ ਚੋਣ ਕਮਿਸ਼ਨ ਨੇ ਆਪਣੇ ਆਪ ਕੀਤੇ ਹਨ। ਮਾਡਲ ਕੋਡ ਆਫ਼ ਕੰਡਕਟ, ਜਿਸ ਦੀ ਸ਼ੁਰੂਆਤ ਰਾਜਨੀਤਕ ਦਲਾਂ ਵਲੋਂ ਕੀਤੀ ਗਈ ਸੀ, ਕਮਿਸ਼ਨ ਵਲੋਂ ਇਕ ਦਿਸ਼ਾ ਨਿਰਦੇਸ਼ ਦੇ ਤੌਰ ਤੇ ਜਾਰੀ ਕੀਤਾ ਗਿਆ ਅਤੇ 1990 ਦੇ ਦਹਾਕੇ ਤੋਂ ਉਸ ਦੀ ਸਖ਼ਤੀ ਨਾਲ ਪਾਲਣਾ ਹੋਈ। ਚੋਣ ਕਾਨੂੰਨ ਵਿਚ ਰਾਜਨੀਤਕ ਦਲਾਂ ਦੀ ਰਜਿਸਟਰੇਸ਼ਨ, ਉਨ੍ਹਾਂ ਨੂੰ ਮਾਨਤਾ ਅਤੇ ਚੋਣ ਚਿੰਨ੍ਹ ਦੇਣ ਦੀ ਕੋਈ ਵਿਵਸਥਾ ਨਹੀਂ ਸੀ ਪਰ ਚੋਣ ਕਮਿਸ਼ਨ ਨੇ ਆਪਣੇ ਤੌਰ ਤੇ ਹੀ 1951-52 ਵਿਚ ਪਹਿਲੀਆਂ ਆਮ ਚੋਣਾਂ ਤੋਂ ਪਹਿਲਾਂ ਹੀ ਰਾਜਨੀਤਕ ਦਲਾਂ ਨੂੰ ਮਾਨਤਾ ਦੇਣ ਅਤੇ ਚੋਣ ਚਿੰਨ੍ਹ ਦੇਣ ਦੀ ਵਿਵਸਥਾ ਸ਼ੁਰੂ ਕੀਤੀ। ਬਾਅਦ ਵਿਚ, 1968 ਵਿਚ ਚੋਣ ਚਿੰਨ੍ਹ (ਰਾਖਵਾਂਕਰਨ ਅਤੇ ਵੰਡ) ਹੁਕਮ ਜਾਰੀ ਕਰਕੇ, ਹਦਾਇਤਾਂ ਦੀ ਇਕ ਸਮੁੱਚੀ ਸੂਚੀ ਜਾਰੀ ਕੀਤੀ। 1970ਵਿਆਂ ਦੇ ਅੰਤ ਵਿਚ, ਚੋਣ ਕਮਿਸ਼ਨ ਨੇ ਵੋਟਿੰਗ ਮਸ਼ੀਨਾਂ ਰਾਹੀਂ ਚੋਣਾਂ ਕਰਵਾਉਣ ਦੀ ਸੰਭਾਵਨਾ ਖੋਜਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਅਤੇ ਹੁਣ 2000 ਤੋਂ ਬਾਅਦ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਸਭ ਚੋਣਾਂ ਵੋਟਿੰਗ ਮਸ਼ੀਨਾਂ ਦੀ ਵਰਤੋਂ ਨਾਲ ਕਰਵਾਈਆਂ ਜਾ ਰਹੀਆਂ ਹਨ।

1990 ਦੇ ਦਹਾਕੇ ਦੇ ਅੰਤ ਤਕ, ਕਮਿਸ਼ਨ ਨੇ ਸਭ ਚੋਣ ਹਲਕਿਆਂ ਵਿਚ ਵੋਟਰਾਂ ਦੀਆਂ ਸੂਚੀਆਂ ਕੰਪਿਊਟਰੀਕ੍ਰਿਤ ਕਰ ਦਿਤੀਆਂ ਸਨ। ਵੋਟਰ ਸੂਚੀਆਂ ਨੂੰ ਹੋਰ ਸਹੀ ਕਰਨ ਲਈ, ਕਮਿਸ਼ਨ ਨੇ ਦੇਸ਼ ਦੇ ਹਰ ਚੋਣ ਕੇਂਦਰ ਲਈ ਬੂਥ ਪੱਧਰ ਦੇ ਅਫ਼ਸਰ (ਬੀ ਐੱਲ ਓ) ਦੀ ਨਿਯੁਕਤੀ ਸ਼ੁਰੂ ਕੀਤੀ ਹੈ। ਇਸ ਮਹਾਂ ਅਭਿਆਨ ਵਿਚ, ਰਾਜਨੀਤਕ ਦਲਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਲਈ ਹਰ ਮਾਨਤਾ ਪ੍ਰਾਪਤ ਦਲ, ਬੂਥ ਪੱਧਰ ਦੇ ਅਫ਼ਸਰ ਨੂੰ ਗ਼ੈਰ ਪੱਖਪਾਤੀ ਹੋਣ ਉਪਰ ਨਜ਼ਰ ਰੱਖਣ ਲਈ ਆਪਣਾ ਇਕ ਬੂਥ ਪੱਧਰੀ

ਏਜੰਟ ਨਿਯੁਕਤ ਕਰ ਸਕਦਾ ਹੈ।

1993 ਵਿਚ, ਕਮਿਸ਼ਨ ਨੇ ਜਾਅਲੀ ਵੋਟਾਂ ਦੇ ਚਲਣ ਨੂੰ ਰੋਕਣ ਲਈ, ਸਭ ਵੋਟਰਾਂ ਨੂੰ ਫੋਟੋ ਪਛਾਣ ਪੱਤਰ ਜਾਰੀ ਕਰਨੇ ਸ਼ੁਰੂ ਕੀਤੇ। 1990 ਦੇ ਦਹਾਕੇ ਤੋਂ ਕਮਿਸ਼ਨ ਨੇ ਚੋਣਾਂ ਦੀ ਪ੍ਰਕਿਰਿਆ ਦੀ ਨਿਗਰਾਨੀ ਕਰਨ ਲਈ ਕੇਂਦਰੀ ਨਿਰੀਖਕ ਨਿਯੁਕਤ ਕਰਨ, ਕੇਂਦਰੀ ਪੁਲਿਸ ਬਲਾਂ ਦੀ ਨਿਯੁਕਤੀ, ਵੀਡੀਓਗ੍ਰਾਫ਼ੀ ਅਤੇ ਸੰਵੇਦਨਸ਼ੀਲ ਵੋਟ ਕੇਂਦਰਾਂ ਲਈ ਸੂਖਮ ਨਿਰੀਖਿਅਕ ਦੀ ਨਿਯੁਕਤੀ ਨਾਲ ਚੋਣਾਂ ਦੀ ਨਿਗਰਾਨੀ ਬਹੁਤ ਅਸਰਦਾਰ ਤਰੀਕੇ ਕੀਤੀ ਹੈ।

## ਨਵੀਆਂ ਚਿੰਤਾਵਾਂ

ਹਾਲੇ ਵੀ ਅਜਿਹੇ ਕਈ ਖੇਤਰ ਹਨ ਜਿਥੇ ਆਮ ਲੋਕ, ਸਿਵਲ ਸੋਸਾਇਟੀ ਸੰਸਥਾਨ, ਗ਼ੈਰ ਸਰਕਾਰੀ ਸੰਗਠਨ, ਸਮਾਜਿਕ ਕਾਰਜਕਰਤਾ ਅਤੇ ਰਾਜਨੀਤਕ ਦਲ ਚਿੰਤਾ ਜ਼ਾਹਿਰ ਕਰਦੇ ਹਨ। ਮੋਟੇ ਤੌਰ ਤੇ ਤਿੰਨ ਕਿਸਮ ਦੇ ਸੁਧਾਰ ਸੁਝਾਏ ਗਏ ਹਨ – (ੳ) ਇਕ ਉਹ ਜੋ ਚੋਣ ਕਮਿਸ਼ਨ ਦੀ ਆਜ਼ਾਦੀ ਨੂੰ ਹੋਰ ਮਜ਼ਬੂਤ ਕਰਨ, (ਅ) ਉਹ ਸੁਧਾਰ ਜੋ ਰਾਜਨੀਤੀ ਨੂੰ ਸਾਫ਼-ਸੁਥਰੀ ਬਣਾਉਣ ਅਤੇ (ੲ) ਉਹ ਸੁਧਾਰ ਜੋ ਰਾਜਨੀਤਕ ਦਲਾਂ ਦੇ ਕੰਮਕਾਜ ਵਿਚ ਪਾਰਦਰਸ਼ਤਾ ਲਿਆਉਣ।

## (ੳ) ਭਾਰਤ ਦੇ ਚੋਣ ਕਮਿਸ਼ਨ ਦੀ ਆਜ਼ਾਦੀ ਨੂੰ ਹੋਰ ਮਜ਼ਬੂਤ ਕਰਨਾ

*ਮੁੱਖ ਚੋਣ ਕਮਿਸ਼ਨ ਅਤੇ ਚੋਣ ਕਮਿਸ਼ਨਰ, ਮੰਤਰੀ ਮੰਡਲ ਦੀ ਸਲਾਹ ਨਾਲ ਰਾਸ਼ਟਰਪਤੀ ਵਲੋਂ ਨਿਯੁਕਤ ਕੀਤੇ ਜਾਂਦੇ ਹਨ।* ਇਹ ਤੱਥ ਕਿ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਸਰਕਾਰ ਵਲੋਂ ਕੀਤੀ ਜਾਂਦੀ ਹੈ, ਉਨ੍ਹਾਂ ਦੇ ਗ਼ੈਰ ਪੱਖਪਾਤੀ ਹੋ ਸਕਣ ਬਾਰੇ ਆਪਣੇ ਆਪ ਵਿਚ ਸੰਦੇਹ ਦਾ ਕਾਰਨ ਹੈ। ਇਨ੍ਹਾਂ ਬਹੁਤ ਮਹੱਤਵਪੂਰਨ ਅਹੁਦਿਆਂ ਉਪਰ ਨਿਯੁਕਤੀ ਇਕ ਚੋਣ ਕਮੇਟੀ ਨਾਲ ਵਧੇਰੇ ਵਿਚਾਰ-ਵਟਾਂਦਰੇ ਬਾਅਦ ਹੋਣੀ ਚਾਹੀਦੀ ਹੈ। ਪਰ ਇਹ ਸਿਰਫ਼ ਉਸ ਵੇਲੇ ਹੋਣਾ ਚਾਹੀਦਾ ਹੈ ਜਦੋਂ ਕਿਸੇ ਨਵੇਂ ਚੋਣ ਕਮਿਸ਼ਨਰ ਦੀ ਨਿਯੁਕਤੀ ਕਰਨੀ ਹੋਵੇ। ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ, ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਵਾਂਗ ਪਦ ਵਿਚ ਪਹਿਲ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ। ਨਵੇਂ ਕਮਿਸ਼ਨਰ ਦੀ ਨਿਯੁਕਤੀ ਲਈ ਚੋਣ ਕਮੇਟੀ ਦੇ ਮੈਂਬਰ ਵਜੋਂ ਨੌਕਰੀ ਦੀ ਮਿਆਦ ਪੂਰੀ ਹੋਣ 'ਤੇ ਕਮਿਸ਼ਨ ਛੱਡਣ ਵਾਲੇ ਮੁੱਖ ਚੋਣ ਅਧਿਕਾਰੀ ਨੂੰ ਲੈਣਾ ਲਾਭਦਾਇਕ ਹੋਵੇਗਾ। ਜਿਥੇ ਮੁੱਖ ਚੋਣ ਅਧਿਕਾਰੀ ਨੂੰ ਸੰਸਦੀ ਪ੍ਰਕਿਰਿਆ ਤੋਂ ਬਿਨਾਂ ਹਟਾਇਆ ਨਹੀਂ ਜਾ ਸਕਦਾ ਉਥੇ ਅਜਿਹੀ ਸੁਰੱਖਿਆ ਦੂਸਰੇ ਚੋਣ ਕਮਿਸ਼ਨਰਾਂ ਲਈ ਵੀ ਹੋਣੀ ਚਾਹੀਦੀ ਹੈ।

## (ਅ)ਰਾਜਨੀਤੀ ਨੂੰ ਸਾਫ਼-ਸੁਥਰੀ ਬਣਾਉਣਾ : ਰਾਜਨੀਤੀ ਦਾ ਅਪਰਾਧੀਕਰਨ

ਰਾਜਨੀਤੀ ਅਪਰਾਧ ਯੁਕਤ ਹੋਣ ਤੋਂ ਚਿੰਤਤ, ਚੋਣ ਕਮਿਸ਼ਨਰ ਨੇ 1988 ਵਿਚ ਸਰਕਾਰ ਨੂੰ ਇਕ ਪ੍ਰਸਤਾਵ ਭੇਜਿਆ ਕਿ ਖ਼ਤਰਨਾਕ ਕਿਸਮ ਦੇ ਅਪਰਾਧਾਂ ਲਈ ਜਾਂਚ ਹੋ ਰਹੇ ਵਿਅਕਤੀਆਂ ਨੂੰ ਚੋਣਾਂ ਲੜਨ ਉਪਰ ਰੋਕ ਲਗਾਈ ਜਾਵੇ। ਕਈ ਰਾਜਨੀਤਕ ਦਲਾਂ ਨੇ ਇਸ ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਵਿਰੋਧੀਆਂ ਵਲੋਂ ਅਜਿਹੇ ਵਿਅਕਤੀਆਂ ਵਿਰੁੱਧ ਝੂਠੇ ਮਾਮਲੇ ਵੀ ਬਣਾਏ ਜਾ ਸਕਦੇ ਹਨ। ਸੱਤਾਧਾਰੀ ਦਲ ਵੀ ਇਸ ਦੀ ਵਰਤੋਂ ਕਰਕੇ ਇਸ ਰਾਹੀਂ ਆਪਣੇ ਵਿਰੋਧੀਆਂ ਨੂੰ ਚੋਣ ਜਿੱਤਣ ਤੋਂ ਵਾਂਝੇ ਕਰ ਸਕਦੇ ਹਨ। ਇਹ ਚਿੰਤਾ ਕਾਫ਼ੀ ਨਿੱਗਰ ਲਗਦੀ ਹੈ। ਪਰ ਚੋਣ ਕਮਿਸ਼ਨ ਨੇ ਇਸ ਤੋਂ ਬਚਾਅ ਦੇ ਤਿੰਨ ਤਰੀਕੇ ਸੁਝਾਏ – (1) ਸਭ ਜ਼ਰਾਇਮ ਮਾਮਲਿਆਂ ਦੀ ਸੂਰਤ ਵਿਚ ਰੋਕ ਨਹੀਂ ਲੱਗੇਗੀ ਸਗੋਂ ਚੋਣ ਲੜਨ 'ਤੇ ਰੋਕ ਸਿਰਫ਼ ਬਹੁਤ ਖ਼ਤਰਨਾਕ ਜੁਰਮਾਂ, ਜਿਵੇਂ ਕਿ ਕਤਲ, ਡਾਕਾ, ਔਰਤਾਂ ਦੀ ਇੱਜ਼ਤ ਲੁੱਟਣ, ਜ਼ਬਰਦਸਤੀ ਫੜ ਲੈਣ ਜਾਂ ਇਖਲਾਕੀ ਗਿਰਾਵਟ ਦੀ ਸੂਰਤ ਵਿਚ ਹੀ ਲੱਗੇਗੀ, (2) ਮਾਮਲੇ ਚੋਣਾਂ ਤੋਂ ਘੱਟੋ-ਘੱਟ 6 ਮਹੀਨੇ ਪਹਿਲਾਂ ਦਰਜ ਹੋਏ ਹੋਣ ਅਤੇ (3) ਅਦਾਲਤਾਂ ਵਲੋਂ ਚਾਰਜ ਸ਼ੀਟ ਕੀਤੇ ਜਾ ਚੁੱਕੇ ਹੋਣ। ਵਧੇਰੇ ਜਨਤਕ ਭਲਾਈ ਨੂੰ ਦੇਖਦੇ ਹੋਏ, ਅਜਿਹੇ ਵਿਅਕਤੀਆਂ ਨੂੰ ਚੋਣਾਂ ਤੋਂ ਦੂਰ ਰਖਣਾ ਇਕ ਢੁਕਵੀਂ ਰੋਕ ਹੋਵੇਗੀ। ਇਸ ਪ੍ਰਸਤਾਵ ਦੇ ਵਿਰੋਧੀਆਂ ਦਾ ਤਰਕ ਹੈ ਕਿ ਦੇਸ਼ ਵਿਚ ਲਾਗੂ ਕਾਨੂੰਨ ਅਨੁਸਾਰ ਉਸ ਵੇਲੇ ਤਕ ਕੋਈ ਵੀ ਵਿਅਕਤੀ ਭੋਲਾਭਾਲਾ ਗਿਣਿਆ ਜਾਂਦਾ ਹੈ ਜਦੋਂ ਤਕ ਉਸ ਦਾ ਜੁਰਮ ਸਾਬਤ ਨਹੀਂ ਹੋ ਜਾਂਦਾ।

ਮੇਰਾ ਇਕ ਪਲਟਵਾਂ ਨੁਕਤਾ ਹੈ ਕਿ ਜੇਲ੍ਹਾਂ ਵਿਚ ਬੰਦ ਦੋ-ਤਿਹਾਈ ਵਿਅਕਤੀਆਂ ਦੇ ਮੁਕੱਦਮੇ ਚਲ ਰਹੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਅਜੇ ਸਜ਼ਾ ਨਹੀਂ ਹੋਈ ਹੁੰਦੀ, ਇਸ ਲਈ ਉਹ ਭੋਲੇਭਾਲੇ ਹਨ। ਪਰ ਫਿਰ ਵੀ ਉਨ੍ਹਾਂ ਨੂੰ ਉਨ੍ਹਾਂ ਦੀ ਆਜ਼ਾਦੀ, ਤੁਰਨ-ਫਿਰਨ ਦੀ ਖੁੱਲ੍ਹ, ਕੋਈ ਕਿੱਤਾ ਕਰਨ ਦੀ ਖੁੱਲ੍ਹ ਅਤੇ ਇੱਜ਼ਤ ਦੀ ਜ਼ਿੰਦਗੀ ਜਿਉਣ ਦੇ ਬੁਨਿਆਦੀ ਅਧਿਕਾਰ ਤੋਂ ਵਾਂਝਿਆ ਕਰ ਦਿਤਾ ਜਾਂਦਾ ਹੈ।

***ਜੇ ਕਿਸੇ ਵਿਅਕਤੀ ਦੇ, ਜਿਸ ਦੇ ਖ਼ਿਲਾਫ਼ ਮੁਕੱਦਮਾ ਚਲ ਰਿਹਾ ਹੋਵੇ, ਬੁਨਿਆਦੀ ਅਧਿਕਾਰਾਂ ਨੂੰ ਤਾਕ 'ਤੇ ਰੱਖ ਦਿਤਾ ਜਾ ਸਕਦਾ ਹੈ ਤਾਂ ਆਰਜ਼ੀ ਤੌਰ ਤੇ ਚੋਣਾਂ ਲੜਨ ਦੇ ਅਧਿਕਾਰ ਉਪਰ ਰੋਕ ਲਈ ਇੰਨਾ ਹੱਲਾ ਕਿਉਂ ਜੋ ਸਿਰਫ਼ ਇਕ ਸੰਵਿਧਾਨਕ ਅਧਿਕਾਰ ਹੈ। ਇਹ ਬਹੁਤ ਨਿਰਾਸ਼ਾਜਨਕ ਹੈ ਕਿ ਸਰਕਾਰ ਅਤੇ ਸੰਸਦ ਅਜਿਹੇ ਮਹੱਤਵਪੂਰਨ ਮੁੱਦੇ ਤੋਂ ਆਪਣੇ ਹੱਥ ਪਿਛੇ ਖਿੱਚ ਰਹੇ ਹਨ ਜਿਸ ਨਾਲ ਸਾਡੀ ਚੋਣ ਪ੍ਰਕਿਰਿਆ ਵਿਚ ਸਵੱਛਤਾ ਆ ਸਕਦੀ ਹੈ ਅਤੇ ਸਾਡੇ ਸੰਸਦ ਦੇ ਦੋਹਾਂ ਸਦਨਾਂ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ 'ਤੇ ਲੱਗਣ ਵਾਲੇ ਧੱਬੇ ਨੂੰ ਧੋਇਆ ਜਾ ਸਕਦਾ ਹੈ। ਇਹ ਸੁਧਾਰ ਰਾਜ ਨੇਤਾਵਾਂ ਨੂੰ ਕਿਰਿਆਸ਼ੀਲ ਵਿਅਕਤੀਆਂ ਦੇ ਉਨ੍ਹਾਂ ਹਮਲਿਆਂ ਦੀ ਮਾਰ ਤੋਂ ਦੂਰ ਰਖੇਗਾ ਜੋ ਆਮ ਤੌਰ ਤੇ ਉਨ੍ਹਾਂ ਨੂੰ ਭੰਡਦਾ ਦਰਸਾਉਂਦੇ ਹਨ।***

## (ੲ) ਰਾਜਨੀਤਕ ਦਲਾਂ ਦੇ ਕੰਮਕਾਜ ਵਿਚ ਪਾਰਦਰਸ਼ਤਾ ਲਿਆਉਣਾ

*ਰਾਜਨੀਤਕ ਦਲਾਂ ਨੂੰ ਰਜਿਸਟਰੇਸ਼ਨ ਕਰਨ ਅਤੇ ਉਨ੍ਹਾਂ ਦੀ ਰਜਿਸਟਰੇਸ਼ਨ ਖਤਮ ਕਰਨ ਦਾ ਮੁੱਦਾ :* ਸੰਵਿਧਾਨਕ ਵਿਵਸਥਾ ਤਹਿਤ, ਰਾਜਨੀਤਕ ਦਲਾਂ ਨੂੰ ਚੋਣ ਕਮਿਸ਼ਨ ਨਾਲ ਲੋਕ ਨੁਮਾਇੰਦਗੀ ਕਾਨੂੰਨ 1951 ਅਨੁਸਾਰ ਰਜਿਸਟ੍ਰੇਸ਼ਨ ਕਰਵਾਉਣੀ ਪੈਂਦੀ ਹੈ। ਧਾਰਾ 29 ਏ ਤਹਿਤ ਰਜਿਸਟ੍ਰੇਸ਼ਨ ਲਈ ਇਕ ਸੰਵਿਧਾਨਕ ਲੋੜ ਅਨੁਸਾਰ ਰਾਜਨੀਤਕ ਦਲਾਂ ਨੂੰ ਇਕ ਜ਼ਾਮਨੀ ਦੇਣੀ ਪੈਂਦੀ ਹੈ ਕਿ

ਸੰਵਿਧਾਨ ਪ੍ਰਤਿ ਵਫ਼ਾਦਾਰੀ ਅਤੇ ਸਮਾਜਵਾਦ, ਧਰਮ ਨਿਰਪੇਖਤਾ ਅਤੇ ਲੋਕਤੰਤਰ ਦੇ ਅਸੂਲਾਂ ਪ੍ਰਤਿ ਵਚਨਬੱਧਤਾ ਅਤੇ ਭਾਰਤ ਦੀ ਏਕਤਾ, ਅਖੰਡਤਾ ਅਤੇ ਆਜ਼ਾਦੀ ਨੂੰ ਬਣਾ ਕੇ ਰਖਣ ਪ੍ਰਤਿ ਵਚਨਬੱਧ ਰਹਿਣਗੇ। ਭਾਵੇਂ ਰਾਜਨੀਤਕ ਦਲਾਂ ਵਲੋਂ ਰਜਿਸਟ੍ਰੇਸ਼ਨ ਸਮੇਂ ਸੰਵਿਧਾਨਕ ਵਿਵਸਥਾਵਾਂ ਅਤੇ ਲੋਕਤੰਤਰਿਕ ਅਸੂਲਾਂ ਆਦਿ ਲਈ ਵਚਨਬੱਧ ਹੋਣਾ ਪੈਂਦਾ ਹੈ ਪਰ ਅਜਿਹੀ ਵਚਨਬੱਧਤਾ ਤੋੜਨ ਦੀ ਸੂਰਤ ਵਿਚ ਕਮਿਸ਼ਨ ਕੋਲ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਜਾਂ ਉਨ੍ਹਾਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਦੀ ਕੋਈ ਵਿਵਸਥਾ ਨਹੀਂ ਹੈ।

ਕਮਿਸ਼ਨ ਨੇ ਉਸ ਨੂੰ ਰਾਜਨੀਤਕ ਦਲਾਂ ਦੀ ਰਜਿਸਟ੍ਰੇਸ਼ਨ ਖਤਮ ਕਰਨ ਦੀ ਸ਼ਕਤੀ ਦੇਣ ਲਈ ਚੋਣ ਕਾਨੂੰਨ ਵਿਚ ਇਕ ਸੋਧ ਦਾ ਸੁਝਾਅ ਦਿਤਾ ਹੈ।

### ਅੰਦਰੂਨੀ ਪਾਰਟੀ ਲੋਕਤੰਤਰ

ਰਾਜਨੀਤਕ ਦਲ ਦੀ ਰਜਿਸਟ੍ਰੇਸ਼ਨ ਲਈ ਆਪਣੇ ਫ਼ੈਸਲੇ ਕਰਨ ਦੀ ਪ੍ਰਕਿਰਿਆ ਵੱਲ ਵਚਨਬੱਧਤਾ ਅਤੇ ਪਾਰਟੀਆਂ ਦੀਆਂ ਵੱਖ-ਵੱਖ ਕਮੇਟੀਆਂ ਅਤੇ ਅਹੁਦਿਆਂ ਲਈ ਲੋਕਤੰਤਰਿਕ ਚੋਣਾਂ ਮਿਥੇ ਸਮੇਂ ਅਨੁਸਾਰ ਸਮਾਂਬੱਧ ਤਰੀਕੇ ਹੋਣ ਦੀ ਵਚਨਬੱਧਤਾ ਪਹਿਲੀਆਂ ਸ਼ਰਤਾਂ ਵਿਚੋਂ ਇਕ ਹੈ। ਪਰ ਚੋਣ ਕਮਿਸ਼ਨ ਉਨ੍ਹਾਂ ਦੀ ਅੰਦਰੂਨੀ ਚੋਣ ਪ੍ਰਕਿਰਿਆ ਦੀ ਦੇਖਰੇਖ ਨਹੀਂ ਕਰਦਾ।

### ਰਾਜਨੀਤਕ ਦਲਾਂ ਦੇ ਹਿਸਾਬ-ਕਿਤਾਬ ਵਿਚ ਪਾਰਦਰਸ਼ਿਤਾ

ਸਮਕਾਲੀ ਕਾਨੂੰਨ ਅਨੁਸਾਰ ਚੋਣਕਾਰਾਂ ਦੇ ਖਰਚੇ ਦੀ ਸੀਮਾ ਉੱਪਰ ਬੰਦਸ਼ ਲੱਗੀ ਹੋਈ ਹੈ ਪਰ ਰਾਜਨੀਤਕ ਦਲਾਂ ਦੇ ਖਰਚੇ ਉਪਰ ਨਹੀਂ। ਨਾ ਹੀ ਫ਼ੰਡ ਪ੍ਰਾਪਤ ਕਰਨ ਅਤੇ ਉਨ੍ਹਾਂ ਦੇ ਖਰਚੇ ਬਾਰੇ ਕੋਈ ਕਾਇਦਾ ਕਾਨੂੰਨ ਹੈ ਅਤੇ ਨਾ ਹੀ ਉਨ੍ਹਾਂ ਨੂੰ ਲੋਕਾਂ ਦੀ ਘੋਖ ਲਈ ਜਨਤਕ ਡੋਮੇਨ ਉਪਰ ਪਾਇਆ ਜਾਂਦਾ ਹੈ। ਪਾਰਦਰਸ਼ਿਤਾ ਲਿਆਉਣ ਲਈ ਚੋਣ ਕਮਿਸ਼ਨ ਨੇ ਸੁਝਾਅ ਦਿਤਾ ਹੈ ਕਿ ਰਾਜਨੀਤਕ ਦਲਾਂ ਦਾ ਹਿਸਾਬ-ਕਿਤਾਬ ਚੋਣ ਕਮਿਸ਼ਨ ਵਲੋਂ ਮਨਜ਼ੂਰਸ਼ੁਦਾ ਸੂਚੀ ਵਿਚੋਂ ਚਾਰਟਰਡ ਅਕਾਊਂਟੈਂਟਾਂ ਵਲੋਂ ਆਡਿਟ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਇਸ ਆਡਿਟ ਹੋਏ ਲੇਖੇਜੋਖੇ ਨੂੰ ਜਨਤਕ ਡੋਮੇਨ ਉਪਰ ਵੀ ਪਾਉਣਾ ਚਾਹੀਦਾ ਹੈ।

### ਨਾਮਨਜ਼ੂਰ ਕਰਨ ਦਾ ਅਧਿਕਾਰ

ਹਾਲ ਹੀ ਵਿਚ, ਸਮਾਜਿਕ ਕ੍ਰਿਆਸ਼ੀਲ ਵਿਅਕਤੀਆਂ ਵਲੋਂ ਪ੍ਰਸਤਾਵ ਕੀਤਾ ਗਿਆ ਹੈ ਕਿ ਵੋਟਰਾਂ ਨੂੰ ਜੇਕਰ ਉਹ ਕਿਸੇ ਚੋਣਕਾਰ ਨੂੰ ਵੀ ਕਾਬਲ ਨਾ ਸਮਝਦੇ ਹੋਣ ਤਾਂ ਸਭ ਨੂੰ ਨਾ ਮਨਜ਼ੂਰ ਕਰਨ ਦਾ ਅਧਿਕਾਰ ਦਿਤਾ ਜਾਣਾ ਚਾਹੀਦਾ ਹੈ ਜੋ 'ਨੋਟਾ' ਦੀ ਸਹੂਲਤ ਨਾਲ (ਉਪਰ ਲਿਖਿਆਂ ਵਿਚੋਂ ਕੋਈ ਨਹੀਂ) ਹੋਣਾ ਚਾਹੀਦਾ ਹੈ। 2013 ਵਿਚ ਸੁਪਰੀਮ ਕੋਰਟ ਨੇ ਇਸ ਸਹੂਲਤ ਨੂੰ ਮਨਜ਼ੂਰੀ ਦੇ ਦਿਤੀ ਪਰ ਨਾਮਨਜ਼ੂਰ ਕਰਨ ਦਾ ਅਧਿਕਾਰ ਨਹੀਂ ਦਿਤਾ।

### ਉੱਪਰਲਿਆਂ ਵਿਚੋਂ ਕੋਈ ਨਹੀਂ (ਨੋਟਾ) ਵਿਕਲਪ

ਨਾਮਨਜ਼ੂਰ ਕਰਨ ਦੇ ਅਧਿਕਾਰ ਨੂੰ ਈ.ਵੀ.ਐੱਮ. ਉਪਰ ਇਕ ਬਟਨ, ਉਪਰ ਦਿਤੀਆਂ ਵਿਚੋਂ ਕੋਈ ਨਹੀਂ, (ਨੋਟਾ) ਵਿਕਲਪ ਰੱਖ ਕੇ ਪੂਰਾ ਕਰਨਾ ਹੁੰਦਾ ਹੈ।

ਇਹ ਜਾਨਣਾ ਬਹੁਤ ਮਹੱਤਵਪੂਰਨ ਹੈ ਕਿ ਨੋਟਾ, ਨਾਮਨਜ਼ੂਰ ਕਰਨ ਦੇ ਅਧਿਕਾਰ ਦੀ ਪ੍ਰੋੜਤਾ ਨਹੀਂ ਹੈ। ਬੇਸ਼ਕ 99 ਵੋਟਰ ਨੋਟਾ ਵਿਕਲਪ ਚੁਣਨ ਅਤੇ ਸਿਰਫ਼ ਇਕ ਵੋਟਰ ਕਿਸੇ ਉਮੀਦਵਾਰ ਨੂੰ ਵੋਟ ਦੇਵੇ ਤਾਂ ਚੋਣ ਕਮਿਸ਼ਨ ਲਈ ਉਹ ਉਮੀਦਵਾਰ ਜਿੱਤਿਆ ਹੋਇਆ ਹੋਵੇਗਾ। 99 ਵੋਟਾਂ ਖਾਲੀ ਜਾਂ ਅਣਉੱਚਿਤ ਵੋਟਾਂ ਹਨ। ਚੋਣ ਕਮਿਸ਼ਨ ਦਾ ਸੁਝਾਅ, ਨੋਟਾ ਵਿਕਲਪ ਨੂੰ ਗੈਰ ਪੱਖਪਾਤੀ ਵੋਟ ਜਾਂ ਨਾ ਵੋਟ ਦੇਣ ਨੂੰ ਗੁਪਤ ਰਖਣ ਲਈ ਦਿਤਾ ਗਿਆ ਸੀ।

### ਵਾਪਸ ਬੁਲਾਉਣ ਦਾ ਅਧਿਕਾਰ

ਅੰਨਾ ਹਜ਼ਾਰੇ ਜਿਹੇ ਕ੍ਰਿਆਸ਼ੀਲ ਵਿਅਕਤੀਆਂ ਵਲੋਂ ਇਕ ਹੋਰ ਚੋਣ ਸੁਧਾਰ, ਵਾਪਸ ਬੁਲਾਉਣ ਦੇ ਅਧਿਕਾਰ ਦੀ ਮੰਗ ਵੀ ਉੱਠੀ। ਨਤੀਜੇ ਵਜੋਂ, ਵੋਟਰਾਂ ਵਲੋਂ ਵਾਪਸ ਬੁਲਾਉਣ ਦਾ ਅਧਿਕਾਰ ਇਕ ਅਜਿਹਾ ਮਕੈਨਿਜ਼ਮ ਹੈ ਜੋ ਵੋਟਰਾਂ ਵਲੋਂ ਵਾਪਸ ਬੁਲਾਉਣ ਦੀ ਪ੍ਰਕਿਰਿਆ ਪੂਰੀ ਕਰਨ ਉਪਰੰਤ ਕਿਸੇ ਵੀ ਸੰਸਦ ਮੈਂਬਰ ਜਾਂ ਵਿਧਾਨ ਸਭਾ ਦੇ ਮੈਂਬਰ ਦੀ ਚੋਣ ਖਾਰਜ ਕਰਨ ਦਾ ਅਧਿਕਾਰ ਹੈ। ਪਰ ਇਸ ਵਿਚ ਬਹੁਤ ਵੱਡਾ ਖ਼ਤਰਾ ਇਸ ਗੱਲ ਦਾ ਹੈ ਕਿ ਨਾਕਾਮਯਾਬ ਉਮੀਦਵਾਰ ਆਪਣੀ ਹਾਰ ਦੇ ਤੁਰੰਤ ਬਾਅਦ ਇਸ ਸਾਧਨ ਦੀ ਵਰਤੋਂ ਕਰ ਸਕਦਾ ਹੈ। ਅਜਿਹੇ ਹਾਲਾਤ ਵਿਚ, ਚੁਣੇ ਹੋਏ ਉਮੀਦਵਾਰਾਂ ਨੂੰ ਠੀਕ ਤਰ੍ਹਾਂ, ਆਪਣਾ ਕੰਮਕਾਜ ਸੰਭਾਲਣ ਦਾ ਮੌਕਾ ਵੀ ਨਹੀਂ ਮਿਲੇਗਾ।

***ਇਕ ਹੋਰ ਚੋਣ ਸੁਧਾਰ ਖ਼ਾਸ ਤੌਰ ਤੇ ਸ਼ਹਿਰੀ ਖੇਤਰਾਂ ਵਿਚ ਪੁਰਾਣੇ ਵੋਟਰ ਦੀ ਬੇਪਰਵਾਹੀ ਦੇ ਜਵਾਬ ਵਿਚ, ਨੇ ਅਕਸਰ ਵੋਟਿੰਗ ਲਾਜ਼ਮੀ ਕਰਨ ਦੀ ਮੰਗ ਨੂੰ ਜਨਮ ਦਿਤਾ। ਮੇਰਾ ਲਗਾਤਾਰ ਇਹ ਵਿਚਾਰ ਰਿਹਾ ਹੈ ਕਿ ਦਬਾਅ ਤੇ ਲੋਕਤੰਤਰ ਇਕੱਠੇ ਨਹੀਂ ਚਲਦੇ। ਇਸ ਲਈ, ਕਮਿਸ਼ਨ ਦਾ ਇਹ ਸੋਚਿਆ ਸਮਝਿਆ ਵਿਚਾਰ ਰਿਹਾ ਹੈ। ਵੋਟਰਾਂ ਨੂੰ ਸਿੱਖਿਆ ਨਾਲ ਉਤਸ਼ਾਹਤ ਕਰ ਕੇ ਵਧੇਰੇ ਵੋਟ ਪ੍ਰਤਿਸ਼ਤ ਹਾਸਲ ਕੀਤੀ ਜਾ ਸਕਦੀ ਹੈ ਜਿਵੇਂ ਕਿ 2010 ਤੋਂ 22 ਰਾਜਾਂ ਵਿਚ ਹੋਈਆਂ ਚੋਣਾਂ ਅਤੇ 2014 ਦੀਆਂ ਆਮ ਚੋਣਾਂ ਨੇ ਸਾਬਤ ਕਰ ਦਿਤਾ ਹੈ। ਕਈ ਰਾਜਾਂ ਵਿਚ ਤਾਂ ਵੋਟਿੰਗ 80 ਪ੍ਰਤਿਸ਼ਤ ਤੋਂ ਵਧੇਰੇ ਰਹੀ ਹੈ। ਇਨ੍ਹਾਂ ਕਦਮਾਂ ਨਾਲ ਦੇਸ਼ ਦੇ ਚੋਣ ਇਤਿਹਾਸ ਵਿਚ ਹੁਣ ਤਕ ਦੀ ਸਭ ਤੋਂ ਉੱਚੀ ਵੋਟਿੰਗ ਪ੍ਰਤਿਸ਼ਤ ਹਾਸਲ ਕੀਤੀ ਜਾ ਸਕੀ ਹੈ। ਇਸ ਨਾਲ ਮੇਰੇ ਵਿਚਾਰ ਨੂੰ, ਕਿ ਵੋਟਰਾਂ ਨੂੰ ਉਤਸ਼ਾਹਤ ਕਰਨਾ ਅਤੇ ਵਧੇਰੇ ਸਹੂਲਤਾਂ ਦੇਣਾ ਨਾ ਕਿ ਉਨ੍ਹਾਂ ਨੂੰ ਮਜਬੂਰ ਕਰਨਾ ਹੀ ਇਕ ਰਸਤਾ ਹੈ, ਨੂੰ ਭਰਵਾਂ ਹੁੰਗਾਰਾ ਮਿਲਿਆ ਹੈ।***

### ਸਭ ਤੋਂ ਪਹਿਲਾਂ ਨਿਸ਼ਾਨਾ ਪਾਰ ਕਰਨ (ਐੱਫ਼ ਪੀ ਟੀ ਪੀ) ਪ੍ਰਣਾਲੀ ਦੀ ਉਚਿਤਤਾ

ਘੱਟ ਪ੍ਰਤਿਸ਼ਤ ਵੋਟਾਂ ਪੈਣ ਨਾਲ ਚਿੰਤਾ ਦਾ ਇਕ ਹੋਰ ਵਿਸ਼ਾ ਜੋ ਉੱਭਰ ਕੇ ਸਾਹਮਣੇ ਆਇਆ ਹੈ, ਉਹ ਹੈ ਉਮੀਦਵਾਰਾਂ ਦੀ ਕੁੱਲ ਵੋਟਾਂ ਦੇ 10 ਤੋਂ 20 ਪ੍ਰਤਿਸ਼ਤ ਵੋਟ ਹਾਸਲ ਕਰ ਲੈਣ ਨਾਲ ਹੀ ਜਿੱਤ ਜਾਣਾ। ਇਸ ਨਾਲ ਵਰਤਮਾਨ ਸਭ ਤੋਂ ਪਹਿਲਾਂ ਨਿਸ਼ਾਨਾ ਪਾਰ ਕਰਨ (ਐਫ ਪੀ ਟੀ ਪੀ) ਪ੍ਰਣਾਲੀ ਉਪਰ ਕਈ ਸਵਾਲ ਉੱਠ ਖੜ੍ਹੇ ਹੋਏ ਹਨ। ਲੋਕ ਸਭਾ ਅਤੇ ਵਿਧਾਨ ਸਭਾਵਾਂ, ਜੋ

ਕਾਨੂੰਨ ਘਾੜਨੀ ਪ੍ਰਣਾਲੀ ਦੇ ਹੇਠਲੇ ਸਦਨ ਹਨ, ਲਈ ਜ਼ਮੀਨੀ ਚੋਣ ਹਲਕੇ ਦੇ ਇਕ ਮੈਂਬਰੀ ਪ੍ਰਣਾਲੀ ਅਨੁਸਾਰ, ਸਿੱਧੀਆਂ ਚੋਣਾਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਚੋਣਾਂ ਵਿਚ ਸਭ ਤੋਂ ਪਹਿਲਾਂ ਨਿਸ਼ਾਨਾ ਪਾਰ ਕਰਨ (ਐਫ਼ ਪੀ ਟੀ ਪੀ) ਪ੍ਰਣਾਲੀ ਦੀ ਵਰਤੋਂ ਕੀਤੀ ਜਾਂਦੀ ਹੈ। ਰਾਜ ਸਭਾ ਅਤੇ ਵਿਧਾਨ ਮੰਡਲਾਂ ਲਈ ਚੋਣਾਂ ਅਨੁਪਾਤੀ ਪ੍ਰਤਿਨਿਧਤਾ ਪ੍ਰਣਾਲੀ ਤਹਿਤ ਇਕੋ ਇਕ ਤਬਾਦਲਾ ਵੋਟ, ਅਨੁਸਾਰ ਕੀਤੀਆਂ ਜਾਂਦੀਆਂ ਹਨ ਤੇ ਭਾਰਤ ਵਿਚ, ਸਭ ਤੋਂ ਪਹਿਲਾਂ ਨਿਸ਼ਾਨਾ ਪਾਰ ਕਰਨ (ਐਫ ਪੀ ਟੀ ਪੀ) ਪ੍ਰਣਾਲੀ ਤਹਿਤ ਵੋਟਰ ਆਪਣੇ ਚੋਣ ਹਲਕੇ ਵਿਚੋਂ ਬਹੁਤ ਸਾਰੇ ਉਮੀਦਵਾਰਾਂ ਵਿਚੋਂ ਇਕ ਉਮੀਦਵਾਰ ਨੂੰ ਚੁਣਦੇ ਹਨ। ਉਹ ਉਮੀਦਵਾਰ ਜੋ ਚੋਣ ਲੜਨ ਵਾਲਿਆਂ ਵਿਚੋਂ ਸਭ ਤੋਂ ਵੱਧ ਵੋਟਾਂ ਹਾਸਲ ਕਰਦਾ ਹੈ, ਜੇਤੂ ਕਰਾਰ ਦਿਤਾ ਜਾਂਦਾ ਹੈ। ਜੇਤੂ ਉਮੀਦਵਾਰ ਵਲੋਂ ਪ੍ਰਾਪਤ ਵੋਟਾਂ ਦੀ ਪ੍ਰਤਿਸ਼ਤ ਦਾ ਕੋਈ ਮਹੱਤਵ ਨਹੀਂ ਹੈ। ਇਸ ਨਾਲ ਕੋਈ ਵਾਸਤਾ ਨਹੀਂ ਕਿ ਜੇਤੂ ਉਮੀਦਵਾਰ ਨੂੰ ਬਹੁਮੱਤ ਵੋਟਾਂ ਮਿਲਦੀਆਂ ਹਨ ਜਾਂ ਨਹੀਂ। ਜੇਕਰ ਦੋ ਜਾਂ ਦੋ ਤੋਂ ਵੱਧ ਉਮੀਦਵਾਰਾਂ ਨੂੰ ਇਕੋ ਜਿਹੀਆਂ ਵੋਟਾਂ ਦੀ ਗਿਣਤੀ ਹਾਸਲ ਹੋ ਜਾਵੇ ਤਾਂ ਲਾਟਰੀ ਪ੍ਰਣਾਲੀ ਰਾਹੀਂ ਜੇਤੂ ਦਾ ਫ਼ੈਸਲਾ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਨਿਸ਼ਾਨਾ ਪਾਰ ਕਰਨ (ਐਫ਼ ਪੀ ਟੀ ਪੀ) ਪ੍ਰਣਾਲੀ ਦੇ ਹੇਠ ਲਿਖੇ ਲਾਭ ਹਨ :

- ਇਹ ਵੋਟਰਾਂ ਲਈ ਸਮਝਣ ਵਿਚ ਆਸਾਨ ਹੈ।
- ਵੋਟਾਂ ਦੀ ਗਿਣਤੀ ਸਾਧਾਰਨ ਤਰੀਕੇ ਹੋ ਜਾਂਦੀ ਹੈ।
- ਜੇਤੂ ਦਾ ਤੁਰੰਤ ਪਤਾ ਲੱਗ ਜਾਂਦਾ ਹੈ।
- ਵੋਟਰ ਆਪਣੀ ਮਰਜ਼ੀ ਦਾ ਨੁਮਾਇੰਦਾ ਚੁਣ ਸਕਦੇ ਹਨ।
- ਹਰ ਚੋਣ ਖੇਤਰ ਵਿਚ ਨੁਮਾਇੰਦਗੀ ਦੀ ਪਛਾਣ ਹੁੰਦੀ ਹੈ ਜੋ ਆਪਣੇ ਵੋਟਰਾਂ ਨੂੰ ਜਵਾਬਦੇਹ ਹੁੰਦਾ ਹੈ।
- ਹਰ ਉਮੀਦਵਾਰ ਨੂੰ ਆਪਣੇ ਚੋਣ ਹਲਕੇ ਵਿਚ ਉਸ ਨੂੰ ਹੋਣ ਵਾਲੀ ਮਦਦ ਬਾਰੇ ਪਤਾ ਲੱਗ ਜਾਂਦਾ ਹੈ।
- ਇਸ ਪ੍ਰਣਾਲੀ ਨੇ, ਬਹੁਤਾ ਕਰਕੇ ਕੇਂਦਰ ਅਤੇ ਰਾਜਾਂ ਵਿਚ ਪਾਇਦਾਰ ਸਰਕਾਰਾਂ ਦਿਤੀਆਂ ਹਨ।

## ਅਨੁਪਾਤੀ ਪ੍ਰਤਿਨਿਧਤਾ ਪ੍ਰਣਾਲੀ

ਸਭ ਤੋਂ ਪਹਿਲਾਂ ਨਿਸ਼ਾਨਾ ਪਾਰ ਕਰਨ (ਐਫ਼ ਪੀ ਟੀ ਪੀ) ਪ੍ਰਣਾਲੀ ਦੇ ਵਿਰੋਧੀ ਅਨੁਪਾਤੀ ਪ੍ਰਤਿਨਿਧਤਾ ਪ੍ਰਣਾਲੀ ਸ਼ੁਰੂ ਕਰਨ ਦੀ ਵਕਾਲਤ ਕਰਦੇ ਹਨ ਭਾਵੇਂ ਕਿ ਉਨ੍ਹਾਂ ਨੇ ਇਸ ਬਾਰੇ ਵਿਸਥਾਰ ਨਾਲ ਕੋਈ ਜਾਣਕਾਰੀ ਨਹੀਂ ਦਿਤੀ ਹੈ। ਇਹ ਮੰਗ 2014 ਦੀਆਂ ਆਮ ਚੋਣਾਂ ਤੋਂ ਬਾਅਦ ਹੋਰ ਜ਼ੋਰ ਫੜ ਗਈ ਹੈ ਜਿਸ ਵਿਚ ਬੀ ਐੱਸ ਪੀ ਜਿਹੀ ਇਕ ਪਾਰਟੀ ਵਲੋਂ 20 ਪ੍ਰਤਿਸ਼ਤ ਤੋਂ ਵੱਧ ਵੋਟਾਂ ਹਾਸਲ ਕਰਨ ਦੇ ਬਾਵਜੂਦ, ਉਸ ਦਾ ਇਕ ਵੀ ਉਮੀਦਵਾਰ ਚੋਣਾਂ ਨਹੀਂ ਜਿੱਤ ਸਕਿਆ। ਇਸ ਨਾਲ ਅਨਿਯਮਤਤਾ ਵਾਲੇ ਹਾਲਾਤ ਪੈਦਾ ਹੋ ਗਏ ਹਨ।

ਅਨੁਪਾਤੀ ਪ੍ਰਤਿਨਿਧਤਾ ਪ੍ਰਣਾਲੀ ਦੀਆਂ ਕਈ ਕਿਸਮਾਂ ਹਨ। ਇਨ੍ਹਾਂ ਵਿਚੋਂ ਇਕ ਕਿਸਮ ਇਕੋ-ਇਕ ਤਬਾਦਲਾ ਵੋਟ ਹੈ ਜੋ ਰਾਜ ਸਭਾ ਅਤੇ ਵਿਧਾਨ ਮੰਡਲਾਂ ਦੀਆਂ ਚੋਣਾਂ ਲਈ ਲਾਗੂ ਕੀਤੀ ਜਾਂਦੀ ਹੈ। ਚੋਣਾਂ ਵਿਚ ਲਾਭ ਪ੍ਰਾਪਤੀ ਲਈ ਧਰਮ ਦੀ ਦੁਰਵਰਤੋਂ ਵੀ ਇਕ ਹੋਰ ਚਿੰਤਾ ਦਾ ਵਿਸ਼ਾ ਹੈ।

1994 ਵਿਚ ਲੋਕ ਸਭਾ ਵਿਚ ਇਕ ਹੋਰ ਬਿਲ ਪੇਸ਼ ਕੀਤਾ ਗਿਆ ਲੋਕ ਨੁਮਾਇੰਦਗੀ (ਦੂਜਾ ਸੋਧ ਬਿਲ 1994) ਜਿਸ ਅਨੁਸਾਰ ਰਾਜਨੀਤਕ ਦਲਾਂ ਵਲੋਂ ਧਰਮ ਦੀ ਦੁਰਵਰਤੋਂ ਉਪਰ ਹਾਈ ਕੋਰਟ ਵਿਚ ਸਵਾਲ ਉਠਾਉਣ ਦਾ ਪ੍ਰਸਤਾਵ ਕੀਤਾ ਗਿਆ। ਇਹ ਬਿਲ 1996 ਵਿਚ ਲੋਕ ਸਭਾ ਦੀ ਮਿਆਦ ਪੁੱਗਣ 'ਤੇ ਡਿਗ ਗਿਆ। ਕਮਿਸ਼ਨ ਨੇ ਸੁਝਾਅ ਦਿਤਾ ਹੈ ਕਿ ਇਸ ਬਿਲ ਦੀ ਵਿਵਸਥਾ ਉਪਰ ਮੁੜ ਤੋਂ ਨਜ਼ਰਸਾਨੀ ਕੀਤੀ ਜਾਵੇ ਕਿਉਂਕਿ ਧਾਰਮਿਕ ਕੱਟੜਵਾਦ ਸਾਵੀਆਂ ਚੋਣਾਂ ਲਈ ਇਕ ਵੱਡਾ ਖ਼ਤਰਾ ਹੈ ਅਤੇ ਉਸ ਨੂੰ ਸਖਤੀ ਨਾਲ ਨਿਪਟਣ ਦੀ ਲੋੜ ਹੈ। ਘ੍ਰਿਣਾ ਭਰਪੂਰ ਭਾਸ਼ਨ ਸੰਪ੍ਰਦਾਇਕ ਤਣਾਅ ਪੈਦਾ ਕਰਦੇ ਹਨ ਅਤੇ ਉਨ੍ਹਾਂ ਨੂੰ ਵੀ ਸਖਤੀ ਨਾਲ ਨਜਿੱਠਣ ਦੀ ਲੋੜ ਹੈ।

## ਕਾਨੂੰਨ ਵਿਚ ਤਰਮੀਮ ਕਰਕੇ 'ਪੇਡ ਨਿਊਜ਼' ਨੂੰ ਚੋਣ ਅਪਰਾਧ ਬਣਾਉਣਾ

'ਪੇਡ ਨਿਊਜ਼' ਦਾ ਕੋੜ੍ਹ, ਹਾਲ ਹੀ ਦੀ ਘਟਨਾ ਹੈ। ਕਮਿਸ਼ਨ ਨੇ ਇਸ ਬਾਰੇ ਲੋਕ ਨੁਮਾਇੰਦਗੀ ਕਾਨੂੰਨ 1951 ਵਿਚ ਇਕ ਸੋਧ ਦਾ ਸੁਝਾਅ ਦਿਤਾ ਹੈ ਜਿਸ ਅਨੁਸਾਰ ਕਿਸੇ ਉਮੀਦਵਾਰ ਦੀ ਚੋਣ ਜਿੱਤਣ ਦੀ ਉਮੀਦ ਵਿਚ ਵਾਧਾ ਕਰਨ ਲਈ ਪੇਡ ਨਿਊਜ਼ ਛਾਪੀ ਜਾਵੇ ਜਾਂ ਛਪਵਾਈ ਕਰਾਉਣ ਲਈ ਉਤਸ਼ਾਹਤ ਕੀਤਾ ਜਾਵੇ ਜਾਂ ਉਸ ਦੀ ਚੋਣ ਜਿੱਤਣ ਦੀ ਆਸ ਉਪਰ ਅਸਰ ਪਾਇਆ ਜਾਵੇ ਤਾਂ ਅਜਿਹੀ ਕਾਰਵਾਈ ਲਈ ਲੋਕ ਨੁਮਾਇੰਦਗੀ ਕਾਨੂੰਨ 1951 ਦੇ ਖੰਡ-7, ਅਧਿਆਇ-3 ਅਨੁਸਾਰ ਘੱਟੋ-ਘੱਟ ਦੋ ਸਾਲ ਦੀ ਸਜ਼ਾ ਦਿਤੀ ਜਾਵੇ।

## ਚੋਣ ਅਪਰਾਧਾਂ ਲਈ ਸਜ਼ਾ ਵਧਾਉਣ ਦੀ ਵਿਵਸਥਾ

ਚੋਣਾਂ ਵਿਚ ਬੇਮਤਲਬ ਅਸਰ ਪਾਉਣਾ ਅਤੇ ਰਿਸ਼ਵਤਖੋਰੀ, ਭਾਰਤੀ ਦੰਡ ਕੋਡ ਦੀ ਧਾਰਾ 171ਬੀ ਅਤੇ 171ਸੀ ਤਹਿਤ ਚੋਣ ਅਪਰਾਧ ਹਨ। ਪਰ ਇਹ ਅਪਰਾਧ ਗ਼ੈਰ ਮੁਚਲਕਾ (ਨਾਨ ਕਾਗਨੀਜ਼ੇਬਲ) ਅਪਰਾਧ ਹਨ ਜਿਸ ਨਾਲ ਇਹ ਪ੍ਰਸਤਾਵ ਉੱਕਿਆਂ ਬੇਅਸਰ ਹੋ ਜਾਂਦੇ ਹਨ। ਧਾਰਾ 171ਜੀ ਅਨੁਸਾਰ ਚੋਣਾਂ ਦੇ ਸੰਬੰਧ ਵਿਚ ਕੋਈ ਝੂਠਾ ਬਿਆਨ ਛਾਪਣਾ ਜੋ ਚੋਣ ਨਤੀਜਿਆਂ ਉਪਰ ਅਸਰ ਪਾਉਣ ਦੀ ਮਨਸ਼ਾ ਨਾਲ ਜਾਰੀ ਕੀਤਾ ਗਿਆ ਹੋਵੇ, ਦੀ ਸਜ਼ਾ ਸਿਰਫ਼ ਜੁਰਮਾਨਾ ਹੈ।

ਧਾਰਾ 171ਐੱਚ ਵਿਚ ਵਿਵਸਥਾ ਹੈ ਕਿ ਕਿਸੇ ਉਮੀਦਵਾਰ ਦੀ ਚੋਣ ਜਿੱਤਣ ਦੀ ਉਮੀਦ ਨੂੰ ਵਧਾਉਣ ਲਈ ਕੀਤਾ ਖਰਚਾ ਜਾਂ ਅਜਿਹੇ ਖਰਚੇ ਦੀ ਪ੍ਰਵਾਨਗੀ ਦੇਣਾ ਇਕ ਅਪਰਾਧ ਹੈ ਪਰ ਇਸ ਧਾਰਾ ਤਹਿਤ ਅਪਰਾਧ ਦੀ ਸਜ਼ਾ ਸਿਰਫ਼ 500 ਰੁਪਏ ਜੁਰਮਾਨਾ ਹੈ। 60 ਸਾਲ ਪਹਿਲਾਂ ਇਹ ਅਜਿਹੀਆਂ ਸਰਗਰਮੀਆਂ ਉੱਪਰ ਠੱਲ੍ਹ ਪਾਉਣ ਵਾਲੀ ਸਖ਼ਤ ਸਜ਼ਾ ਹੋ ਸਕਦੀ ਸੀ ਪਰ ਅੱਜ ਹਾਸੋਹੀਣੀ ਹੈ।

ਇਹ ਸਜ਼ਾਵਾਂ 1920 ਵਿਚ ਮਿਥੀਆਂ ਗਈਆਂ ਸਨ। ਇਨ੍ਹਾਂ ਅਪਰਾਧਾਂ ਦੀ ਇਨ੍ਹਾਂ ਧਾਰਾਵਾਂ ਤਹਿਤ ਭਿਆਨਕਤਾ ਨੂੰ ਨਿਰਪੇਖ ਅਤੇ ਸਾਵੀਆਂ ਚੋਣਾਂ ਦੇ ਸੰਦਰਭ ਵਿਚ ਦੇਖਦੇ ਹੋਏ, ਇਨ੍ਹਾਂ ਚੋਹਾਂ ਧਾਰਾਵਾਂ ਤਹਿਤ ਜੇ ਸਜ਼ਾਵਾਂ ਨੂੰ ਚਾਹਿਆ ਅਸਰ ਦਿਖਾਉਣਾ ਹੈ ਤਾਂ ਉਨ੍ਹਾਂ ਨੂੰ ਵਧਾਉਣਾ ਚਾਹੀਦਾ ਹੈ ਅਤੇ ਅਜਿਹੇ ਅਪਰਾਧਾਂ ਨੂੰ ਗ਼ੈਰ ਜ਼ਮਾਨਤੀ (ਕਾਗਨੀਜ਼ੇਬਲ) ਬਣਾਉਣਾ ਹੋਵੇਗਾ।

ਆਪਣੇ ਕਾਰਜਕਾਲ ਦੇ ਅੰਤਲੇ ਛੇ ਮਹੀਨਿਆਂ ਵਿਚ ਕਿਸੇ ਵੀ ਸਰਕਾਰ ਵਲੋਂ ਆਪਣੀਆਂ ਉਪਲਬਧੀਆਂ ਦਾ ਵਖਾਣ ਕਰਨ ਲਈ ਇਸ਼ਤਿਹਾਰ ਦੇਣ ਉੱਪਰ ਰੋਕ ਲੱਗਣੀ ਚਾਹੀਦੀ ਹੈ। ਜ਼ਰੂਰੀ ਇਸ਼ਤਿਹਾਰਾਂ, ਲਾਭਕਾਰੀ ਯੋਜਨਾਵਾਂ ਜਿਵੇਂ ਕਿ ਸਿਹਤ ਨਾਲ ਸੰਬੰਧਿਤ ਸਕੀਮਾਂ, ਔੜ ਅਤੇ ਹੜ੍ਹਾਂ ਦੀ ਰੋਕਥਾਮ ਆਦਿ ਇਸ ਰੋਕ ਤੋਂ ਬਾਹਰ ਰਖੇ ਜਾ ਸਕਦੇ ਹਨ।

ਰਾਜਨੀਤਕ ਪ੍ਰਣਾਲੀ ਨੂੰ ਚੋਣ ਸੁਧਾਰਾਂ ਰਾਹੀ ਸਵੱਛ ਬਣਾਉਣ ਲਈ ਚੋਣ ਕਮਿਸ਼ਨ ਦੀਆਂ ਆਪਣੀਆਂ ਸਿਫ਼ਾਰਸ਼ਾਂ ਅਤੇ ਬਾਰ-ਬਾਰ ਯਾਦ ਕਰਾਉਣ ਲਈ ਦਿਤੀਆਂ ਚੇਤਾਵਨੀਆਂ ਦਾ ਤਾਂ ਕਹਿਣਾ ਹੀ ਕੀ, ਪਿਛਲੇ ਚਾਰ ਦਹਾਕਿਆਂ ਵਿਚ ਇਸ ਸੰਦਰਭ ਵਿਚ ਘੱਟੋ-ਘੱਟ ਸੱਤ ਰਾਸ਼ਟਰੀ ਪੱਧਰ ਦੀਆਂ ਕਮੇਟੀਆਂ ਅਤੇ ਕਮਿਸ਼ਨਾਂ ਨੇ ਅਣਗਿਣਤ ਸੁਝਾਅ ਦਿਤੇ ਹਨ। ਇਹ ਸਾਰੇ ਸੁਝਾਅ ਸਰਕਾਰ ਕੋਲ ਫ਼ੈਸਲੇ ਲਈ ਦਸ ਤੋਂ ਵੀਹ ਸਾਲ ਦੇ ਸਮੇਂ ਲਈ ਲਟਕ ਰਹੇ ਹਨ। ਇਸ ਦੌਰਾਨ, ਲੋਕਾਂ ਦਾ ਰਾਜਨੀਤਕ ਪ੍ਰਣਾਲੀ ਵਿਚ ਵਿਸ਼ਵਾਸ ਘਟ ਰਿਹਾ ਹੈ। ਜੇ ਲੋਕਾਂ ਦੇ ਲੋਕਤੰਤਰ ਵਿਚ ਘਟ ਰਹੇ ਵਿਸ਼ਵਾਸ ਦਾ ਅਸਲ ਵਿਚ ਕੋਈ ਹੱਲ ਲੱਭਣਾ ਹੈ ਤਾਂ ਸਰਕਾਰ ਨੂੰ ਇਸ ਤੋਂ ਪਹਿਲਾਂ ਕਿ ਹਾਲਾਤ ਕਾਬੂ ਤੋਂ ਬਾਹਰ ਹੋ ਜਾਣ, ਤੁਰੰਤ ਅਮਲ ਕਰਨਾ ਚਾਹੀਦਾ ਹੈ। ਦੀਵਾਰ 'ਤੇ ਲਿਖਿਆ ਸਪੱਸ਼ਟ ਹੈ, ਸਾਨੂੰ ਸਿਰਫ਼ ਤੁਰੰਤ ਵਿਚ ਕੰਮ ਸ਼ੁਰੂ ਕਰਨ ਦੀ ਲੋੜ ਹੈ।

*(ਲੇਖਕ ਭਾਰਤ ਦਾ ਸਾਬਕ ਮੁੱਖ ਚੋਣ ਕਮਿਸ਼ਨਰ ਹੈ।)*

*e-mail :syquraishi@gmial.com*

***ਸਫ਼ਾ 4 ਦੀ ਬਾਕੀ***

2013 ਨੂੰ ਆਇਆ ਜਦੋਂ ਸੁਪਰੀਮ ਕੋਰਟ ਨੇ ਪੀਪਲਜ਼ ਯੂਨੀਅਨ ਆਫ਼ ਸਿਵਲ ਲਿਬਰਟੀਜ਼ ਵਲੋਂ ਦਾਇਰ ਜਨਹਿਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਭਾਰਤ ਦੇ ਚੋਣ ਕਮਿਸ਼ਨ ਨੂੰ ਇਹ ਆਦੇਸ਼ ਦਿਤਾ ਕਿ ਬਿਜਲਈ ਵੋਟਿੰਗ ਮਸ਼ੀਨਾਂ ਵਿਚ "ਇਨ੍ਹਾਂ ਵਿਚੋਂ ਕੋਈ ਨਹੀਂ" (ਨੋਟਾ) ਦਾ ਬਟਨ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਜਿਹੜੇ ਵੋਟਰ ਚੋਣਾਂ ਵਿਚ ਕਿਸੇ ਵੀ ਉਮੀਦਵਾਰ ਨੂੰ ਵੋਟ ਨਾ ਦੇਣਾ ਚਾਹੁਣ ਤਾਂ ਉਨ੍ਹਾਂ ਦੀ ਗੁਪਤ ਕਾਰਵਾਈ ਜ਼ਾਹਰ ਕੀਤੇ ਬਿਨਾਂ ਉਹ ਆਪਣੀ ਪਸੰਦ/ਨਾਪਸੰਦ ਦਾ ਇਸਤੇਮਾਲ ਕਰ ਸਕਣ। ਕੋਰਟ ਨੇ ਇਸ ਫ਼ੈਸਲੇ ਪਿੱਛੇ ਤਰਕ ਨੂੰ ਬਹੁਤ ਸਾਫ਼ ਸ਼ਬਦਾਂ ਵਿਚ ਬਿਆਨ ਕੀਤਾ :

***"ਅਜਿਹਾ ਵਿਕਲਪ ਵੋਟਰਾਂ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਵੱਖ-ਵੱਖ ਰਾਜਨੀਤਕ ਪਾਰਟੀਆਂ ਵਲੋਂ ਖੜ੍ਹੇ ਕੀਤੇ ਉਮੀਦਵਾਰਾਂ ਪ੍ਰਤਿ ਆਪਣੀ ਨਾਪਸੰਦ ਦਾ ਇਜ਼ਹਾਰ ਕਰ ਸਕਣ। ਜਦੋਂ ਰਾਜਨੀਤਕ ਪਾਰਟੀਆਂ ਇਹ ਮਹਿਸੂਸ ਕਰਨਗੀਆਂ ਕਿ ਵੱਡੀ ਗਿਣਤੀ ਲੋਕ ਉਨ੍ਹਾਂ ਦੁਆਰਾ ਚੋਣਾਂ ਵਿਚ ਉਤਾਰੇ ਉਮੀਦਵਾਰਾਂ ਨਾਲ ਸਹਿਮਤ ਨਹੀਂ ਤਾਂ ਸਹਿਜੇ-ਸਹਿਜੇ ਇਕ ਬਦਲਾਅ ਆਵੇਗਾ ਅਤੇ ਰਾਜਨੀਤਕ ਪਾਰਟੀਆਂ ਲੋਕ ਇੱਛਾ ਨੂੰ ਪ੍ਰਵਾਨ ਕਰਨ ਲਈ ਮਜਬੂਰ ਹੋ ਜਾਣਗੀਆਂ ਅਤੇ ਅਜਿਹੇ ਉਮੀਦਵਾਰ ਖੜ੍ਹੇ ਕਰਨਗੀਆਂ ਜਿਨ੍ਹਾਂ ਦੀ ਈਮਾਨਦਾਰੀ 'ਤੇ ਕੋਈ ਸ਼ੱਕ ਨਾ ਹੋਵੇ।" (ਪੈਰਾ 55)***

***ਸੁਪਰੀਮ ਕੋਰਟ ਨੇ 2014 ਵਿਚ ਵੀ ਚੋਣਾਵੀ ਪ੍ਰਣਾਲੀ ਵਿਚ ਸੁਧਾਰ ਦੀਆਂ ਕੋਸ਼ਿਸ਼ਾਂ ਰੱਖੀਆਂ। 10 ਮਾਰਚ, 2014 ਨੂੰ, ਪਬਲਿਕ ਇੰਟਰੈਸਟ ਫਾਊਂਡੇਸ਼ਨ ਵਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਫ਼ੈਸਲਾ ਦਿੰਦਿਆਂ ਇਸ ਨੇ ਹੇਠਲੀਆਂ ਅਦਾਲਤਾਂ ਨੂੰ ਨਿਰਦੇਸ਼ ਦਿਤੇ ਕਿ ਮੌਜੂਦ ਸੰਸਦ ਮੈਂਬਰਾਂ ਅਤੇ ਵਿਧਾਨਕਾਰਾਂ ਖ਼ਿਲਾਫ਼ ਦਰਜ ਅਪਰਾਧਿਕ ਮਾਮਲਿਆਂ ਦਾ ਫ਼ੈਸਲਾ ਇਕ ਸਾਲ ਦੇ ਅੰਦਰ ਹੋ ਜਾਵੇ। ਸੰਬੰਧਿਤ ਹਾਈਕੋਰਟ ਨੂੰ ਅਜਿਹੇ ਮਾਮਲਿਆਂ ਦੀ ਨਿਗਰਾਨੀ ਕਰਨ ਦੇ ਹੁਕਮ ਦਿਤੇ ਗਏ।***

5 ਮਈ, 2014 ਨੂੰ ਇਕ ਹੋਰ ਇਤਿਹਾਸਕ ਫ਼ੈਸਲਾ ਸੁਣਾਇਆ ਗਿਆ ਜਿਸ ਨੂੰ ਹੁਣ ਅਸ਼ੋਕ ਚਵਾਨ ਪੇਡ ਨਿਊਜ਼ ਕੇਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਮਾਧਵਰਾਓ ਕਿਨਹਾਲਕਰ, ਜੋ 2009 ਦੀਆਂ ਮਹਾਂਰਾਸ਼ਟਰ ਵਿਧਾਨ ਸਭਾ ਚੋਣਾਂ ਮੌਕੇ ਨਾਂਦੇੜ (ਮਹਾਂਰਾਸ਼ਟਰ) ਦੇ ਭੋਕਰ ਵਿਧਾਨ ਸਭਾ ਹਲਕੇ ਤੋਂ ਅਸ਼ੋਕ ਚਵਾਨ ਤੋਂ ਹਾਰ ਗਿਆ ਸੀ, ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਕਿ ਅਸ਼ੋਕ ਚਵਾਨ ਨੇ ਆਪਣੇ ਚੋਣ ਖਰਚੇ ਨੂੰ ਘਟਾ ਕੇ ਦੱਸਿਆ ਹੈ ਕਿਉਂਕਿ ਉਸ ਨੇ 'ਲੋਕਮਤ' ਅਖ਼ਬਾਰ 'ਚ ਪੈਸੇ ਦੇ ਕੇ ਛਪਵਾਏ ਸਪਲੀਮੈਂਟ ਦਾ ਖਰਚਾ ਇਸ ਵਿਚ ਨਹੀਂ ਜੋੜਿਆ। ਚੋਣ ਕਮਿਸ਼ਨ ਵਲੋਂ ਇਸ ਸ਼ਿਕਾਇਤ ਦੀ ਜਾਂਚ ਕਰਕੇ ਅਸ਼ੋਕ ਚਵਾਨ ਨੂੰ ਨੋਟਿਸ ਦਿਤਾ ਕਿ ਸੈਕਸ਼ਨ 10 ਏ (ਲੋਕ ਪ੍ਰਤਿਨਿਧਤਾ ਐਕਟ) ਤਹਿਤ ਕਿਉਂ ਨਾ ਉਸ ਦੀ ਚੋਣ ਰੱਦ ਕੀਤੀ ਜਾਵੇ? ਚਵਾਨ ਨੇ ਹਾਈਕੋਰਟ ਵਿਚ ਅਪੀਲ ਕੀਤੀ ਅਤੇ ਉਥੇ ਅਸਫਲ ਰਹਿਣ ਉਪਰੰਤ ਸੁਪਰੀਮ ਕੋਰਟ ਅੱਗੇ ਪੁਕਾਰ ਲਗਾਈ ਕਿ ਲੋਕ ਪ੍ਰਤਿਨਿਧਤਾ ਐਕਟ ਦਾ ਸੈਕਸ਼ਨ 10 ਏ ਚੋਣ ਕਮਿਸ਼ਨ ਨੂੰ ਖਰਚੇ ਦੇ ਵੇਰਵੇ ਮੰਗਣ ਦੀ ਆਗਿਆ ਦਿੰਦਾ ਹੈ, ਵੇਰਵਿਆਂ ਦੀ ਜਾਂਚ ਪੜਤਾਲ ਕਰਨ ਦੀ ਨਹੀਂ। ਸੁਪਰੀਮ ਕੋਰਟ ਨੇ ਚਵਾਨ ਦੀਆਂ ਦਲੀਲਾਂ ਨੂੰ ਖਾਰਜ ਕਰਦਿਆਂ ਚੋਣ ਕਮਿਸ਼ਨ ਦੀਆਂ ਖਰਚੇ ਦੇ ਵੇਰਵਿਆਂ ਦੀ ਪੜਤਾਲ ਅਤੇ ਜੇ ਵੇਰਵੇ ਗਲਤ ਪਾਏ ਜਾਣ ਤਾਂ ਚੁਣੇ ਹੋਏ ਵਿਅਕਤੀ ਦੀ ਚੋਣ ਰੱਦ ਕਰਨ ਦੇ ਚੋਣ ਕਮਿਸ਼ਨ ਦੇ ਅਧਿਕਾਰ ਨੂੰ ਬਹਾਲ ਰੱਖਿਆ। ਚੋਣ ਕਮਿਸ਼ਨ ਵਲੋਂ ਹੁਣ ਕਾਰਵਾਈ ਜਾਰੀ ਹੈ।

## ਭਵਿੱਖ

ਜਿਵੇਂ ਕਿ ਉਪਰ ਵਾਲੇ ਵੇਰਵੇ ਤੋਂ ਸਪੱਸ਼ਟ ਹੈ, ਸਿਵਲ ਸੋਸਾਇਟੀ ਜੋ ਕੁਝ ਕਰ ਸਕਦੀ ਹੈ, ਕਰ ਰਹੀ ਹੈ। ਜਦੋਂ ਕੋਈ ਚਾਰਾ ਨਹੀਂ ਚੱਲਦਾ ਤਾਂ ਨਿਆਂਇਕ ਪ੍ਰਕਿਰਿਆ ਦਾ ਵੀ ਸਹਾਰਾ ਲੈਂਦੀ ਹੈ। ਤਾਂ ਵੀ ਕਾਰਜਕਾਰਨੀ ਅਤੇ ਵਿਧਾਨ ਮੰਡਲ, ਸਗੋਂ ਸਾਰੀ ਰਾਜਨੀਤਕ ਸਥਾਪਤੀ, ਚੋਣ ਸੁਧਾਰਾਂ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਦੇ ਰਾਹ ਵਿਚ ਰੋੜੇ ਅਟਕਾਉਂਦੀਆਂ ਆ ਰਹੀਆਂ ਹਨ।

ਅਜਿਹਾ ਨਹੀ ਕਿ ਸਾਰੀ ਰਾਜਨੀਤਕ ਸਥਾਪਤੀ ਹੀ ਦੋਸ਼ੀ ਹੈ। ਸਗੋਂ ਕਿਸੇ ਅਣਹੋਣੀ ਦਾ ਡਰ ਅਤੇ ਜਿਵੇਂ ਹੈ ਦੀ ਸਥਿਤੀ ਨਾਲ ਨੇੜਤਾ ਤੇ ਮੇਲਜੋਲ ਉਨ੍ਹਾਂ ਨੂੰ ਬਦਲਾਅ ਦਾ ਵਿਰੋਧ ਕਰਨ ਲਈ ਮਜਬੂਰ ਕਰ ਰਿਹਾ ਹੈ।

*(ਲੇਖਕ ਅਹਿਮਦਾਬਾਦ ਸਥਿਤ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਵਿਖੇ ਮੈਨੇਜਮੈਂਟ ਐਂਡ ਆਰਗੇਨਾਈ-ਜੇਸ਼ਨਲ ਬੀਹੇਵੀਅਰ ਦਾ ਸਾਬਕਾ ਪ੍ਰੋਫ਼ੈਸਰ ਹੈ। ਪ੍ਰਗਟਾਏ ਗਏ ਵਿਚਾਰ ਲੇਖਕ ਦੇ ਨਿੱਜੀ ਹਨ।)*

*e-mail :jchhokar@gmail.com*

# ਉਮੀਦਵਾਰਾਂ ਦੀ ਬਹੁਲਤਾ ਤੇ ਭਾਰਤੀ ਚੋਣ ਸੁਧਾਰ :
## ਬਹੁਤਾਤ ਨੂੰ ਕਿੰਨਾ ਘੱਟ ਕੀਤਾ ਜਾ ਸਕਦਾ ਹੈ !

ਕੌਸ਼ਿਕ ਭੱਟਾਚਾਰੀਆ

ਭਾਰਤੀ ਸੋਲ੍ਹਵੀਂ ਲੋਕ ਸਭਾ ਦੀਆਂ ਚੋਣਾਂ ਹਾਲ ਹੀ ਵਿਚ ਨੇਪਰੇ ਚੜ੍ਹੀਆਂ ਹਨ ਅਤੇ ਨਵੀਂ ਸਰਕਾਰ ਨੇ ਹਲਫ਼ ਲੈ ਲਿਆ ਹੈ। ਇਨ੍ਹਾਂ ਚੋਣਾਂ ਦਾ ਲਗਾਤਾਰ ਹੋਣਾ, ਜਿਸ ਵਿਚ ਰਾਜਨੀਤਕ ਪਾਰਟੀਆਂ ਜਾਂ ਸੱਤਾਧਾਰੀ ਪਾਰਟੀਆਂ ਦੀ ਹਾਰ ਹੁੰਦੀ ਹੈ, ਆਜ਼ਾਦੀ ਪ੍ਰਾਪਤ ਹੋਣ ਤੋਂ ਬਾਅਦ ਦੇ ਭਾਰਤ ਦੀ ਇਕ ਪ੍ਰਮੁੱਖ ਉਪਲਬਧੀ ਹੈ। ਇਨ੍ਹਾਂ ਆਜ਼ਾਦ ਅਤੇ ਨਿਰਪੱਖ ਚੋਣਾਂ ਨੇ ਭਾਰਤੀ ਲੋਕਤੰਤਰ ਨੂੰ ਦੇਸ਼ ਦੇ ਨਾਗਰਿਕਾਂ ਅਤੇ ਵਿਸ਼ਵ ਭਰ ਵਿਚ ਭਰੋਸੇਯੋਗਤਾ ਬਖ਼ਸ਼ੀ ਹੈ। ਸੁਭਾਵਿਕ ਤੌਰ ਤੇ, ਕਈ ਦੂਜੇ ਦੇਸ਼ਾਂ ਜੋ ਲੋਕਤੰਤਰ ਨੂੰ ਮਜ਼ਬੂਤੀ ਦੇਣਾ ਚਾਹੁੰਦੇ ਹਨ, ਲਈ ਭਾਰਤ ਦਾ ਚੋਣ ਆਯੋਗ ਤੇ ਇਸ ਦੇ ਕੰਮ ਕਰਨ ਦਾ ਕਾਨੂੰਨੀ ਢਾਂਚਾ ਮੀਲ-ਪੱਥਰ ਬਣ ਗਿਆ ਹੈ।

ਚੋਣਾਂ ਵਿਚ ਵੱਡੀਆਂ ਦਾਅਵੇਦਾਰੀਆਂ ਹੁੰਦੀਆਂ ਹਨ ਅਤੇ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਸਮੂਹ ਇਸ ਤੋਂ ਭਲੀਭਾਂਤ ਵਾਕਫ਼ ਹਨ। ਜਦ ਕਿ ਭਾਰਤ ਵਿਚ ਚੋਣਾਂ ਕਰਵਾਉਣ ਲਈ ਸੰਸਥਾਗਤ ਢਾਂਚਾ ਕਾਫ਼ੀ ਮਜ਼ਬੂਤ ਹੈ, ਫਿਰ ਵੀ ਸੁਧਾਰ ਦੀ ਚੋਖੀ ਗੁੰਜਾਇਸ਼ ਹੈ। ਜਦੋਂ ਬਾਹਰੀ ਵਾਤਾਵਰਨ ਬਦਲਦਾ ਹੈ ਤਾਂ ਭੈੜੀਆਂ ਅਤੇ ਅਪਰਾਧਿਕ ਸਰਗਰਮੀਆਂ ਵੀ ਬਦਲ ਜਾਂਦੀਆਂ ਹਨ। ਪ੍ਰਭਾਵੀ ਹੋਣ ਲਈ ਨਿਯਮਤ ਪ੍ਰਕਿਰਿਆ ਨੂੰ ਇਨ੍ਹਾਂ ਸਰਗਰਮੀਆਂ ਨੂੰ ਰੋਕਣ ਦੀ ਅਗਾਊਂ ਪੇਸ਼ਬੰਦੀ ਕਰਨੀ ਪਵੇਗੀ। ਇਹ ਨਿਰੰਤਰ ਨਿਗਰਾਨੀ ਅਤੇ ਸੁਧਾਰਾਂ ਨਾਲ ਹੀ ਸੰਭਵ ਹੋ ਸਕੇਗਾ।

ਇਹ ਲੇਖ ਭਾਰਤੀ ਚੋਣ ਸੁਧਾਰਾਂ ਦਾ ਨਾ ਹੀ ਤੱਤਸਾਰ ਹੈ ਅਤੇ ਨਾ ਹੀ ਵਿਸ਼ਲੇਸ਼ਣ। ਇਸ ਵਿਸ਼ੇ 'ਤੇ ਪਹਿਲਾਂ ਹੀ ਕਈ ਮਾਹਰਾਂ ਦੇ ਸਮੂਹ ਆਪਣੀ ਰਾਇ ਦੇ ਚੁੱਕੇ ਹਨ ਜਿਸ ਦੇ ਸਿੱਟੇ ਵਜੋਂ ਇਸ ਵਿਸ਼ੇ 'ਤੇ ਵੱਡੀ ਮਾਤਰਾ ਵਿਚ ਸਾਹਿਤ ਲਿਖਿਆ ਜਾ ਚੁੱਕਾ ਹੈ। ਇਨ੍ਹਾਂ ਕਮਜ਼ੋਰੀਆਂ ਅਤੇ ਨੀਤੀ ਕਦਮਾਂ ਦਾ ਸਾਰ ਅੰਸ਼, ਜੋ ਇਨ੍ਹਾਂ ਦਾ ਸਾਹਮਣਾ ਕਰ ਸਕਦੇ ਹਨ, ਭਾਰਤੀ ਚੋਣ ਸੁਧਾਰਾਂ ਬਾਰੇ ਪਿੱਠਭੂਮੀ ਦਸਤਾਵੇਜ਼ਾਂ ਵਿਚ ਮੌਜੂਦ ਹਨ। ਕਿਸੇ ਵੀ ਲੋਕਤੰਤਰ ਵਿਚ ਚੋਣ ਸੁਧਾਰਾਂ ਦੀਆਂ ਕੋਸ਼ਿਸ਼ਾਂ ਨੂੰ ਰਵਾਇਤੀ ਤੌਰ ਤੇ ਖੁੱਲ੍ਹੇਆਮ ਵਿਚਾਰਿਆ ਜਾਣਾ ਚਾਹੀਦਾ ਹੈ। ਪਿੱਠਭੂਮੀ ਦਸਤਾਵੇਜ਼ ਆਮ ਜਨਤਾ ਲਈ ਵੀ ਉਪਲਬਧ ਹਨ।

***ਇਹ ਲੇਖ ਭਾਰਤੀ ਚੋਣ ਪ੍ਰਕਿਰਿਆ ਦੇ ਉਨ੍ਹਾਂ ਪੱਖਾਂ ਨੂੰ ਉਜਾਗਰ ਕਰਦਾ ਹੈ ਜਿਨ੍ਹਾਂ ਬਾਰੇ ਹੁਣ ਤਕ ਘੱਟ ਚਰਚਾ ਹੋਈ ਹੈ। ਅਸੀਂ ਇਹ ਵੇਖਦੇ ਹਾਂ ਕਿ 2009 ਵਿਚ ਹੋਈਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ 2014 ਵਿਚ ਉਮੀਦਵਾਰਾਂ ਦੀ ਗਿਣਤੀ ਵਿਚ ਨਿਗੂਣਾ ਜਿਹਾ ਵਾਧਾ ਹੋਇਆ ਹੈ (2009 ਦੇ 8069 ਦੇ ਮੁਕਾਬਲੇ 2014 ਵਿਚ 8251)। ਭਾਰਤ ਦਾ ਚੋਣਾਵੀ ਇਤਿਹਾਸ ਇਹ ਕਹਿੰਦਾ ਹੈ ਕਿ ਜਦੋਂ ਤਕ ਲੋਕ ਪ੍ਰਤਿਨਿਧਤਾ ਕਾਨੂੰਨ ਵਿਚ ਬਦਲਾਅ ਨਹੀਂ ਕੀਤਾ ਜਾਂਦਾ, ਭਵਿੱਖ ਵਿਚ ਉਮੀਦਵਾਰਾਂ ਦੀ ਗਿਣਤੀ ਵਧਣ ਦਾ ਰੁਝਾਨ ਜਾਰੀ ਰਹੇਗਾ।***

ਇਹ ਵੀ ਭਵਿੱਖਬਾਣੀ ਕੀਤੀ ਜਾ ਰਹੀ ਹੈ ਕਿ ਜੇ ਇਸ ਰੁਝਾਨ ਨੂੰ ਨਾ ਰੋਕਿਆ ਗਿਆ ਤਾਂ ਭਵਿੱਖੀ ਚੋਣਾਂ ਸਮੇਂ ਕਈ ਹਲਕਿਆਂ ਵਿਚ ਉਮੀਦਵਾਰਾਂ ਦੀ ਗਿਣਤੀ 16 ਤੋਂ ਵੀ ਵੱਧ ਹੋ ਸਕਦੀ ਹੈ ਜਿਸ ਨਾਲ ਚੋਣਾਵੀ ਪ੍ਰਬੰਧਨ ਵਿਚ ਮੁਸ਼ਕਿਲਾਂ ਪੇਸ਼ ਆਉਣਗੀਆਂ। 16 ਤੋਂ ਜ਼ਿਆਦਾ ਉਮੀਦਵਾਰ ਹੋਣ ਦਾ ਮਤਲਬ ਹੋਵੇਗਾ ਚੋਣ ਅਧਿਕਾਰੀਆਂ ਤੇ ਨਿਯਮਤ ਕੋਸ਼ਿਸ਼ਾਂ ਦਾ ਜ਼ਿਆਦਾ ਦਬਾਅ। ਸਰਗਰਮ ਰੂਪ ਵਿਚ ਚੋਣ ਅਧਿਕਾਰੀਆਂ ਨੂੰ ਉਨ੍ਹਾਂ ਹਲਕਿਆਂ ਵਿਚ ਹੋਰ ਜ਼ਿਆਦਾ ਈ.ਵੀ.ਐੱਮ. ਮਸ਼ੀਨਾਂ ਦੀ ਲੋੜ ਪਵੇਗੀ।

ਭਾਰਤ ਦੇ ਚੋਣਾਂ ਸੰਬੰਧੀ ਅੰਕੜੇ ਸਾਡੇ ਦਾਅਵੇ ਦੀ ਪੁਸ਼ਟੀ ਕਰਦੇ ਹਨ। 1980 ਤੋਂ ਬਾਅਦ ਬਹੁਤ ਸਾਰੇ ਹਲਕਿਆਂ ਵਿਚ ਉਮੀਦਵਾਰਾਂ ਦੀ ਗਿਣਤੀ 50 ਤੋਂ ਟੱਪ ਗਈ ਹੈ ਅਤੇ ਕੁੱਝ ਮਾਮਲਿਆਂ ਵਿਚ ਤਾਂ ਇਹ 100 ਤਕ ਪਹੁੰਚ ਗਈ ਹੈ। 1996 ਵਿਚ ਉਮੀਦਵਾਰਾਂ ਦੀ ਗਿਣਤੀ ਸਭ ਤੋਂ ਵੱਧ ਸੀ। 1996 ਦੀਆਂ ਲੋਕ ਸਭਾ ਚੋਣਾਂ ਦੌਰਾਨ ਆਂਧਰ ਪ੍ਰਦੇਸ਼ ਦੇ ਨਲਗੌਂਡਾ ਅਤੇ ਕਰਨਾਟਕ ਦੇ ਬੇਲਗਾਮ ਹਲਕਿਆਂ ਵਿਚ ਉਮੀਦਵਾਰਾਂ ਦੀ ਗਿਣਤੀ ਕ੍ਰਮਵਾਰ 480 ਅਤੇ 456 ਸੀ। ਇਸੇ ਸਾਲ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਤਮਿਲਨਾਡੂ ਦੇ ਮੋਡਾਕੁਰਿਚੀ ਵਿਧਾਨ ਸਭਾ ਹਲਕੇ ਵਿਚ ਉਮੀਦਵਾਰਾਂ ਦੀ ਕੁੱਲ ਗਿਣਤੀ 1033 ਸੀ। ਹਰੇਕ ਮਾਮਲੇ ਵਿਚ ਭਾਰਤ ਦੇ ਚੋਣ ਆਯੋਗ ਨੂੰ ਬੈਲਟ ਪੇਪਰ ਦੀ ਬਜਾਇ ਬੈਲਟ ਕਾਪੀਆਂ ਜਾਰੀ ਕਰਨੀਆਂ ਪਈਆਂ। ਭਾਵੇਂ ਕਿ ਥੋੜ੍ਹੇ ਸਮੇਂ ਲਈ ਨੀਤੀ ਦਖ਼ਲ ਪ੍ਰਭਾਵੀ ਹੋਏ। 2009 ਦੀਆਂ ਲੋਕ ਸਭਾ ਚੋਣਾਂ ਮੌਕੇ 70 ਪ੍ਰਤਿਸ਼ਤ ਤੋਂ ਵੱਧ ਹਲਕਿਆਂ ਵਿਚ 10 ਤੋਂ ਜ਼ਿਆਦਾ ਉਮੀਦਵਾਰ ਸਨ। ਇਨ੍ਹਾਂ ਵਿਚੋਂ ਵੱਡੀ ਗਿਣਤੀ ਉਮੀਦਵਾਰ ਜਾਂ ਤਾਂ ਆਜ਼ਾਦ ਸਨ ਜਾਂ ਛੋਟੀਆਂ ਪਾਰਟੀਆਂ ਨਾਲ ਸੰਬੰਧਿਤ ਸਨ ਜਿਨ੍ਹਾਂ ਦੀ ਸਿਰਫ਼ ਸਥਾਨਕ ਪਛਾਣ ਹੀ ਹੁੰਦੀ ਹੈ।

ਰਾਜਨੀਤਕ ਮਾਹਰਾਂ ਵਿਚ ਇਹ ਚਰਚਾ ਚੱਲ ਰਹੀ ਹੈ ਕਿ ਕੀ ਉਮੀਦਵਾਰਾਂ ਦੀ ਗਿਣਤੀ ਘਟਾਉਣਾ ਮਸਲੇ ਦਾ ਹੱਲ ਹੈ। ਪਾਬੰਦੀਆਂ ਲਗਾਉਣ ਦੇ ਹੱਕ ਵਿਚ ਦਲੀਲ ਆਮ ਤੌਰ ਤੇ ਚੋਣਾਵੀ ਪ੍ਰਬੰਧਨ 'ਤੇ ਆਧਾਰਿਤ ਹੁੰਦੀਆਂ ਹਨ। ਉਹ ਬੇਰੋਕ-ਟੋਕ ਉਮੀਦਵਾਰੀ ਨਾਲ ਸੰਬੰਧਿਤ ਵੱਡੇ ਖਰਚੇ ਨੂੰ ਉਜਾਗਰ ਕਰਦੇ ਹਨ ਅਤੇ ਦਲੀਲ ਦਿੰਦੇ ਹਨ ਕਿ ਜੇ ਇਸ ਰੁਝਾਨ ਨੂੰ ਨਾ ਰੋਕਿਆ ਗਿਆ ਤਾਂ ਇਸ ਨਾਲ ਚੋਣ ਪ੍ਰਕਿਰਿਆ ਦੀ ਪਵਿੱਤਰਤਾ 'ਤੇ ਵੀ ਆਂਚ ਆਵੇਗੀ। ਪਰ ਬਹੁਤ ਸਾਰੇ ਰਾਜਨੀਤਕ ਵਿਦਵਾਨ ਇਸ ਦਲੀਲ ਨਾਲ ਸਹਿਮਤ ਨਹੀਂ ਹਨ। ਉਹ ਦਲੀਲ ਦਿੰਦੇ ਹਨ ਕਿ ਕਿਨਾਰੇ ਦੇ ਉਮੀਦਵਾਰਾਂ ਦਾ ਪ੍ਰਭਾਵ ਉਨ੍ਹਾਂ ਦੀ ਚੋਣ ਸਫਲਤਾ ਤੋਂ ਹੀ ਨਹੀਂ ਆਂਕਿਆ ਜਾਣਾ ਚਾਹੀਦਾ। ਉਨ੍ਹਾਂ ਦੁਆਰਾ ਉਠਾਏ ਗਏ ਮੁੱਦੇ ਅਕਸਰ ਚੋਣ ਚਰਚਾ ਦਾ ਨਜ਼ਰੀਆ ਬਦਲ ਦਿੰਦੇ ਹਨ ਅਤੇ ਪਦ ਗ੍ਰਹਿਣ ਕਰਨ ਵਾਲਿਆਂ ਦਾ ਵਤੀਰਾ ਬਦਲ ਦਿੰਦੇ ਹਨ। ਇਸ ਵਿਚਾਰ ਮੁਤਾਬਕ, ਚੋਣ ਮੈਦਾਨ ਵਿਚ ਦਾਖ਼ਲੇ 'ਤੇ ਬਨਾਉਟੀ ਰੋਕਾਂ ਵਿਰੋਧ ਦੀ ਆਵਾਜ਼ ਨੂੰ ਦਬਾ ਦਿੰਦੀਆਂ ਹਨ ਜਿਸ ਦੇ ਨਤੀਜੇ ਵਜੋਂ ਵਿਚਾਰਾਂ ਦੀ ਭਿੰਨਤਾ, ਜੋ ਲੋਕਤੰਤਰ ਲਈ ਬੇਹੱਦ ਅਹਿਮ ਹੈ, ਪ੍ਰਬੰਧਨਤਾ ਦੀ ਭੇਟ ਚੜ੍ਹ ਜਾਂਦੀ ਹੈ। ਕੁੱਝ ਰਾਜਨੀਤਕ ਵਿਚਾਰਵਾਨ ਇਹ ਦਲੀਲ ਵੀ ਦਿੰਦੇ ਹਨ ਕਿ ਚੋਣ ਦੰਗਲ ਵਿਚ ਦਾਖ਼ਲੇ ਨੂੰ ਰੋਕਣ ਦੀਆਂ ਬਨਾਉਟੀ ਕੋਸ਼ਿਸ਼ਾਂ ਕਦੇ ਵੀ ਸਫਲ ਨਹੀਂ ਹੋਈਆਂ ਅਤੇ ਆਮ ਤੌਰ ਤੇ ਲੰਮੇ ਸਮੇਂ ਲਈ ਹਾਨੀਕਾਰਕ ਹੀ ਰਹੀਆਂ ਹਨ। ਬਦਕਿਸਮਤੀ ਨੂੰ, ਨਿਯਮਤ ਸੰਸਥਾਵਾਂ ਵਿਸ਼ਵ ਭਰ ਵਿਚ ਕਈ ਵਾਰ ਬਿਨਾਂ ਕਿਸੇ ਹੋਮ ਵਰਕ ਦੇ ਨੀਤੀਗਤ ਫ਼ੈਸਲੇ ਲੈਣ ਦੀ ਕੋਸ਼ਿਸ਼ ਕਰਦੀਆਂ ਹਨ ਜੋ ਇਹ ਸਿੱਧ ਕਰਨ ਵਿਚ ਅਸਫਲ ਰਹਿੰਦੇ ਹਨ ਕਿ ਇੰਨੀ ਵੱਡੀ ਸੰਖਿਆ ਵਿਚ ਉਮੀਦਵਾਰ ਸਾਹਮਣੇ ਕਿਉਂ ਆ ਰਹੇ ਹਨ। ਇਸ ਦਾ ਅਣਇੱਛਤ ਪ੍ਰਭਾਵ ਇਹ ਪੈਂਦਾ ਹੈ ਕਿ ਸਿਰੇ ਦੇ ਕਰੜੇ ਫ਼ੈਸਲੇ, ਜਿਵੇਂ ਅਜਿਹੇ 'ਗ਼ੈਰ ਸੰਜੀਦਾ' ਉਮੀਦਵਾਰਾਂ ਦਾ ਦਾਖ਼ਲਾ ਰੋਕਣ ਤਕ ਦੇ ਲਏ ਜਾਂਦੇ ਹਨ।

ਇਨ੍ਹਾਂ ਗ਼ੈਰ ਸੰਜੀਦਾ ਉਮੀਦਵਾਰਾਂ ਦੀ ਵੱਡੀ ਤਾਦਾਦ ਨੂੰ ਵੇਖਦਿਆਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਦੀ ਭਾਗੀਦਾਰੀ ਪਿੱਛੇ ਮੰਤਵ ਨੂੰ ਸਮਝਿਆ ਜਾਵੇ। ਭਾਵੇਂ ਕਿ ਚੋਣਾਵੀ ਭਾਗੀਦਾਰੀ ਮੌਜੂਦਾ ਰਾਜਨੀਤਕ ਵਿਅਕਤੀਆਂ ਖ਼ਿਲਾਫ਼ ਵਿਰੋਧ ਦਾ ਰੂਪ ਵੀ ਹੋ ਸਕਦੀ ਹੈ ਪਰ ਬਹੁਤ ਸਾਰੇ ਮਾਮਲਿਆਂ ਵਿਚ ਇਸ ਮੰਤਵ ਦੀ ਜੜ੍ਹ ਭਾਰਤੀ ਰਾਜਨੀਤਕ ਪਾਰਟੀਆਂ ਦੀ ਜੋੜ-ਤੋੜ ਅਤੇ ਦਬਦਬੇ ਵਾਲੀ ਪ੍ਰਵਿਰਤੀ ਹੁੰਦੀ ਹੈ। ਜੋੜ-ਤੋੜ ਦੀ ਪ੍ਰਕਿਰਿਆ ਵਿਚ ਨਕਲੀ ਉਮੀਦਵਾਰ ਖੜ੍ਹੇ ਕਰਨਾ ਸ਼ਾਮਿਲ ਹੈ ਤਾਂ ਜੋ ਵੱਡੇ ਵਿਰੋਧੀਆਂ ਦੀਆਂ ਵੋਟਾਂ ਨੂੰ ਵੰਡਿਆ ਜਾ ਸਕੇ। ਜਦੋਂ ਦੋ ਜਾਂ ਦੋ ਤੋਂ ਵੱਧ ਪਾਰਟੀਆਂ ਅਜਿਹੀਆਂ ਕੁਟਿਲ ਨੀਤੀਆਂ ਅਪਣਾ ਲੈਣ ਤਾਂ ਕਿਸੇ ਹਲਕੇ ਵਿਚ ਉਮੀਦਵਾਰਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਵੇਗਾ। ਇਸੇ ਤਰ੍ਹਾਂ ਹੀ, ਇਕ ਰਾਜਸੀ ਪਾਰਟੀ ਵਿਚ ਉਮੀਦਵਾਰ ਚੁਣਨ ਦੀ ਸੱਤਾਵਾਦੀ ਪ੍ਰਕਿਰਿਆ ਪਨ੍ਹਪਣ ਨਾਲ ਬਹੁਤ ਸਾਰੇ ਬਾਗੀ ਉਮੀਦਵਾਰ ਖੜ੍ਹੇ ਹੋ ਜਾਣਗੇ ਜਿਸ ਨਾਲ ਕੁੱਲ ਉਮੀਦਵਾਰਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਵੇਗਾ। ਨਕਲੀ ਉਮੀਦਵਾਰ ਖੜ੍ਹੇ ਕਰਨ ਦਾ ਇਕ ਦਿਲਚਸਪ ਉਦਾਹਰਣ ਹੈ ਕਿ ਮਿਲਦੇ ਜੁਲਦੇ ਨਾਵਾਂ ਵਾਲੇ ਵਿਰੋਧੀ ਉਮੀਦਵਾਰ ਖੜ੍ਹੇ ਕਰਨਾ। ਇਹ ਦੇਖਣ ਵਾਲੀ ਗੱਲ ਹੈ ਕਿ ਭਾਵੇਂ ਅਸੀਂ ਗਲਤ ਖੇਡ ਦਾ ਸ਼ੱਕ ਕਰੀਏ ਪਰ ਇਹ ਸਿੱਧ ਕਰਨਾ ਬੇਹੱਦ ਔਖਾ ਹੈ ਕਿ ਇਕੋ ਜਿਹੇ ਨਾਮ ਵਾਲੇ ਉਮੀਦਵਾਰ ਨਕਲੀ ਹਨ। ਇਨ੍ਹਾਂ ਵਿਚੋਂ ਕੁੱਝ ਉਮੀਦਵਾਰ ਮੁਫ਼ਤ ਦੇ ਝੂਟੇ ਲੈਣ ਵਾਲੇ ਹੋ ਸਕਦੇ ਹਨ। ਪਰ ਚੋਣ ਪ੍ਰਬੰਧਕ ਸਥਿਤੀ ਮੁਤਾਬਕ ਫ਼ੈਸਲੇ ਲੈ ਸਕਦੇ ਹਨ। ਪਹਿਲਾ, ਇਕ ਨਕਲੀ ਉਮੀਦਵਾਰ ਹਮੇਸ਼ਾ ਅੰਤ ਸਮੇਂ ਆਪਣੇ ਕਾਗ਼ਜ਼ ਦਾਖ਼ਲ ਕਰੇਗਾ ਤਾਂ ਜੋ ਉਸ ਨੂੰ ਵਿਰੋਧੀਆਂ ਦੀਆਂ ਬਦਲਾ ਲਊ ਚਾਲਾਂ ਦਾ ਸਾਹਮਣਾ ਨਾ ਕਰਨਾ ਪਵੇ। ਦੂਜਾ, ਨਕਲੀ ਉਮੀਦਵਾਰ ਪ੍ਰਮੁੱਖ ਉਮੀਦਵਾਰ ਦੇ ਮੁਕਾਬਲੇ ਚੋਣ ਪ੍ਰਚਾਰ ਨਹੀਂ ਕਰੇਗਾ ਕਿਉਂਕਿ ਇਸ ਨਾਲ ਵੋਟਰ ਅਜਿਹੇ ਉਮੀਦਵਾਰ ਦੀ ਹੋਂਦ ਪ੍ਰਤਿ ਜਾਗਰੂਕ ਹੋ ਜਾਣਗੇ। ਇਸ ਦੇ ਉਲਟ, ਇਕੋ ਜਿਹੇ ਨਾਮ ਵਾਲਾ ਮੁਫ਼ਤ ਦੇ ਝੂਟੇ ਲੈਣ ਵਾਲਾ ਉਮੀਦਵਾਰ ਕੁੱਝ ਸਮਾਂ ਪ੍ਰਚਾਰ ਵਿਚ ਜ਼ਰੂਰ ਲਗਾਵੇਗਾ ਨਹੀਂ ਤਾਂ ਉਹ ਚੋਣ ਵਿਚੋਂ ਕੋਈ ਲਾਭ ਪ੍ਰਾਪਤ ਨਹੀਂ ਕਰ ਸਕੇਗਾ। ਇਕੋ ਜਿਹੇ ਨਾਮ ਵਾਲੇ ਮੁਫ਼ਤ ਦੇ ਝੂਟੇ ਲੈਣ ਵਾਲੇ ਉਮੀਦਵਾਰਾਂ ਦੀ ਹੋਂਦ ਕਰਕੇ, ਕਈ ਵਾਰ ਰਾਜਨੀਤਕ ਪਾਰਟੀਆਂ ਦਰਮਿਆਨ ਨਕਲੀ ਉਮੀਦਵਾਰ ਖੜ੍ਹੇ ਕਰਨ ਦੀ ਹੋੜ ਲੱਗ ਜਾਂਦੀ ਹੈ।

ਮੁਫ਼ਤ ਝੂਟੇ ਲੈਣ ਵਾਲਾ ਜਾਂ ਨਕਲੀ, ਕਾਨੂੰਨੀ ਤੌਰ ਤੇ ਅਜਿਹੇ ਉਮੀਦਵਾਰਾਂ ਨੂੰ ਚੋਣਾਂ ਵਿਚ ਸਭ ਤੋਂ ਵਧੀਆ ਨੀਤੀ ਜਾਣਕਾਰੀ ਪ੍ਰਦਾਨ ਕਰਨਾ ਹੋਵੇਗੀ। ਚੋਣ ਅਧਿਕਾਰੀਆਂ ਨੂੰ ਹਰੇਕ ਬੂਥ ਵਿਚ ਇਹ ਜਾਣਕਾਰੀ ਦੇਣੀ ਚਾਹੀਦੀ ਹੈ ਕਿ ਇਕੋ ਜਿਹੇ ਨਾਮ ਵਾਲੇ ਉਮੀਦਵਾਰ ਹਨ। ਜਦ ਕਿ ਇਸ ਮਾੜੀ ਪ੍ਰਕਿਰਿਆ ਦਾ ਮੰਤਵ ਪੜ੍ਹੇ-ਲਿਖੇ ਵੋਟਰਾਂ ਨੂੰ ਭਰਮਾਉਣਾ ਹੈ। ਬੂਥਾਂ ਅੰਦਰ ਲਿਖਤੀ ਨੋਟਿਸ ਜਾਂ ਬੈਨਰ ਲਗਾਉਣਾ ਉਚਿਤ ਹੋਵੇਗਾ। ਵੱਡੀ ਗਿਣਤੀ ਵਿਚ ਉਮੀਦਵਾਰਾਂ ਦੀ ਸਮੱਸਿਆ ਅਤੇ ਉਸ ਤੋਂ ਉਪਜਣ ਵਾਲੀਆਂ ਕੁਰੀਤੀਆਂ ਨੇ ਭਾਰਤੀ ਚੋਣ ਅਧਿਕਾਰੀਆਂ ਨੂੰ ਲੰਮੇ ਸਮੇਂ ਤੋਂ ਪਰੇਸ਼ਾਨ ਕੀਤਾ ਹੋਇਆ ਹੈ।

***ਚੋਣ ਆਯੋਗ ਵਲੋਂ ਵਾਰ-ਵਾਰ ਇਸ ਸੰਭਾਵਨਾ ਨੂੰ ਪ੍ਰਗਟ ਕੀਤਾ ਗਿਆ ਹੈ ਕਿ ਵੱਡੀਆਂ ਰਾਜਸੀ ਪਾਰਟੀਆਂ ਵਲੋਂ ਆਪਣੇ ਫ਼ਾਇਦੇ ਲਈ ਚੁੱਪ-ਚੁਪੀਤੇ ਨਕਲੀ ਉਮੀਦਵਾਰ ਮੈਦਾਨ ਵਿਚ ਉਤਾਰੇ ਜਾਂਦੇ ਹਨ। ਲਾਅ ਕਮਿਸ਼ਨ ਆਫ਼ ਇੰਡੀਆ ਅਤੇ ਨੈਸ਼ਨਲ ਕਮਿਸ਼ਨ ਟੂ ਰਿਵੀਊ ਦਿ ਵਰਕਿੰਗ ਆਫ਼ ਦਾ ਕੰਸਟੀਟਿਊਸ਼ਨ ਵਲੋਂ ਇਸ ਸਮੱਸਿਆ ਦੀ ਪੜਚੋਲ ਇਕੋ ਜਿਹੀ ਸੀ। ਪਿੱਛੇ ਜਿਹੇ, ਜਿਨ੍ਹਾਂ ਮਾਮਲਿਆਂ ਵਿਚ ਸਬੂਤ ਮਿਲੇ, ਚੋਣ ਆਯੋਗ ਨੇ ਨਕਲੀ/ਡੰਮੀ ਉਮੀਦਵਾਰਾਂ ਖ਼ਿਲਾਫ਼ ਕਾਰਵਾਈ ਕਰਨੀ ਸ਼ੁਰੂ ਕਰ ਦਿਤੀ ਹੈ। ਜਿਥੋਂ ਤਕ ਨੀਤੀਆਂ ਦਾ ਸੰਬੰਧ ਹੈ, ਲਾਅ ਕਮਿਸ਼ਨ ਆਫ਼ ਇੰਡੀਆ ਨੇ ਸਿਫ਼ਾਰਸ਼ ਕੀਤੀ ਹੈ ਕਿ ਆਜ਼ਾਦ ਉਮੀਦਵਾਰਾਂ ਦੇ ਲੋਕ ਸਭਾ ਚੋਣਾਂ ਲੜਨ 'ਤੇ ਪਾਬੰਦੀ ਲਾਈ ਜਾਵੇ। ਐਨ ਸੀ ਆਰ ਡਬਲੂ ਸੀ ਅਤੇ ਭਾਰਤ ਦੇ ਚੋਣ ਆਯੋਗ ਦੇ ਸੁਝਾਅ ਵੀ ਕੁੱਝ ਅਜਿਹੇ ਹੀ ਸਨ ਪਰ ਥੋੜ੍ਹੇ ਘੱਟ ਸਖ਼ਤ ਸਨ।***

ਅਸਲ ਵਿਚ, ਦੁਨੀਆਂ ਭਰ ਦੇ ਲੋਕਤੰਤਰ ਉਮੀਦਵਾਰਾਂ ਦੇ ਕਾਗ਼ਜ਼ ਦਾਖ਼ਲ ਕਰਨ ਸਮੇਂ ਦੋ ਤਰ੍ਹਾਂ ਦੀਆਂ ਅਸਿੱਧੀਆਂ ਪਾਬੰਦੀਆਂ ਲਾਉਣ 'ਤੇ ਨਿਰਭਰ ਕਰਦੇ ਹਨ, ਉਦਾਹਰਣ ਵਜੋਂ (1) ਚੋਣਾਵੀ ਜ਼ਮਾਨਤ ਰਾਸ਼ੀ (ਜ਼ਮਾਨਤ), ਜੇ ਉਮੀਦਵਾਰ ਘੱਟੋ-ਘੱਟ ਨਿਰਧਾਰਤ ਵੋਟਾਂ ਪ੍ਰਾਪਤ ਨਹੀਂ ਕਰਦਾ

ਤਾਂ ਇਹ ਜ਼ਮਾਨਤ ਦੀ ਰਾਸ਼ੀ ਜਬਤ ਹੋ ਜਾਂਦੀ ਹੈ, ਅਤੇ (2) ਹਰੇਕ ਦੇ ਘੱਟੋ-ਘੱਟ ਨਿਰਧਾਰਤ ਵੋਟਰਾਂ ਦੀ ਹਮਾਇਤ ਦੇ ਦਸਤਾਵੇਜ਼ ਸਬੂਤ (ਸੰਖੇਪ ਵਿਚ 'ਦਸਤਖ਼ਤ ਦੀ ਲੋੜ')।

***ਕਈ ਦੂਜੇ ਲੋਕਤੰਤਰਾਂ ਵਾਂਗ ਭਾਰਤ ਨੇ ਵੀ ਇਹ ਪਾਬੰਦੀਆਂ ਆਇਦ ਕੀਤੀਆਂ ਹਨ। 1951 ਵਿਚ ਲੋਕ ਸਭਾ ਦੀਆਂ ਚੋਣਾਂ ਲਈ ਜਨਰਲ ਵਰਗ ਦੇ ਉਮੀਦਵਾਰਾਂ ਦੀ ਜ਼ਮਾਨਤ ਰਾਸ਼ੀ 500 ਰੁਪਏ ਸੀ। ਉਮੀਦਵਾਰੀ ਦੀ ਗਿਣਤੀ ਵਿਚ ਵੱਡੇ ਵਾਧੇ ਕਰਕੇ 1996 ਵਿਚ ਇਹ ਰਾਸ਼ੀ ਵਧਾ ਕੇ 10,000 ਰੁਪਏ ਕਰ ਦਿਤੀ ਗਈ। ਮਾਹਰ ਸਮੂਹਾਂ ਦੀਆਂ ਸਿਫ਼ਾਰਸ਼ਾਂ ਮੁਤਾਬਕ 2009 ਵਿਚ ਇਹ ਰਾਸ਼ੀ ਹੋਰ ਵਧਾ ਕੇ 25,000 ਰੁਪਏ ਕਰ ਦਿਤੀ ਗਈ।***

***ਦੇਖਣ ਵਾਲੀ ਗੱਲ ਇਹ ਹੈ ਕਿ ਮਹਿੰਗਾਈ ਦਰ ਚੋਣਾਵੀ ਜਮ੍ਹਾਂ ਰਾਸ਼ੀ ਦੀ ਕੀਮਤ ਨੂੰ ਘੱਟ ਕਰਦੀ ਹੈ ਅਤੇ ਆਮਦਨ ਵਿਚ ਵਾਧੇ ਨਾਲ ਇਸ ਨੂੰ ਸਹਿਣ ਕਰਨ ਦੀ ਸਮਰੱਥਾ ਸਮੇਂ ਨਾਲ ਵਧ ਜਾਂਦੀ ਹੈ। ਇਸ ਕਰਕੇ, 1980ਵਿਆਂ ਦੇ ਆਖ਼ੀਰ ਅਤੇ 1990ਵਿਆਂ ਦੇ ਆਰੰਭ ਵਿਚ ਉਮੀਦਵਾਰਾਂ ਦੀ ਗਿਣਤੀ ਵਿਚ ਵੱਡਾ ਵਾਧਾ ਸਿਰਫ਼ ਰਾਜਨੀਤਕ ਅਨਿਸ਼ਚਿਤਤਾ ਨਹੀਂ ਸੀ ਪਰ ਉਸ ਸਮੇਂ ਦੌਰਾਨ ਸੰਭਾਵੀ ਉਮੀਦਵਾਰਾਂ ਦੀ ਵਿੱਤੀ ਭਾਗੀਦਾਰੀ ਵੀ ਘੱਟ ਸੀ।***

ਚੋਣਾਵੀ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 1996 ਪਿੱਛੋਂ ਜ਼ਮਾਨਤ ਰਾਸ਼ੀ ਵਿਚ ਵਾਧੇ ਦਾ ਉਮੀਦਵਾਰਾਂ ਦੇ ਦਖ਼ਲੇ 'ਤੇ ਥੋੜ੍ਹ ਚਿਰਾ ਪਰ ਪ੍ਰਭਾਵੀ ਅਸਰ ਪਿਆ। ਇਹ ਸੰਭਾਵਨਾ ਹੈ ਕਿ 2009 ਵਿਚ ਕੀਤੇ ਵਾਧੇ ਦਾ ਵੀ ਅਜਿਹਾ ਹੀ ਪ੍ਰਭਾਵ ਪਵੇਗਾ। ਪਰ, ਪ੍ਰਭਾਵੀ ਹੋਣ ਲਈ ਜ਼ਮਾਨਤ ਰਾਸ਼ੀ ਵਿਚ ਲਗਾਤਾਰ ਬਦਲਾਅ ਜ਼ਰੂਰੀ ਹੈ। ਭਾਰਤੀ ਚੋਣ ਆਯੋਗ ਇਸ ਤੱਥ ਤੋਂ ਭਲੀਭਾਂਤ ਵਾਕਫ਼ ਹੈ ਅਤੇ ਉਸ ਨੇ ਇਹ ਪ੍ਰਸਤਾਵ ਰੱਖਿਆ ਹੈ ਕਿ ਹਰੇਕ ਚੋਣ ਤੋਂ ਪਹਿਲਾਂ ਜ਼ਮਾਨਤ ਰਾਸ਼ੀ ਨਿਸ਼ਚਿਤ ਕਰਨ ਦਾ ਅਧਿਕਾਰ ਉਸ ਨੂੰ ਦਿਤਾ ਜਾਵੇ। ਦਿਲਚਸਪ ਗੱਲ ਹੈ, ਭਾਰਤ ਵਿਚ ਜ਼ਮਾਨਤ ਰਾਸ਼ੀ ਦਾ ਪੱਧਰ ਅੰਤਰਰਾਸ਼ਟਰੀ ਮਾਪਦੰਡਾਂ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਹੈ। ਭਾਰਤ ਵਿਚ ਵਰਤਮਾਨ ਕੀਮਤਾਂ ਦੇ ਲਿਹਾਜ ਨਾਲ ਜ਼ਮਾਨਤ ਰਾਸ਼ੀ ਸਾਲਾਨਾ ਪ੍ਰਤਿ ਵਿਅਕਤੀ ਆਮਦਨ ਦਾ ਇਕ ਤਿਹਾਈ ਹੁੰਦਾ ਹੈ ਜਦ ਕਿ ਯੂ.ਕੇ., ਕੈਨੇਡਾ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿਚ ਇਹ ਸਾਲਾਨਾ ਪ੍ਰਤਿ ਵਿਅਕਤੀ ਆਮਦਨ ਦੇ ਦੋ ਪ੍ਰਤਿਸ਼ਤ ਤੋਂ ਵੀ ਘੱਟ ਹੁੰਦਾ ਹੈ। ਹੋਰ ਚਿੰਤਾ ਵਾਲੀ ਗੱਲ ਹੈ ਕਿ ਨਿਰੰਤਰ ਪ੍ਰਭਾਵੀ ਰੋਕ ਲਾਉਣ ਨਾਲ ਯੋਗ ਗਰੀਬ ਸਮੂਹਾਂ (ਜਿਵੇਂ ਇਕ ਇਲਾਕੇ ਦੀ ਕਬਾਇਲੀ ਵਸੋਂ) ਨਾਲ ਰਾਜਨੀਤਕ ਭਾਗੀਦਾਰੀ ਦਾ ਅਨਿਆਂ ਹੋਵੇਗਾ।

ਬਦਕਿਸਮਤੀ ਨੂੰ, ਦਸਤਖ਼ਤ ਦੀ ਲੋੜ ਵਾਲੇ ਨੀਤੀ ਯੰਤਰ ਨੂੰ ਭਾਰਤ ਵਿਚ ਜ਼ਮਾਨਤ ਰਾਸ਼ੀ ਦੇ ਪੱਧਰ ਵਾਂਗ ਇਸਤੇਮਾਲ ਨਹੀਂ ਕੀਤਾ ਗਿਆ। ਵਰਤਮਾਨ ਵਿਚ 10 ਦਸਤਖ਼ਤਾਂ ਦੀ ਲੋੜ ਨੂੰ ਕੋਈ ਵੀ ਟਪੂਸੀ ਮਾਰਨ ਵਾਲਾ ਉਮੀਦਵਾਰ ਆਪਣੇ ਪਰਿਵਾਰ ਜਾਂ ਮਿੱਤਰਤਾ ਦੇ ਦਾਇਰੇ ਤੋਂ ਆਰਾਮ ਨਾਲ ਪੂਰਾ ਕਰ ਸਕਦਾ ਹੈ। ਦਿਲਚਸਪੀ ਵਾਲੀ ਗੱਲ ਹੈ ਕਿ ਭਾਰਤ ਵਿਚ ਕਿਸੇ ਲੋਕ ਸਭਾ ਹਲਕੇ ਦੇ ਕੁੱਲ ਵੋਟਰਾਂ ਦੇ ਅਨੁਪਾਤ ਮੁਤਾਬਕ ਦਸਤਖ਼ਤਾਂ ਦੀ ਜ਼ਰੂਰਤ ਅੰਤਰਰਾਸ਼ਟਰੀ ਮਾਪਦੰਡਾਂ ਦੇ ਮੁਕਾਬਲੇ ਘੱਟ ਹੈ। ਘੱਟੋ-ਘੱਟ ਦਸਤਖ਼ਤਾਂ ਵਿਚ ਹੋਰ ਵਾਧਾ, ਜਿਵੇਂ ਕਿ ਆਸਟ੍ਰੇਲੀਆ ਜਿਥੇ ਸਾਰੇ ਗ਼ੈਰ-ਪਦ ਅਧਿਕਾਰੀਆਂ ਨੂੰ ਘੱਟੋ-ਘੱਟ 50 ਦਸਤਖ਼ਤਾਂ ਦੀ ਲੋੜ ਹੁੰਦੀ ਹੈ, ਨਾਲ ਚੋਣਾਂ ਕਰਵਾਉਣ ਦੇ ਖਰਚੇ ਵਿਚ ਕੋਈ ਵੱਡਾ ਵਾਧਾ ਨਹੀਂ ਹੋਵੇਗਾ।

ਅਮਰੀਕਾ ਦਾ ਤਜਰਬਾ ਇਹ ਸੁਝਾਉਂਦਾ ਹੈ ਕਿ ਦਸਤਖ਼ਤਾਂ ਦੀ ਲੋੜ ਲਈ ਸਥਾਨਕ ਪਹੁੰਚ ਉਮੀਦਵਾਰਾਂ ਦਾ ਦਾਖ਼ਲਾ ਰੋਕਣ ਲਈ ਇਕ ਕਾਰਗਰ ਹਥਿਆਰ ਸਾਬਤ ਹੋ ਸਕਦਾ ਹੈ। ਮਿਸਾਲ ਲਈ, ਜੇ ਕਿਸੇ ਵੀ ਹਲਕੇ ਵਿਚ ਉਮੀਦਵਾਰਾਂ ਦੀ ਸੰਖਿਆ ਇਕ ਨਿਰਧਾਰਤ ਸੀਮਾ (ਮੰਨ ਲਓ 30) ਤੋਂ ਅਗਾਂਹ ਟੱਪ ਜਾਵੇ ਤਾਂ ਚੋਣ ਕਮਿਸ਼ਨ ਨੂੰ ਇਹ ਅਧਿਕਾਰ ਹੋਵੇ ਕਿ ਉਹ ਗ਼ੈਰ-ਸੰਜੀਦਾ ਉਮੀਦਵਾਰਾਂ (ਪ੍ਰਵਾਨਤ ਰਾਸ਼ਟਰੀ ਤੇ ਰਾਜ ਪੱਧਰੀ ਪਾਰਟੀਆਂ ਨੂੰ ਛੱਡ ਕੇ) ਲਈ ਘੱਟੋ-ਘੱਟ ਦਸਤਖ਼ਤਾਂ ਦੀ ਲੋੜ ਵਧਾ ਕੇ 100 ਕਰ ਸਕੇ। ਜਦ ਕਿ ਦਸਤਖ਼ਤਾਂ ਨੂੰ ਇਕੱਠਾ ਕਰਨ ਅਤੇ ਪੜਤਾਲ ਕਰਨ ਵਿਚ ਸਮਾਂ ਲੱਗੇਗਾ ਤਾਂ ਅਜਿਹੇ ਗ਼ੈਰ-ਸੰਜੀਤਾ ਉਮੀਦਵਾਰਾਂ ਨੂੰ ਕੁੱਝ ਵਾਧੂ ਸਮਾਂ (ਲਗਭਗ 7 ਦਿਨ) ਦੇ ਦਿਤਾ ਜਾਣਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਹਮਾਇਤ ਦਰਸਾ ਸਕਣ। ਅਜਿਹਾ ਨਾ ਕਰ ਸਕਣ ਦੀ ਸੂਰਤ ਵਿਚ ਉਨ੍ਹਾਂ ਦਾ ਨਾਮਾਂਕਨ ਰੱਦ ਹੋ ਜਾਵੇਗਾ ਸਪੱਸ਼ਟ ਹੈ ਕਿ ਚੋਣ ਪ੍ਰਕਿਰਿਆ ਦੀ ਸਮਾਂ ਸੂਚੀ ਨੂੰ ਵੀ ਇਸ ਹਿਸਾਬ ਨਾਲ ਦਰੁਸਤ ਕਰਨ ਦੀ ਲੋੜ ਹੈ।

ਭਾਰਤ ਨੇ ਹਾਲੇ ਦਸਤਖ਼ਤਾਂ ਦੀ ਲੋੜ ਬਾਰੇ ਬਹੁਤਾ ਤਜਰਬਾ ਨਹੀਂ ਕੀਤਾ। ਚੋਣ ਜ਼ਮਾਨਤ ਰਾਸ਼ੀ ਦੇ ਮੁਕਾਬਲੇ ਦਸਤਖ਼ਤਾਂ ਦੀ ਲੋੜ ਲੋਕਤੰਤਰ ਦੀ ਭਾਵਨਾ ਦੇ ਜ਼ਿਆਦਾ ਅਨੁਕੂਲ ਹੈ ਕਿਉਂਕਿ ਇਸ ਨਾਲ ਗਰੀਬਾਂ ਨਾਲ ਅਨਿਆਂ ਨਹੀਂ ਹੁੰਦਾ। ਸਾਫ਼ ਹੈ, ਇਸ ਲੋੜ ਨੂੰ ਮਜ਼ਬੂਤ ਕਰਨ ਲਈ ਲੋਕ ਪ੍ਰਤਿਨਿਧਤਾ ਕਾਨੂੰਨ ਵਿਚ ਬਦਲਾਅ ਕਰਨੇ ਪੈਣਗੇ।

***ਗੰਭੀਰ ਸਵਾਲ ਹੈ : ਕੀ ਇਹ ਬਦਲਾਅ ਹੋਵੇਗਾ ਵੀ? ਦਿਲਚਸਪੀ ਵਾਲੀ ਗੱਲ ਹੈ ਕਿ ਭਾਰਤ ਦੀਆਂ ਰਾਜਨੀਤਕ ਪਾਰਟੀਆਂ ਵੀ ਕਦੇ-ਕਦੇ ਮਹਿਸੂਸ ਕਰਦੀਆਂ ਹਨ ਕਿ ਉਨ੍ਹਾਂ ਦੀਆਂ ਚਾਲਾਂ ਨਾ ਸਿਰਫ਼ ਉਨ੍ਹਾਂ ਦੇ ਵਿਰੋਧੀਆਂ, ਸਗੋਂ ਉਨ੍ਹਾਂ ਨੂੰ ਵੀ ਨੁਕਸਾਨ ਪਹੁੰਚਾ ਰਹੀਆਂ ਹਨ। ਬੀਤੇ ਵਿਚ ਦਲ-ਬਦਲੀ ਵਿਰੋਧੀ ਸਖ਼ਤ ਕਾਨੂੰਨ ਲਾਗੂ ਕਰਨ ਲਈ ਉਹ ਇਕਮੁੱਠ ਹੋ ਗਈਆਂ ਕਿਉਂਕਿ ਅਜਿਹਾ ਕਰਨਾ ਉਨ੍ਹਾਂ ਦੇ ਹਿੱਤ ਵਿਚ ਸੀ। ਅਜਿਹੀ ਆਸ ਹੀ ਕੀਤੀ ਜਾ ਸਕਦੀ ਹੈ ਕਿ ਇਕ ਵਾਰ ਉਹ ਸਿਆਣਪ ਭਰਿਆ ਵਿਵਹਾਰ ਕਰਨਗੀਆਂ।***

*(ਲੇਖਕ ਲਖਨਊ ਸਥਿਤ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਵਿਖੇ ਐਸੋਸ਼ੀਏਟ ਪ੍ਰੋਫੈਸਰ ਹੈ। ਲੇਖ ਉਸ ਦੀ ਨਿੱਜੀ ਰਾਇ ਦੀ ਝਲਕ ਹੈ।)*

*e-mail :kbhttacharya@iiml.ac.in*

# ਚੋਣਾਂ, ਚੋਣ ਸੁਧਾਰ ਤੇ ਭਾਰਤ 'ਚ ਲੋਕਤੰਤਰ ਦੀਆਂ ਡੂੰਘੀਆਂ ਹੁੰਦੀਆਂ ਜੜ੍ਹਾਂ : ਅਗਲਰੇ ਕਦਮ

ਸੁਬਰਤਾ ਕੇ. ਮਿਤਰਾ

ਲੋਕਤੰਤਰ ਵਿਚ ਵਿਸ਼ਵਾਸ ਰੱਖਣ ਵਾਲੇ ਸਾਰੀ ਦੁਨੀਆਂ ਦੇ ਲੋਕਾਂ ਲਈ ਭਾਰਤ ਵਿਚ ਸੋਲ੍ਹਵੀਂ ਲੋਕ ਸਭਾ ਦੀਆਂ ਚੋਣਾਂ ਦਾ ਜਸ਼ਨ ਮਨਾਉਣ ਦਾ ਮੌਕਾ ਹੈ। ਚੋਣਾਂ ਵਿਚ ਵੋਟਰਾਂ ਦੀ ਭਾਗੀਦਾਰੀ ਦਾ ਪੱਧਰ 66.4 ਪ੍ਰਤਿਸ਼ਤ, ਭਾਰਤੀ ਚੋਣ ਇਤਿਹਾਸ ਵਿਚ ਹੁਣ ਤਕ ਦਾ ਸਭ ਤੋਂ ਉੱਚਾ ਰਿਕਾਰਡ ਹੈ ਜੋ ਭਾਰਤ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਸਥਾਪਤ ਕਰਦਾ ਹੈ। ਬਾਵਜੂਦ ਇਸ ਸਚਾਈ ਦੇ ਕਿ ਲੰਮੀ, ਜ਼ੁਬਾਨੀ ਸ਼ਬਦ ਬਾਣਾਂ ਨਾਲ ਭਰੀ ਚੋਣ ਮੁਹਿੰਮ ਦੇ, ਚੋਣਾਂ ਆਪਣੇ ਆਪ ਵਿਚ ਸ਼ਾਂਤੀਪੂਰਵਕ, ਸਾਫ਼-ਸੁਥਰੇ ਤਰੀਕੇ ਨਾਲ ਨੇਪਰੇ ਚੜ੍ਹੀਆਂ ਅਤੇ ਇਹ ਭਾਰਤ ਵਿਚ ਲੋਕਤੰਤਰ ਦੀ ਅੰਦਰਲੀ ਤਾਕਤ ਦੀ ਗਵਾਹ ਹੈ। ਇਹ ਲੇਖ ਭਾਰਤ ਵਿਚ ਚੋਣ ਪ੍ਰਕਿਰਿਆ ਅਤੇ ਚੋਣ ਸੁਧਾਰਾਂ ਲਈ ਰਾਹ ਪੱਧਰਾ ਕਰਦਾ ਹੈ ਜਿਸ ਨਾਲ ਲੋਕਤੰਤਰ ਹੋਰ ਸੁਦ੍ਰਿੜ ਹੋਵੇਗਾ।

## ਚੋਣਾਂ ਅਤੇ ਭਾਰਤ ਵਿਚ ਮਜ਼ਬੂਤ ਹੋ ਰਿਹਾ ਲੋਕਤੰਤਰ

ਭਾਰਤ ਵਿਚ ਬਾਲਗਾਂ ਲਈ ਵੋਟ ਦਾ ਅਧਿਕਾਰ ਆਜ਼ਾਦੀ ਪ੍ਰਾਪਤੀ ਉਪਰੰਤ ਪਹਿਲੀ ਵਾਰ 1952 ਵਿਚ ਹੋਈਆਂ ਆਮ ਚੋਣਾਂ ਸਮੇਂ ਪ੍ਰਦਾਨ ਕੀਤਾ ਗਿਆ। ਸਾਰੀਆਂ ਰਾਜਸੀ ਪਾਰਟੀਆਂ, ਕਮਿਉਨਿਸਟ ਅਤੇ ਸੱਜੇ ਪੱਖੀ ਜਨਸੰਘ ਸਮੇਤ, ਨੂੰ ਇਨ੍ਹਾਂ ਚੋਣਾਂ ਵਿਚ ਭਾਗ ਲੈਣ ਦੀ ਇਜਾਜ਼ਤ ਦਿਤੀ ਗਈ। ਇਸ ਉਤਸ਼ਾਹ ਸਦਕਾ, ਵੋਟਰਾਂ ਦੀ ਗਿਣਤੀ ਲਗਾਤਾਰ ਵਧਦੀ ਗਈ ਜਿਸ ਨਾਲ ਵੱਡੀ ਗਿਣਤੀ ਵਿਚ ਉਹ ਵੋਟਰ ਇਸ ਦਾਇਰੇ ਵਿਚ ਆਏ ਜਿਨ੍ਹਾਂ ਨੂੰ ਚੋਣਾਂ ਵਿਚ ਭਾਗ ਲੈਣ ਦਾ ਪਿਛਲਾ ਕੋਈ ਤਜਰਬਾ ਨਹੀਂ ਸੀ। ਨਵੇਂ ਵੋਟਰਾਂ ਦੀ ਅਚਾਨਕ ਆਮਦ ਪਾਰਲੀਮਾਨੀ ਲੋਕਤੰਤਰ ਅਤੇ ਰਾਜਨੀਤਕ ਸ਼ਾਂਤੀ ਵਾਸਤੇ ਇਕ ਭਿਆਨਕ ਖ਼ਤਰਾ ਬਣ ਸਕਦੀ ਸੀ, ਖ਼ਾਸ ਕਰਕੇ ਭਾਰਤ ਦੀ ਵੰਡ ਵੇਲੇ ਹੋਈ ਹਿੰਸਾ ਦੇ ਮੱਦੇਨਜ਼ਰ। ਪਰ ਪਾਰਲੀਮਾਨੀ ਲੋਕਤੰਤਰ ਦੇ ਵਿਗਸਣ ਨਾਲ, ਰਾਜ ਅਤੇ ਨੇਤਾ – ਵਿਧਾਨ ਮੰਡਲ ਦੇ ਸੰਬੰਧਾਂ ਸਦਕਾ, ਰਾਜਸੀ ਦਲ ਅਤੇ ਚੋਣਾਂ ਆਜ਼ਾਦ ਭਾਰਤ ਦੇ ਰਾਜਨੀਤਕ ਵਾਤਾਵਰਨ ਦਾ ਇਕ ਜ਼ਰੂਰੀ ਹਿੱਸਾ ਬਣ ਗਈਆਂ। ਹਰੇਕ ਵਰਗ ਵਿਚ ਵੋਟ ਪਾਉਣ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ।

ਤਾਲਿਕਾ-1 ਵਿਚ ਦਿਤੇ ਗਏ ਅੰਕੜੇ ਭਾਰਤ ਦੀ, ਮਹਾਂਦੀਪੀ ਪੱਧਰ 'ਤੇ ਚੋਣ ਪ੍ਰਕਿਰਿਆ ਪ੍ਰਬੰਧਨ ਵਿਚ ਸਫਲਤਾ ਦੀ ਗਵਾਹੀ ਭਰਦੇ ਹਨ। ਵੱਡੇ ਪੱਧਰ 'ਤੇ ਗਰੀਬੀ ਅਤੇ ਅਨਪੜ੍ਹਤਾ ਦੇ ਬਾਵਜੂਦ,

ਤਾਲਿਕਾ-1 ਚੋਣਾਵੀ ਅੰਕੜੇ, ਭਾਰਤੀ ਪਾਰਲੀਮਾਨੀ ਚੋਣਾਂ 1952-2014

| ਸਾਲ | ਸੀਟਾਂ | ਉਮੀਦਵਾਰ | ਵੋਟ ਕੇਂਦਰ | ਵੋਟਰ (ਦਹਿਲੱਖਾਂ 'ਚ) | ਵੋਟਾਂ ਪਈਆਂ (ਦਹਿਲੱਖਾਂ 'ਚ) | ਵੋਟ ਪ੍ਰਤਿਸ਼ਤ |
|---|---|---|---|---|---|---|
| 1952 | 489 | 1874 | 132,560 | 173.2 | 79.1 | 45.7 |
| 1957 | 494 | 1519 | 220,478 | 193.7 | 92.4 | 47.7 |
| 1962 | 494 | 1985 | 238,355 | 217.7 | 120.6 | 55.4 |
| 1967 | 520 | 2369 | 267,555 | 250.6 | 153.6 | 61.3 |
| 1971 | 518 | 2784 | 342,944 | 274.1 | 151.6 | 55.3 |
| 1977 | 542 | 2439 | 373,908 | 321.2 | 194.3 | 60.5 |
| 1980 | 529 | 4629 | 434,742 | 363.9 | 202.7 | 56.9 |
| 1984 | 542 | 5493 | 479,214 | 400.1 | 256.5 | 64.1 |
| 1989 | 529 | 6160 | 579,810 | 498.9 | 309.1 | 62.0 |
| 1991 | 534 | 8780 | 588,714 | 511.5 | 285.9 | 55.9 |
| 1996 | 543 | 13952 | 767,462 | 592.6 | 343.3 | 57.9 |
| 1998 | 539 | 4708 | 765,473 | 602.3 | 373.7 | 62.0 |
| 1999 | 543 | 4648 | 774,651 | 619.5 | 371.7 | 60.0 |
| 2004 | 543 | 5435 | 687,402 | 671.5 | 389.9 | 58.1 |
| 2009 | 543 | – | 828,804 | 716,0 | – | 56,9 |
| 2014 | 543 | – | 930,000 | 814.0 | – | 66,4 |

*ਸਰੋਤ : ਡਾਟਾ ਯੂਨਿਟ ਸੀ ਐੱਸ ਡੀ ਐੱਸ ਦਿੱਲੀ, ਭਾਰਤ ਦਾ ਚੋਣ ਕਮਿਸ਼ਨ (1999,2004,2009,2014)*

ਆਜ਼ਾਦ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ, ਭਾਰਤ ਨੇ ਚੋਣਾਂ ਕਰਵਾਈਆਂ ਹਨ ਜਿਸ ਵਿਚ ਵੱਡੀ ਗਿਣਤੀ ਵਿਚ ਵੋਟਰਾਂ ਨੇ ਭਾਗ ਲਿਆ ਜਿਨ੍ਹਾਂ ਵਾਸਤੇ ਨੇੜੇ-ਤੇੜੇ ਪੋਲਿੰਗ ਬੂਥਾਂ ਦਾ ਇੰਤਜ਼ਾਮ ਕਰਨਾ ਹੁੰਦਾ ਹੈ। ਚੋਣ ਪ੍ਰਚਾਰ ਮੁਹਿੰਮ 'ਤੇ ਸਖ਼ਤ ਨਿਗਰਾਨੀ ਰੱਖੀ ਜਾਂਦੀ ਹੈ। ਜੇ ਕਿਸੇ ਥਾਂ ਵੋਟਾਂ ਦਾ ਘਪਲਾ ਜਾਂ ਹਿੰਸਾ ਹੋ ਜਾਵੇ ਤਾਂ ਚੋਣ ਪ੍ਰਕਿਰਿਆ ਨੂੰ ਰੋਕਣਾ ਜਾਂ ਦੁਬਾਰਾ ਵੋਟਾਂ ਪੁਆਉਣਾ ਕੋਈ ਵੱਡੀ ਗੱਲ ਨਹੀਂ।

## ਵਿਸ਼ਵਾਸ, ਪ੍ਰਭਾਵਿਕਤਾ ਤੇ ਜਾਇਜ਼ਪੁਣਾ : ਚੋਣ ਪ੍ਰਕਿਰਿਆ ਦਾ ਲੋਕਤੰਤਰਿਕ ਲਾਭਾਂਸ਼

ਜਨਤਕ ਵਿਚਾਰਧਾਰਾ ਦੇ ਅੰਕੜੇ ਉਪਲਬਧ ਹੋਣ ਕਾਰਨ ਅਸੀਂ ਭਾਰਤੀ ਲੋਕਾਂ ਦੇ ਵੱਖ-ਵੱਖ ਉੱਪ-ਵਰਗਾਂ ਵਿਚ ਪ੍ਰਭਾਵਿਕਤਾ ਦੇ ਅਹਿਸਾਸ ਨੂੰ ਵੇਖ ਸਕਦੇ ਹਾਂ। ਇਸ ਸਵਾਲ ਦੇ ਜਵਾਬ ਵਿਚ, ''ਕੀ ਤੁਸੀਂ ਸੋਚਦੇ ਹੋ ਕਿ ਤੁਹਾਡੀ ਵੋਟ ਦਾ ਪ੍ਰਭਾਵ ਪਿਆ?'' ਅਸੀਂ ਵੇਖ ਸਕਦੇ ਹਾਂ ਕਿ ਜਨਤਾ ਵਿਚ ਸਮੁੱਚੇ ਤੌਰ ਤੇ ਪ੍ਰਭਾਵਿਕਤਾ ਦਾ ਅਹਿਸਾਸ ਵਧਿਆ ਹੈ ਜੋ 1971 ਦੀ ਕੁੱਲ ਵਸੋਂ ਦੇ 48.5 ਪ੍ਰਤਿਸ਼ਤ ਤੋਂ 2004 ਵਿਚ 67.5 ਪ੍ਰਤਿਸ਼ਤ ਹੋ ਗਿਆ। ਦਿਲਚਸਪ ਗੱਲ ਹੈ, ਪ੍ਰਭਾਵਿਕਤਾ ਵਿਚ ਵਾਧਾ ਉਨ੍ਹਾਂ ਲੋਕਾਂ ਦੀ ਗਿਣਤੀ ਘਟਣ ਨਾਲ ਹੋਇਆ ਜਿਨ੍ਹਾਂ ਦੀ ਕੋਈ ਵਿਚਾਰਧਾਰਾ ਨਹੀਂ ਜਾਂ ਉਹ ਕਿਸੇ ਸਵਾਲ ਦੇ ਸੰਬੰਧ ਵਿਚ ਸਟੈਂਡ ਨਹੀਂ ਲੈ ਸਕਦੇ। ਉਹ ਲੋਕ ਜੋ ਪ੍ਰਭਾਵਿਕਤਾ ਤੋਂ ਪਰੇ ਹਨ, ਉਨ੍ਹਾਂ ਦੀ ਗਿਣਤੀ ਘੱਟ ਨਜ਼ਰ ਆ ਰਹੀ ਹੈ (ਕੁੱਲ ਵਸੋਂ ਦੇ ਪੰਜਵੇਂ ਹਿੱਸੇ ਤੋਂ ਵੀ ਘੱਟ) ਪਰ ਇਹ ਗਿਣਤੀ 1971-2004 ਦੇ ਸਮੇਂ ਦੌਰਾਨ ਸਥਿਰ ਰਹੀ ਹੈ। ਅਜਿਹਾ ਹੀ ਰੁਝਾਨ ਪ੍ਰਭਾਵਿਕਤਾ ਦੇ ਅਹਿਸਾਸ ਦੇ ਮਾਮਲੇ ਵਿਚ ਵੇਖਿਆ ਜਾ ਸਕਦਾ ਹੈ। ਸੋ, 1996 ਅਤੇ 2004, ਦੋਨਾਂ ਵਿਚ ਪ੍ਰਭਾਵਿਕਤਾ ਦੇ ਜ਼ਿਆਦਾ ਪੱਧਰ ਵਾਲੇ ਪੁਰਸ਼, ਉੱਚ ਜਮਾਤ, ਉੱਚ ਜਾਤੀ ਅਤੇ ਵੱਧ ਪੜ੍ਹੇ-ਲਿਖੇ ਲੋਕ ਸਨ। ਪਰ ਅਨੁਸੂਚਿਤ ਜਾਤੀ, ਮੁਸਲਿਮ ਅਤੇ ਈਸਾਈ ਵੀ ਵੱਧ ਪ੍ਰਭਾਵਿਕਤਾ ਵਾਲੇ ਵਰਗ ਵਿਚ ਹੀ ਨਜ਼ਰ ਆਉਂਦੇ ਹਨ। ਇਹ ਰਾਜਨੀਤਕ ਲਾਮਬੰਦੀ ਦਾ ਹਿੱਸਾ ਹੈ ਜੋ ਰਾਜਨੀਤਕ ਨੇਤਾਵਾਂ ਵਲੋਂ ਵੋਟਰਾਂ ਵਿਚ ਦਿਲਚਸਪੀ ਜਾਗ੍ਰਿਤ ਕਰਨ ਲਈ ਕੀਤੀ ਜਾਂਦੀ ਹੈ। ਪ੍ਰਭਾਵਿਕਤਾ ਨਾਲ ਮਿਲਦੀ-ਜੁਲਦੀ ਪੱਧਤੀ ਵੈਧਤਾ ਦੇ ਮਾਮਲੇ ਵਿਚ ਵੀ ਦੇਖੀ ਜਾ ਸਕਦੀ ਹੈ। ਇਥੇ ਸਵਾਲ ਨਾਂਹਵਾਚਕ ਕੀਤਾ ਗਿਆ ਹੈ, ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਉਹ ਲੋਕ ਜੋ ਵਰਤਮਾਨ ਰਾਜਨੀਤਕ ਪ੍ਰਣਾਲੀ ਜੋ ਦਲਾਂ, ਚੋਣਾਂ ਅਤੇ ਵਿਧਾਨ ਸਭਾਵਾਂ ਨੂੰ ਪਾਰਲੀਮਾਨੀ ਲੋਕਤੰਤਰ ਦੇ ਅੰਗਾਂ ਤੋਂ ਬਿਨਾਂ ਤਰਜੀਹ ਦਿੰਦੇ ਹਨ, ਉਹ ਇਸ ਸਵਾਲ ਦਾ ਜਵਾਬ ਨਾਂਹ ਵਿਚ ਦੇਣਗੇ - ਕਾਲਜ ਦੇ ਪੜ੍ਹੇ-ਲਿਖੇ ਲੜਕੇ-ਲੜਕੀਆਂ, ਤਖ਼ਤੀਆਂ ਚੁੱਕ ਕੇ ਚੱਲਣ ਵਾਲਿਆਂ ਦੇ ਇੰਟਰਵਿਊ ਲੈਣ ਵਾਲਿਆਂ ਲਈ ਇਹ ਗੱਲ ਆਸਾਨ ਨਹੀਂ ਹੋਵੇਗੀ।

***ਦਿਲਚਸਪ ਗੱਲ ਹੈ ਕਿ ਜੋ ਲੋਕ ਰਾਜਨੀਤਕ ਪ੍ਰਣਾਲੀ ਨੂੰ ਜਾਇਜ਼ ਮੰਨਦੇ ਹਨ, ਉਨ੍ਹਾਂ ਦੀ ਪ੍ਰਤਿਸ਼ਤ 1971 ਦੇ 43.4 ਪ੍ਰਤਿਸ਼ਤ ਦੇ ਮੁਕਾਬਲੇ 2004 ਵਿਚ ਵਧ ਕੇ 72.2 ਪ੍ਰਤਿਸ਼ਤ ਹੋ ਗਈ ਹੈ। ਪ੍ਰਭਾਵਿਕਤਾ ਵਾਲੇ ਮਾਮਲੇ ਵਾਂਗ, ਇਥੇ ਵੀ ਗਿਣਤੀ ਵਿਚ ਵਾਧਾ ਉਨ੍ਹਾਂ ਲੋਕਾਂ ਦੀ ਗਿਣਤੀ ਘਟਣ ਨਾਲ ਹੋਈ ਹੈ ਜਿਨ੍ਹਾਂ ਦੀ ਕੋਈ ਵਿਚਾਰਧਾਰਾ ਨਹੀਂ ਜਾਂ ਜੋ ਦੁਵਿਧਾ ਵਿਚ ਹਨ। ਜਨਸੰਖਿਆ ਦਾ ਇਕ ਛੋਟਾ ਪ੍ਰਤਿਸ਼ਤ, ਕੁੱਲ ਜਨਸੰਖਿਆ ਦਾ ਲਗਭਗ ਦਸਵਾਂ ਹਿੱਸਾ, ਇਸ ਗੱਲ 'ਤੇ ਨਿਸਚਿੰਤ ਰਹਿੰਦੇ ਹਨ ਕਿ ਪਾਰਲੀਮਾਨੀ ਲੋਕਤੰਤਰ ਦੇ ਵਿਕਲਪ ਵਧੀਆ ਹੋਣਗੇ। ਹੋਰ ਮੁੱਲੰਕਣ ਇਹ ਸਿੱਧ ਕਰਦਾ ਹੈ ਕਿ ਉੱਚ ਸਿੱਖਿਆ, ਉੱਚ ਜਾਤੀ ਅਤੇ ਈਸਾਈ, ਸ਼ਹਿਰੀ ਪੁਰਸ਼ ਅਤੇ ਯੁਵਕ ਵੈਧਤਾ ਦੇ ਉੱਚੇ ਪੱਧਰ ਵਾਲੇ ਹਨ।***

## ਭਾਰਤ ਦੇ ਚੋਣ ਸੁਧਾਰਾਂ ਦੇ ਕੁੱਝ ਮੀਲ ਪੱਥਰ

ਸੰਸਥਾਵਾਂ, ਕਾਨੂੰਨ ਅਤੇ ਵਿਧੀ ਵਿਧਾਨ ਜੋ ਭਾਰਤ ਦੇ ਚੋਣ ਪ੍ਰਕਿਰਿਆ ਨੂੰ ਸਹਾਰਾ ਦਿੰਦੇ ਹਨ, ਭਾਰਤੀ ਹਾਲਤਾਂ ਵਿਚ ਆਯਾਤਿਤ ਵੋਟ ਅਧਿਕਾਰ ਨੂੰ ਅਪਣਾਉਣ ਅਤੇ ਉਨ੍ਹਾਂ ਨੂੰ ਲੋਕਤੰਤਰ ਅਤੇ ਇਸ ਦੀ ਮਜ਼ਬੂਤੀ ਪ੍ਰਤਿ ਹੁੰਗਾਰਾ ਭਰਨ ਵਿਚ ਵਧੇਰੇ ਸਰਲਤਾ ਦਾ ਪ੍ਰਦਰਸ਼ਨ ਕਰਦੇ ਹਨ। ਬਹੁ-ਮੈਂਬਰੀ ਹਲਕਾ ਪ੍ਰਥਾ ਨੂੰ ਇਕ ਮੈਂਬਰੀ ਹਲਕਾ ਪ੍ਰਥਾ ਲਈ ਤਿਆਗ ਦਿਤਾ ਗਿਆ, ਜਿਹੜੇ ਹਿਤਾਂ ਦੇ ਗਠਜੋੜ ਨੂੰ ਕਾਇਮ ਕਰਨ ਵਿਚ ਮਦਦ ਕਰਦੇ ਹਨ ਜਿਹੜੇ ਸੌੜੇ ਵਰਗ ਦੀ ਪਛਾਣ ਨੂੰ ਇਕੱਠਾ ਕਰਨ ਦੀ ਬਜਾਇ ਆਮ, ਰਾਜਨੀਤਕ ਵਰਗਾਂ ਦੀ ਬੁਨਿਆਦ ਰੱਖਣਾ ਜ਼ਰੂਰੀ ਕਰ ਦਿੰਦੇ ਹਨ। ਜਿਵੇਂ ਕਿ ਇਕ ਵਿਭਿੰਨਤਾ ਵਾਲੇ ਸਮਾਜ ਵਿਚ ਅਸੀਂ ਆਸ ਕਰਦੇ ਹਾਂ ਅਨੁਪਾਤਕ ਵਿਧਾਨ ਲਾਗੂ ਕੀਤਾ ਜਾਵੇ ਜੋ ਜਾਤੀ, ਕਬੀਲੇ, ਭਾਸ਼ਾ, ਜਾਤੀਵਾਦ ਵਰਗੀਆਂ ਮੌਲਿਕ ਨੀਹਾਂ ਵਿਚ ਵੰਡਿਆ ਹੁੰਦਾ ਹੈ। ਪਰ ਵਿਸ਼ੇਸ਼ ਹਿਤਾਂ ਦੀ ਪ੍ਰਤਿਨਿਧਤਾ, ਜੋ ਵਿਸ਼ੇਸ਼ ਅਧਿਕਾਰ ਜਾਂ ਆਲੋਚਨਾਤਮਕ ਸਮਝੀ ਜਾਂਦੀ ਹੈ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਔਰਤਾਂ (ਸਥਾਨਕ ਚੋਣਾਂ ਵਿਚ) ਅਤੇ ਐਂਗਲੋ ਇੰਡੀਅਨਜ਼ ਲਈ ਕੋਟੇ ਦੇ ਰੂਪ ਵਿਚ ਬਰਕਰਾਰ ਰੱਖ ਗਈ। ਰਾਸ਼ਟਰਪਤੀ ਚੋਣਾਂ ਲਈ ਅਨੁਪਾਤਕ ਪ੍ਰਤਿਨਿਧਤਾ ਬਰਕਰਾਰ ਰੱਖੀ ਗਈ ਹੈ ਤਾਂ ਜੋ ਕੇਂਦਰ ਦੇ ਮੁਕਾਬਲੇ ਰਾਜਾਂ ਨੂੰ ਬਰਾਬਰੀ ਦਾ ਅਧਿਕਾਰ ਮਿਲ ਸਕੇ। ਬਹੁਤ ਸਾਰੀਆਂ ਸੋਧਾਂ ਕਰਕੇ ਲੋਕਤੰਤਰਿਕ ਪ੍ਰਕਿਰਿਆ ਦੀ ਕਾਰਜ ਪ੍ਰਣਾਲੀ ਮਜ਼ਬੂਤ ਹੋਈ ਹੈ ਅਤੇ ਚੋਣਾਂ ਦਾ ਦਾਇਰਾ ਵਧਿਆ ਹੈ। ਇਸ ਤਰ੍ਹਾਂ ਦਲ-ਬਦਲੀ ਵਿਰੋਧੀ ਕਾਨੂੰਨੀ, ਜੋ 52ਵੀਂ ਸੋਧ ਦੇ ਰੂਪ ਵਿਚ ਪਾਸ ਕੀਤਾ ਗਿਆ ਜਿਸ ਨਾਲ ਸੰਵਿਧਾਨ ਦੀ ਧਾਰਾ 101, 102, 190, 191 ਪ੍ਰਭਾਵਿਤ ਹੋਈਆਂ, ਇਹ ਕਾਨੂੰਨ 1985 ਵਿਚ ਪਾਸ ਕੀਤਾ ਗਿਆ। ਇਸ ਕਾਨੂੰਨ ਤਹਿਤ ਕਿਸੇ ਵਲੋਂ ਕਿਸੇ ਵਿਸ਼ੇਸ਼ ਪਾਰਟੀ ਦੇ ਟਿਕਟ 'ਤੇ ਚੋਣ ਜਿੱਤ ਕੇ ਦੂਜੀ ਪਾਰਟੀ ਵਿਚ ਜਾਣ 'ਤੇ ਰੋਕ ਲਗਾ ਦਿਤੀ ਗਈ ਜਿਸ ਨਾਲ ਪ੍ਰਤਿਨਿਧਤਾ ਦੀ ਸ਼ਕਤੀ ਸੁਦ੍ਰਿੜ ਹੋਈ। ਸੰਵਿਧਾਨ ਦੀ ਧਾਰਾ 326 ਦੀ 61ਵੀਂ ਸੋਧ, ਜਿਸ ਨਾਲ ਵੋਟਿੰਗ ਦੀ ਉਮਰ 21 ਤੋਂ ਘਟਾ ਕੇ 18 ਸਾਲ ਕੀਤੀ ਗਈ, ਨਾਲ ਵੋਟਾਂ ਦਾ ਦਾਇਰਾ ਵਿਸ਼ਾਲ ਹੋਇਆ। 1973 ਵਿਚ ਪਾਸ ਕੀਤੀ ਗਈ 73ਵੀਂ ਸੋਧ ਨਾਲ ਸੰਘੀ ਢਾਂਚੇ ਅੰਦਰ ਇਕ ਵਿਧਾਨਿਕ ਤੀਜੀ ਸਤਹ ਦੀ ਸ਼ੁਰੂਆਤ ਕੀਤੀ ਗਈ। ਇਸ ਨਾਲ ਸਥਾਨਕ ਪੱਧਰ 'ਤੇ ਪਹਿਲੀ ਵਾਰ ਸਿੱਧੇ ਲੋਕਤੰਤਰ ਦੀ ਸ਼ੁਰੂਆਤ ਹੋਈ ਅਤੇ ਔਰਤਾਂ ਲਈ ਇਕ ਤਿਹਾਈ

ਸੀਟਾਂ ਰਾਖਵੀਆਂ ਕਰਨ ਦਾ ਟੀਚਾ ਮਿਥ ਕੇ ਉਨ੍ਹਾਂ ਦੇ ਸ਼ਕਤੀਕਰਨ ਨੂੰ ਬਲ ਪ੍ਰਦਾਨ ਕੀਤਾ ਗਿਆ।

ਚੋਣਾਂ ਦੇ ਪ੍ਰਚਲਣ ਨੂੰ ਕਿਵੇਂ ਸੁਧਾਰਿਆ ਜਾਵੇ, ਇਸ ਬਾਰੇ ਜਾਣਕਾਰੀ ਬਹੁਤ ਸਾਰੇ ਸੰਸਥਾਗਤ ਉੱਦਮਾਂ ਜਿਵੇਂ ਕਿ ਚੋਣ ਕਾਨੂੰਨਾਂ ਵਿਚ ਬਦਲਾਅ। ਸੋਧ ਕਰਨ ਲਈ ਸਾਂਝੀ ਪਾਰਲੀਮਾਨੀ ਕਮੇਟੀ (1971-72), 1975 ਦੀ ਤਾਰਕੁੰਡੇ ਕਮੇਟੀ ਰਿਪੋਰਟ, 1990 ਦੀ ਗੋਸਵਾਮੀ ਕਮੇਟੀ ਰਿਪੋਰਟ ਅਤੇ ਚੋਣ ਕਮਿਸ਼ਨ ਦੀਆਂ 1998 ਵਿਚ ਕੀਤੀਆਂ ਗਈਆਂ ਸਿਫ਼ਾਰਸ਼ਾਂ ਦੁਆਰਾ ਪੈਦਾ ਕੀਤੀ ਗਈ। ਚੋਣਾਵੀ ਪ੍ਰਕਿਰਿਆ ਵਿਚ ਸਭ ਤੋਂ ਨਵੀਨਤਮ ਖੋਜ ਭਾਰਤ ਦੇ ਚੋਣ ਕਮਿਸ਼ਨ ਵਲੋਂ ਕੀਤੀ ਗਈ ਜਿਹੜਾ ਸੰਵਿਧਾਨ ਦੁਆਰਾ (ਧਾਰਾ 324) ਸਾਫ਼ ਸੁਥਰੀਆਂ ਅਤੇ ਨਿਰਪੱਖ ਚੋਣਾਂ ਕਰਵਾਉਣ ਦਾ ਰਖਵਾਲਾ ਨਿਯੁਕਤ ਕੀਤਾ ਗਿਆ ਹੈ (ਮੈਕਮਿਲਨ 2010)। ਹਰੇਕ ਚੋਣ ਮੌਕੇ ਇਨ੍ਹਾਂ ਰਾਜਨੀਤਕ ਪਾਰਟੀਆਂ ਲਈ ਆਦਰਸ਼ ਚੋਣ ਜ਼ਾਬਤਾ ਲਾਗੂ ਕਰਦਾ ਹੈ ਤਾਂ ਜੋ ਚੋਣਾਂ ਪਾਰਲੀਮਾਨੀ ਅਤੇ ਨਿਰਪੱਖ ਤਰੀਕੇ ਨਾਲ ਕਰਵਾਈਆਂ ਜਾ ਸਕਣ। ਚੋਣ ਕਮਿਸ਼ਨ ਵਲੋਂ 1971 ਵਿਚ ਪਹਿਲੀ ਵਾਰ (ਪੰਜਵੀਆਂ ਆਮ ਚੋਣਾਂ ਮੌਕੇ) ਚੋਣ ਜ਼ਾਬਤਾ ਲਾਗੂ ਕੀਤਾ ਗਿਆ ਅਤੇ ਇਸ ਵਿਚ ਸਮੇਂ-ਸਮੇਂ ਸੋਧਾਂ ਕੀਤੀਆਂ ਗਈਆਂ। ਇਨ੍ਹਾਂ ਨਾਲ ਭਾਰਤ ਨੂੰ ਬਹੁਤ ਫ਼ਾਇਦਾ ਹੋਇਆ ਪਰ ਜਿਵੇਂ ਕਿ ਹੇਠਾਂ ਦੱਸਿਆ ਜਾ ਰਿਹਾ ਹੈ, ਹਾਲੇ ਵੀ ਹੋਰ ਸੁਧਾਰ ਕਰਨ ਦੀ ਵੱਡੀ ਲੋੜ ਹੈ।

## ਭਾਰਤ ਦੀ ਚੋਣਾਵੀ ਰਾਜਨੀਤੀ ਦਾ ਹਿੰਸਕ ਰੂਪ ਤੇ ਚੋਣ ਸੁਧਾਰਾਂ ਦੀ ਲੋੜ

ਇਹ ਤੱਥ ਕਿ 2014 ਦੀਆਂ ਚੋਣਾਂ ਨੂੰ 9 ਪੜਾਵਾਂ ਵਿਚ ਵੰਡਿਆ ਗਿਆ ਤਾਂ ਕਿ ਸ਼ਾਂਤਮਈ ਵੋਟਿੰਗ ਯਕੀਨੀ ਬਣਾਉਣ ਲਈ ਸੁਰੱਖਿਆ ਬਲਾਂ ਦੀ ਇਕ ਤੋਂ ਦੂਜੇ ਥਾਂ ਤੈਨਾਤੀ ਕੀਤੀ ਜਾ ਸਕੇ, ਇਹ ਮਹੱਤਵਪੂਰਨ ਤੱਥ ਸਫਲਤਾ ਸਹਿਤ ਇੰਨੀਆਂ ਵਿਆਪਕ ਚੋਣਾਂ ਸਿਰੇ ਚੜ੍ਹਾਉਣ ਦੇ ਰੌਲੇ-ਰੱਪੇ ਵਿਚ ਦਬ ਕੇ ਰਹਿ ਜਾਂਦਾ ਹੈ। ਸੈਨਿਕ ਬਲਾਂ ਦੀ ਚੋਣਾਂ ਕਰਵਾਉਣ ਲਈ ਜ਼ਰੂਰਤ ਹਿੰਸਾ ਦੇ ਉਸ ਛੂਤ ਰੋਗ ਵੱਲ ਇਸ਼ਾਰਾ ਕਰਦਾ ਹੈ ਜੋ ਚਮਕਦਾਰ ਨਵੀਆਂ ਬਿਜਲਈ ਵੋਟਿੰਗ ਮਸ਼ੀਨਾਂ, ਬੂਥਾਂ ਤੇ ਡਿਊਟੀ ਦੇ ਰਹੇ ਅਮਲੇ ਅਤੇ ਟੈਲੀਵੀਜਨ ਕੈਮਰਿਆਂ ਸਾਹਮਣੇ ਉਂਗਲੀਆਂ ਚੁੱਕਣ ਵਾਲੇ ਸੁੰਦਰ ਚਿਹਰਿਆਂ ਦੀ ਸਤਹ ਥੱਲੇ ਘਾਤ ਲਗਾਈ ਬੈਠਾ ਹੁੰਦਾ ਹੈ। ਪੁਲਿਸ ਥਾਣੇ ਦੇ ਸਾਹਮਣੇ ਅਰਧ-ਸੈਨਿਕ ਬਲਾਂ ਦੇ ਜਵਾਨਾਂ ਦੀਆਂ ਲਾਸ਼ਾਂ ਦੇ ਢੇਰ ਦਾ ਭਿਆਨਕ ਦ੍ਰਿਸ਼, ਜਿਨ੍ਹਾਂ ਨੂੰ ਛੱਤੀਸਗੜ੍ਹ ਵਿਚ ਦਿਨ-ਦਿਹਾੜੇ ਮਾਓਵਾਦੀਆਂ ਵਲੋਂ ਸ਼ਹੀਦ ਕਰ ਦਿਤਾ ਗਿਆ ਸੀ, ਉਸ ਭਿਅੰਕਰ ਹਿੰਸਾ ਦੀ ਯਾਦ ਦੁਆਉਂਦਾ ਹੈ ਜੋ ਚੋਣ ਪ੍ਰਚਾਰ ਦੌਰਾਨ ਪੂਰਬੀ ਭਾਰਤ ਦੇ ਨਕਸਲ ਪ੍ਰਭਾਵਿਤ ਇਲਾਕਿਆਂ ਵਿਚ ਹੋਈ। ਇਨ੍ਹਾਂ ਹੱਤਿਆਵਾਂ ਅਤੇ ਚੋਣਾਂ ਦਾ ਐਲਾਨ ਮਹਿਜ਼ ਇਕ ਸੰਜੋਗ ਨਹੀਂ ਹੈ। ਸਥਾਨਕ ਪੱਧਰ 'ਤੇ ਆਪਣੀ ਚੌਧਰ ਸਥਾਪਤ ਕਰਨ ਲਈ ਮਾਓਵਾਦੀਆਂ ਵਲੋਂ ਸੁਰੱਖਿਆ ਬਲਾਂ ਨਾਲ ਆਢਾ ਲਾਉਣਾ ਇਕ ਪ੍ਰਭਾਵੀ ਰਣਨੀਤੀ ਹੈ। ਅਜਿਹੇ ਹਮਲੇ ਸੋਚੇ ਸਮਝੇ ਹੁੰਦੇ ਹਨ - ਜਿਨ੍ਹਾਂ ਦਾ ਮਕਸਦ ਹਥਿਆਰ ਲੁੱਟਣਾ ਅਤੇ ਆਪਣਾ ਸਿੱਕਾ ਜਮਾਉਣਾ ਹੁੰਦਾ ਹੈ ਤਾਂ ਜੋ ਮਾਓਵਾਦੀਆਂ ਵਲੋਂ ਚੋਣਾਂ ਦੇ ਬਾਈਕਾਟ ਦੇ ਐਲਾਨ ਨੂੰ ਦ੍ਰਿੜ੍ਹਤਾ ਨਾਲ ਲਾਗੂ ਕੀਤਾ ਜਾ ਸਕੇ। ਇਨ੍ਹਾਂ ਹਿੰਸਕ ਧਮਕੀਆਂ ਦੇ ਚਲਦਿਆਂ ਚੋਣਾਂ 9 ਪੜਾਵਾਂ ਵਿਚ ਕਰਵਾਈਆਂ ਗਈਆਂ ਜੋ ਸੁਰੱਖਿਆ ਬਲਾਂ ਦੀ ਆਵਾਜਾਈ ਤੇ ਤੈਨਾਤੀ ਲਈ ਬੇਹੱਦ ਜ਼ਰੂਰੀ ਹੈ। ਸੁਰੱਖਿਆ ਬਲਾਂ ਦੀ ਮੌਜੂਦਗੀ ਨਾ ਸਿਰਫ਼ ਕਸ਼ਮੀਰ ਅਤੇ ਉੱਤਰ ਪੂਰਬ ਦੇ ਗੜਬੜ ਵਾਲੇ ਇਲਾਕਿਆਂ ਸਗੋਂ ਪੂਰੇ ਦੇਸ਼ ਲਈ ਬਹੁਤ ਜ਼ਰੂਰੀ ਹੈ। ਕਿਹੋ ਜਿਹੀ ਵਿੰਡਬਨਾ ਹੈ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਲੋਕਮਤ ਵੀ ਸੁਰੱਖਿਆ ਬਲਾਂ ਦੀ ਹਿਫ਼ਾਜ਼ਤ ਵਿਚ ਹੀ ਬਣਾ ਸਕਦਾ ਹੈ। ਬੀਮਾਰੀ ਦੇ ਇਲਾਜ ਲਈ ਸੁਧਾਰਾਂ ਦੀ ਗੱਲ ਦੇਸ਼ ਵਿਆਪੀ ਹੈ। ਇਕ ਟਿੱਪਣੀਕਾਰ ਲਿਖਦਾ ਹੈ : "ਸਭ ਤੋਂ ਵੱਡਾ ਅਤੇ ਮਹੱਤਵਪੂਰਨ ਕੰਮ ਜੋ ਇਸ ਸਮੇਂ ਕਰਨ ਦੀ ਸਖਤ ਜ਼ਰੂਰਤ ਹੈ, ਉਹ ਤਿੰਨ ਭਿਆਨਕ ਚੀਜ਼ਾਂ ਨੂੰ ਖਤਮ ਕਰਨਾ ਹੈ - ਉਹ ਹੈ ਧਨ ਬਲ, ਬਾਹੂ ਬਲ ਅਤੇ ਮਾਫੀਆ ਸ਼ਕਤੀ। ਇਸ ਤੋਂ ਇਲਾਵਾ, ਚਾਰ ਵੱਡੀਆਂ ਅਲਾਮਤਾਂ ਨੂੰ ਖਤਮ ਕਰਨ ਦੀ ਲੋੜ ਹੈ। ਇਹ ਹਨ - ਭ੍ਰਿਸ਼ਟਾਚਾਰ, ਅਪਰਾਧੀਕਰਨ ਜਾਤੀਵਾਦ ਅਤੇ ਸੰਪਰਦਾਇਕਤਾ (ਸ਼ੰਕਰ 2014)"। ਪਰ ਅਜਿਹੇ ਵਿਚਾਰ, ਜੋ ਲੱਛੇਦਾਰ ਭਾਸ਼ਣਾਂ ਵਿਚ, ਜੋ ਭਾਰਤੀ ਰਾਜਨੀਤੀ ਦਾ ਸਾਰ ਤੱਤ ਹਨ - ਸਾਨੂੰ ਕਿਸੇ ਤਣ-ਪੱਤਣ ਨਹੀਂ ਲਾਉਂਦੇ ਕਿਉਂਕਿ ਕਿਸੇ ਵੀ ਖ਼ਾਸ ਨੀਤੀ, ਕਾਰਜ ਯੋਜਨਾ ਜਾਂ ਸੰਸਥਾਗਤ ਪ੍ਰਬੰਧ ਨਾਲ ਨੈਤਿਕ ਭਾਵਨਾਵਾਂ ਨਹੀਂ ਜੁੜੀਆਂ ਹੁੰਦੀਆਂ ਜੋ ਲਾਭ ਦੇ ਸਿਧਾਂਤ 'ਤੇ ਬਣਾਏ ਹੁੰਦੇ ਹਨ। ਹਿੰਸਾ ਨਾਲ ਸਿੱਝਣ ਲਈ, ਜੋ ਸਮਕਾਲੀ ਰਾਜਨੀਤੀ ਤੇ ਆਪਣੀ ਲੰਮੀ ਛਾਇਆ ਪਾਉਂਦੀ ਹੈ, ਤਿੰਨ ਮੁੱਦਿਆਂ ਵੱਲ ਧਿਆਨ ਦੇਣ ਦੀ ਤੁਰੰਤ ਲੋੜ ਹੈ। ਪਹਿਲਾ - ਰਾਜਨੀਤੀ ਦਾ ਅਪਰਾਧੀਕਰਨ ਅਤੇ ਭ੍ਰਿਸ਼ਟਾਚਾਰ ਵਿਚਾਲੇ ਸੰਬੰਧ (ਚਾਰਜਸ਼ੀਟ ਹੋਏ ਵਿਧਾਨਕਾਰ, ਕਾਲਾ ਧਨ, ਰਿਸ਼ਵਤ, ਭਾਈ-ਭਤੀਜਾਵਾਦ) ਅਪਰਾਧ, ਚੋਣਾਵੀ ਰਾਜਨੀਤੀ ਅਤੇ ਬਦਅਮਨੀ ਵਿਚਾਲੇ ਗਠਜੋੜ ਦੇ ਸਪੱਸ਼ਟ ਸੰਕੇਤ ਹਨ। ਉੱਚੇ ਪਦਾਂ 'ਤੇ ਬੈਠੇ ਲੋਕਾਂ ਵਲੋਂ ਵੈਧਤਾ ਨੂੰ ਸੱਟ ਮਾਰਨ ਵਾਲੀਆਂ ਕਾਰਵਾਈਆਂ ਦਾ ਚੋਣ ਕਮਿਸ਼ਨ ਵਲੋਂ ਨੋਟਿਸ ਲਿਆ ਜਾਣਾ ਚਾਹੀਦਾ ਹੈ, ਬਜਾਇ ਇਸ ਦੇ ਕਿ ਚੋਣ ਕਮਿਸ਼ਨ ਨੂੰ ਕੇਂਦਰ ਰਾਜ ਸਰਕਾਰਾਂ ਕੋਲੋਂ ਅਮਲਾ ਉਧਾਰਾ ਮੰਗਣਾ ਪਵੇ, ਉਸ ਕੋਲ ਆਪਣਾ ਸਮਰਪਿਤ ਅਮਲਾ ਹੋਣਾ ਚਾਹੀਦਾ ਹੈ ਜੋ ਕਾਨੂੰਨ ਅਤੇ ਚੋਣਾਵੀ ਵਿਗਿਆਨ ਵਿਚ ਮਾਹਰ ਹੋਵੇ। ਇਸ ਦੇ ਲਈ ਫ਼ੰਡ ਦੀ ਗਰੰਟੀ ਅਤੇ ਸੰਵਿਧਾਨਕ ਦਰਜਾ ਮਿਲਣਾ ਚਾਹੀਦਾ ਹੈ। ਦੂਜਾ ਆਦਰਸ਼ ਚੋਣ ਜ਼ਾਬਤਾ, ਜੋ ਚੋਣਾਵੀ ਧਾਂਦਲੀਆਂ ਲਈ ਭਾਰਤ ਦਾ

ਤਾਲਿਕਾ-2 ਸੰਸਥਾਵਾਂ ਵਿਚ ਵਿਸ਼ਵਾਸ

| | ਬਹੁਤ ਜ਼ਿਆਦਾ | ਥੋੜ੍ਹਾ-ਥੋੜ੍ਹਾ | ਬਿਲਕੁਲ ਨਹੀਂ |
|---|---|---|---|
| ਚੋਣ ਕਮਿਸ਼ਨ | 45.9 | 31.1 | 23.0 |
| ਨਿਆਂਪਾਲਿਕ | 41.6 | 34.2 | 24.2 |
| ਸਥਾਨਕ ਸਰਕਾਰਾਂ | 39.0 | 37.8 | 23.2 |
| ਰਾਜ ਸਰਕਾਰ | 37.2 | 43.6 | 19.2 |
| ਕੇਂਦਰ ਸਰਕਾਰ | 35.2 | 42.5 | 22.3 |
| ਚੁਣੇ ਹੋਏ ਪ੍ਰਤਿਨਿਧ | 19.9 | 40.4 | 39.7 |
| ਰਾਜਨੀਤਕ ਦਲ | 17.4 | 43.6 | 39.0 |
| ਸਰਕਾਰੀ ਅਧਿਕਾਰੀ | 17.2 | 40.4 | 42.3 |
| ਪੁਲਿਸ | 13.0 | 29.9 | 57.1 |

*ਸਰੋਤ : ਮਿਤਰਾ ਅਤੇ ਸਿੰਘ, ਡੈਮੋਕ੍ਰੇਸੀ ਐਂਡ ਸੋਸ਼ਲ ਚੇਂਜ (ਦਿੱਲੀ, ਸੇਜ, 1999) ਪੰਨਾ-260*

ਇਕੋ-ਇਕ ਇਲਾਜ ਹੈ - ਮਾਓਵਾਦੀਆਂ ਦੇ ਮਾਮਲੇ ਵਿਚ ਕਿਸੇ ਕੰਮ ਦਾ ਨਹੀਂ ਜੋ ਸਿੱਧੇ ਤੌਰ ਤੇ ਚੋਣਾਂ ਦੇ ਵਿਕਲਪ ਨੂੰ ਖਾਰਜ ਕਰਦੇ ਹਨ। ਪਰ, ਜੇ ਚੋਣ ਕਮਿਸ਼ਨ ਵਲੋਂ ਢੁਕਵੀਆਂ ਪਾਬੰਦੀਆਂ ਲਾ ਕੇ, ਰਾਜਸੀ ਦਲਾਂ ਨੂੰ ਮਾਓਵਾਦੀਆਂ ਦੀ ਸਹਾਇਤਾ ਲੈਣ ਤੋਂ ਵਰਜਿਆ ਜਾਵੇ ਤਾਂ ਰਾਜ ਵਿਰੋਧੀ ਤਾਕਤਾਂ ਨੂੰ ਰਾਜਨੀਤਕ ਸੁਰੱਖਿਆ, ਜੋ ਉਨ੍ਹਾਂ ਨੂੰ ਸਥਾਨਕ ਰਾਜਨੀਤਕ ਵਿਅਕਤੀਆਂ ਅਤੇ ਉਮੀਦਵਾਰਾਂ ਤੋਂ ਮਿਲਦੀ ਹੈ, ਤੋਂ ਵਾਂਝਿਆ ਕੀਤਾ ਜਾ ਸਕਦਾ ਹੈ। ਅਸੀਂ, ਭਾਰਤ ਦੀ ਸਰਗਰਮ ਨਿਆਂਪਾਲਿਕਾ ਅਤੇ ਸਿਵਲ ਸੋਸਾਇਟੀ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ 'ਭੁੱਖਾ ਆਦਮੀ ਬਾਗੀ' ਵੱਧ ਤੋਂ ਵੱਧ ਇਕ ਖ਼ਤਰਨਾਕ ਅੱਧਾ ਸੱਚ ਹੈ। ਰਣਨੀਤੀ ਖਿਡਾਰੀ ਵਜੋਂ, ਹੋਣ ਵਾਲੇ ਬਾਗੀ ਉਹ ਹਨ ਜੋ ਹਮਲਾ ਕਰਨ ਲਈ ਪੱਕਾ ਫ਼ਾਇਦਾ ਅਤੇ ਮੌਕਾ ਵੇਖਦੇ ਹਨ ਅਤੇ ਬਚ ਨਿਕਲਦੇ ਹਨ। ਬਾਗੀਆਂ ਨੂੰ ਧਿਰ ਬਣਾਉਣ ਦਾ ਹੱਲ ਉਪਦੇਸ਼ ਨਹੀਂ ਸਗੋਂ ਜੀਵਨ ਸਾਧਨ ਦੇ ਹੱਕਾਂ ਨੂੰ ਉਤਸ਼ਾਹ ਦੇਣ, ਸੁਰੱਖਿਆ ਅਤੇ ਜਾਇਦਾਦ ਨਾਲ ਬਣਦਾ ਹੈ ਜਿਸ ਵਾਸਤੇ ਮਜ਼ਬੂਤ ਇੰਤਜ਼ਾਮ (ਪੁਲਿਸ ਦੇ), ਪ੍ਰਬੰਧਨ ਅਤੇ ਸਥਾਨਕ ਪੰਚਾਇਤਾਂ ਨੂੰ ਢਾਂਚਾਗਤ ਮਸ਼ੀਨਰੀ ਵਿਚ ਅਮਨ ਕਾਨੂੰਨ ਬਣਾਏ ਰੱਖਣ ਲਈ ਸ਼ਾਮਿਲ ਕਰਨ ਨਾਲ ਸੰਭਵ ਹੋ ਸਕੇਗਾ।

ਆਦਰਸ਼ ਚੋਣ ਜ਼ਾਬਤੇ ਦਾ ਕੋਈ ਸੰਵਿਧਾਨਕ ਦਰਜਾ ਨਹੀਂ ਹੈ। ਚੋਣ ਕਮਿਸ਼ਨ ਕਦੇ-ਕਦੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾਂਦਾ ਪ੍ਰਤੀਤ ਹੁੰਦਾ ਹੈ। (ਅਲਿਸਟੇਅਰ ਮੈਕਮਿਲਨ, 2010, ਪੰਨਾ 113)। ਉੱਪਰ ਦਿਤੀ ਤਾਲਿਕਾ ਤੋਂ ਪਤਾ ਲਗਦਾ ਹੈ ਕਿ ਭਾਰਤੀ ਵੋਟਰ ਦੇ ਮਨ ਵਿਚ ਨਿਗਰਾਨ ਸੰਸਥਾਵਾਂ, ਜਿਵੇਂ ਸੁਪਰੀਮ ਕੋਰਟ ਅਤੇ ਚੋਣ ਕਮਿਸ਼ਨ ਦੇ ਮੁਕਾਬਲੇ ਚੁਣੇ ਹੋਏ ਪ੍ਰਤਿਨਿਧੀਆਂ ਦੇ ਲਈ ਵਿਸ਼ਵਾਸ ਦੀ ਕਮੀ ਹੈ। ਇਸ ਕਰਕੇ ਨਿਰਾਸ਼ਾ ਜਲਦੀ ਹੋ ਜਾਂਦੀ ਹੈ ਅਤੇ ਇਹ ਨਿਰਾਸ਼ਾ ਕਦੇ-ਕਦੇ ਹਿੰਸਕ ਰੂਪ ਅਖਤਿਆਰ ਕਰ ਲੈਂਦੀ ਹੈ ਜਿਸ ਨਾਲ ਨਵੇਂ ਸਿਰੇ ਤੋਂ ਚੋਣਾਂ ਜ਼ਰੂਰੀ ਹੋ ਜਾਂਦੀਆਂ ਹਨ। ਇੰਨੇ ਵੱਡੇ ਦੇਸ਼ ਵਿਚ ਅਜਿਹੀਆਂ ਹੰਗਾਮੀ ਹਾਲਤਾਂ ਨਾਲ ਸਿੱਝਣ ਲਈ, ਜਰਮਨ ਪਾਰਟੀਐਗੈਸਟਜ਼ ਕਮਿਸ਼ਨ ਕੋਲ ਨੌਕਰਸ਼ਾਹਾਂ ਦੀ ਪ੍ਰਣਾਲੀ ਹੋਣਾ ਜ਼ਰੂਰੀ ਹੈ। ਇਸ ਨਾਲ ਚੋਣਾਵੀ ਪ੍ਰਕਿਰਿਆ ਚੋਣ ਪ੍ਰਚਾਰ ਧਨ, ਰਾਜਨੀਤਕਾਂ ਦਲਾਂ ਅਤੇ ਉਮੀਦਵਾਰਾਂ 'ਤੇ ਤਿੱਖੀ ਅੱਖ ਰੱਖਣਾ ਸੌਖਾ ਹੋ ਜਾਵੇਗਾ।

## ਸਿੱਟਾ

ਕਿਸੇ ਵੀ ਪ੍ਰੌੜ ਲੋਕਤੰਤਰ ਵਾਂਗ, ਭਾਰਤ ਵਿਚ ਚੋਣਾਂ ਅਸਲ ਵਿਚ ਨਿੱਜੀ ਪ੍ਰਥਮਿਕਤਾਵਾਂ ਦਾ ਸਮਾਜਿਕ ਚੋਣ ਵਿਚ ਇਕੱਤਰੀਕਰਨ ਹੈ ਜੋ ਅੱਗੇ ਜਾ ਕੇ ਵਿਧਾਨ ਦਾ ਆਧਾਰ ਬਣਦਾ ਹੈ। ਸ਼ਾਸਨ ਦੀ ਪ੍ਰਕਿਰਿਆ ਵਿਚ ਨੀਤੀਗਤ ਨਤੀਜੇ ਅਤੇ ਪਾਰਦਰਸ਼ਤਾ ਲਈ ਕਾਰਜਕਰਨੀ ਨੂੰ ਜ਼ਿੰਮੇਵਾਰ ਠਹਿਰਾ ਕੇ, ਚੇਤੰਨ ਮਤਦਾਤਾ ਲੋਕਤੰਤਰ ਦੇ ਵਿਸਥਾਰ ਅਤੇ ਗਹਿਰਾਈ ਨੂੰ ਯਕੀਨੀ ਬਣਾਉਂਦਾ ਹੈ। ਬਸਤੀਵਾਦੀ ਨਿਜ਼ਾਮ ਤੋਂ ਮੁਕਾਬਲੇ ਦੇ ਚੋਣਾਂ ਅਤੇ ਵੋਟ ਪਾਉਣ ਦੇ ਅਧਿਕਾਰ ਵੱਲ ਪਰਿਵਰਤਨ, ਪਹਿਲਾਂ-ਪਹਿਲ ਦੀਆਂ ਚੋਣਾਂ ਸਮੇਂ ਸਮਾਜ ਦੇ ਉੱਚ ਵਰਗ ਵਲੋਂ ਮਤਦਾਤਾਵਾਂ ਨੂੰ ਜਾਗਰੂਕ ਅਤੇ ਸੰਗਠਿਤ ਕਰਕੇ ਯਕੀਨੀ ਬਣਾਇਆ ਗਿਆ (ਮਿਤਰਾ, 2014)। ਬਸਤੀਵਾਦੀ ਨਿਜ਼ਾਮ ਦੇ ਅੰਤ 'ਤੇ ਇਕਦਮ ਵੋਟ ਦੇ ਅਧਿਕਾਰ ਦੀ ਸ਼ੁਰੂਆਤ ਦਾ ਜੂਆ, ਬਜਾਇ ਇਸ ਦੇ ਕਿ ਸਥਿਰ, ਹੌਲੀ-ਹੌਲੀ ਵਧਣ ਵਾਲੀ ਪ੍ਰਣਾਲੀ ਜੋ ਪੱਛਮੀ ਲੋਕਤੰਤਰ ਦੇ ਵਿਕਾਸ 'ਤੇ ਜ਼ੋਰ ਦਿੰਦੀ ਹੈ, ਉਹ ਜੂਆ ਸਾਰਥਕ ਹੋ ਗਿਆ। ਆਜ਼ਾਦੀ ਤੋਂ ਬਾਅਦ ਪਹਿਲੀਆਂ ਚੋਣਾਂ ਸਮੇਂ ਕਾਂਗਰਸ ਦੀ ਹਕੂਮਤ ਬਣੀ ਪਰ 1967 ਦੀਆਂ ਚੋਣਾਂ ਮੌਕੇ ਸੱਜੇ-ਖੱਬਿਆਂ ਦੀ ਪਹਿਲੀ ਵਾਰ ਮਿਲੀਜੁਲੀ ਸਰਕਾਰ ਬਣੀ ਜਿਸ ਨਾਲ ਆਮ ਤੌਰ ਤੇ ਭਾਰਤ ਦੀਆਂ ਚੋਣਾਂ ਵਿਚ ਮੁਕਾਬਲੇਬਾਜ਼ੀ ਨੂੰ ਉਤਸ਼ਾਹ ਮਿਲਿਆ। 1971 ਵਿਚ ਪ੍ਰਸਿੱਧ ਅਧਿਕਾਰਵਾਦ ਆਇਆ। 1971 ਦੀਆਂ ਚੋਣਾਂ ਵਿਚ ਚੌੜੇ ਆਧਾਰ ਵਾਲਾ ਵਿਰੋਧੀ ਪਾਰਟੀਆਂ ਦਾ ਗੱਠਜੋੜ ਸੱਤਾ ਵਿਚ ਆਇਆ। 1989 ਤੋਂ ਬਹੁ-ਪਾਰਟੀ ਪ੍ਰਣਾਲੀ ਅਤੇ ਗਠਜੋੜ ਦੀ ਰਾਜਨੀਤੀ ਚਲਦੀ ਆ ਰਹੀ ਹੈ। ਗਹਿਰੇ ਹੋ ਰਹੇ ਭਾਰਤ ਦੇ ਲੋਕਤੰਤਰ ਦੀਆਂ ਉਪਲਬਧੀਆਂ ਨਾਲ ਸੇਲਿਗ ਹੈਰੀਸਨ (1968) ਦੇ ਖਦਸ਼ੇ ਨਿਰਮੂਲ ਸਾਬਤ ਹੋਏ ਹਨ, ਜਿਸ ਨੇ ਭਵਿੱਖਬਾਣੀ ਕੀਤੀ ਸੀ ਕਿ ਇਸ ਦਾ ਖਾਤਮਾ ਹੋ ਜਾਵੇਗਾ ਜਾਂ ਲਾਮਬੰਦੀ ਕਾਰਨ ਲੋਕਤੰਤਰ ਦਾ ਪਤਨ ਹੋ ਜਾਵੇਗਾ ਜਿਸ ਦਾ ਮੁੱਖ ਕਾਰਨ ਭਾਗੀਦਾਰੀ ਵਿਚ ਅਚਾਨਕ ਵਾਧਾ ਹੋਵੇਗਾ (ਹੰਟਿੰਗਟਨ 1968)। ਨਾ ਤਾਂ ਭਾਰਤ ਨਰਮ ਦੇਸ਼ ਰਿਹਾ ਹੈ, ਜੋ ਸਖਤ ਫ਼ੈਸਲੇ ਲੈਣ ਦੇ ਅਸਮਰਥ ਹੈ (ਮੈਰਿਡਲ 1970) ਜਾਂ ਸ਼ਾਂਤੀਪੂਰਵਕ ਅਧਰੰਗ। ਲੋਕਤੰਤਰਿਕ ਭਾਗੀਦਾਰੀ, ਜੋ ਬਸਤੀਵਾਦੀ ਰਾਜ ਵੇਲੇ 1880ਵਿਆਂ ਵਿਚ ਬਹੁਤ ਛੋਟੇ ਪੱਧਰ 'ਤੇ ਸ਼ੁਰੂ ਹੋਈ ਸੀ, ਹੁਣ ਵਧ-ਫੁੱਲ ਕੇ ਇਕ ਵੱਡਾ ਸੰਸਥਾਨ ਬਣ ਚੁੱਕਾ ਹੈ ਜਿਸ ਦੀ ਚੋਣ ਕਮਿਸ਼ਨ ਵਲੋਂ ਸੁਯੋਗ ਦੇਖਭਾਲ ਕੀਤੀ ਜਾ ਰਹੀ ਹੈ। ਇਹ ਭਾਰਤੀ ਮਤਦਾਤਾਵਾਂ ਦੀਆਂ ਨਿੱਜੀ ਆਵਾਜ਼ਾਂ ਨੂੰ ਇਕਮੁੱਠ ਕਰਨ ਦਾ ਇਕ ਭਰੋਸੇਯੋਗ ਯੰਤਰ ਬਣ ਗਿਆ ਹੈ।

**ਮੈਂ ਇਸ ਲੇਖ ਵਿਚ ਦਲੀਲ ਦਿਤੀ ਹੈ ਕਿ ਚੋਣਾਵੀ ਪ੍ਰਕਿਰਿਆ ਦਾ ਬੁਨਿਆਦੀ ਢਾਂਚਾ - ਇਕ ਮੈਂਬਰ ਵਾਲਾ ਹਲਕਾ ਅਤੇ ਵੱਧ ਤੋਂ ਵੱਧ ਵੋਟਿੰਗ - ਨੇ ਬਸਤੀਵਾਦੀ ਨਿਜ਼ਾਮ ਦੇ ਬਾਅਦ ਦੀ ਲੋੜ ਨੂੰ ਬਾਖ਼ੂਬੀ ਪੂਰਾ ਕੀਤਾ ਹੈ ਜਿਸ ਨਾਲ ਸੌੜੇ, ਵਰਗ ਵੰਡ ਵਿਚ ਫਸੀ ਜਨਤਾ ਵਿਚ ਮੁਕਤੀ, ਪਾਤਰਤਾ ਅਤੇ ਸ਼ਕਤੀਕਰਨ ਦੀ ਭਾਵਨਾ ਉਤਪੰਨ ਹੋਈ ਜੋ ਨਾਗਰਿਕਤਾ ਤਕ ਜਾ ਪਹੁੰਚੀ। ਇਸ ਤੋਂ ਬਾਅਦ ਹੋਏ ਚੋਣ ਸੁਧਾਰ ਅਤੇ ਚੋਣ ਕਮਿਸ਼ਨ ਵਲੋਂ ਨਵੀਆਂ ਉਚਾਈਆਂ ਪ੍ਰਾਪਤ ਕਰਨਾ, ਸਾਫ਼ ਅਤੇ ਨਿਰਪੱਖ ਚੋਣਾਂ ਦੀ ਨਿਗਰਾਨੀ ਨਾਲ ਇਹ ਲੋਕਤੰਤਰ ਦੇ ਸੁਦ੍ਰਿੜਤੀਕਰਨ ਦੇ ਰਸਤੇ 'ਤੇ ਚੱਲ ਪਿਆ ਹੈ। ਪਰ, ਵਿਸ਼ਵ ਸਭਿਆਚਾਰ ਧਾਰਾ ਦੇ ਇਸ ਯੁਗ ਵਿਚ, ਭਾਰਤ, ਜੋ ਪ੍ਰਮਾਣੂ ਸ਼ਕਤੀ ਹੈ ਅਤੇ ਉੱਭਰਦੀ ਹੋਈ ਆਰਥਿਕਤਾ ਹੈ, ਹੁਣ ਤੀਜੀ ਦੁਨੀਆਂ ਦੇ ਲੋਕਤੰਤਰ ਦੇ ਬੋਨਸ ਦੀ ਆਸ ਨਹੀਂ ਕਰ ਸਕਦਾ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਸਫਲਤਾ ਸਹਿਤ ਚੋਣਾਂ ਕਰਵਾਉਣ ਦਾ ਵਿਰੋਧਾਭਾਸ ਸੁਰੱਖਿਆ ਬਲਾਂ ਦੀ ਵੱਡੀ ਤੈਨਾਤੀ, ਉਹ ਵੀ ਸ਼ਾਂਤੀ ਸਮੇਂ, ਦਾ ਵੀ ਦਲੇਰੀ ਨਾਲ ਸਾਹਮਣਾ ਕਰਨਾ ਪਵੇਗਾ ਜੇ ਭਾਰਤ ਨੇ ਵਿਸ਼ਵ ਲੋਕਤੰਤਰ ਕਲੱਬ ਦੀ ਪੂਰੀ ਮੈਂਬਰਸ਼ਿਪ 'ਤੇ ਦਾਅਵਾ ਪੇਸ਼ ਕਰਨਾ ਹੈ।**

*(ਲੇਖਕ ਹੀਡਲਬਰਗ ਯੂਨੀਵਰਸਿਟੀ ਵਿਖੇ ਸਾਊਥ ਏਸ਼ੀਆ ਇੰਸਟੀਚਿਊਟ ਵਿਚ ਰਾਜਨੀਤੀ ਵਿਗਿਆਨ ਦਾ ਪ੍ਰੋਫੈਸਰ ਹੈ।)*

*e-mail :mitra@uni-heidelberg.de*

# ਲੋਕਤੰਤਰ ਅਤੇ ਚੋਣ ਸੁਧਾਰ

ਰਤਨ ਸਲਦੀ

ਭਾਰਤ ਵਿਚ ਪਹਿਲੀ ਜਨਵਰੀ 2014 ਨੂੰ ਆਧਾਰ ਮੰਨ ਕੇ ਵੋਟਰ ਸੂਚੀ ਵਿਚ ਕੀਤੇ ਸੁਧਾਰਾਂ ਅਨੁਸਾਰ 81 ਕਰੋੜ 45 ਲੱਖ ਮਤਦਾਤਾ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੇ ਹੱਕਦਾਰ ਸਨ। ਇਸੇ ਸਾਲ ਅਪ੍ਰੈਲ/ਮਈ ਵਿਚ ਹੋਈਆਂ ਲੋਕ ਸਭਾ ਚੋਣਾਂ ਇਸ ਵੋਟਰ ਸੂਚੀ ਦੇ ਆਧਾਰ 'ਤੇ ਕਰਵਾਈਆਂ ਗਈਆਂ ਸਨ। ਇਹ ਸੰਖਿਆ 2009 ਵਿਚ ਹੋਈਆਂ ਆਮ ਚੋਣਾਂ ਦੀ ਵੋਟਰ ਸੂਚੀ ਨਾਲੋਂ 10 ਕਰੋੜ ਤੋਂ ਵੱਧ ਹੈ। ਅਸਲ ਵਿਚ, ਭਾਰਤ ਦੇ ਚੋਣ ਕਮਿਸ਼ਨ ਵਲੋਂ ਕੀਤੀਆਂ ਅਣਥੱਕ ਕੋਸ਼ਿਸ਼ਾਂ ਸਦਕਾ, ਸਾਲ 2014 ਦੀ ਵੋਟਰ ਸੂਚੀ ਵਿਚ 18-19 ਸਾਲ ਦੀ ਉਮਰ ਦੇ ਨੌਜਵਾਨ ਵੋਟਰਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ ਹੈ ਅਤੇ 2 ਕਰੋੜ 30 ਲੱਖ ਤੋਂ ਵੱਧ ਵੋਟਰ ਜਾਂ ਕੁੱਲ ਵੋਟਰਾਂ ਦਾ 2.88 ਪ੍ਰਤਿਸ਼ਤ ਹਿੱਸਾ ਵੋਟਰ ਸੂਚੀ ਵਿਚ ਇਸ ਨੌਜਵਾਨ ਤਬਕੇ ਦਾ ਹੈ। ਨਿਸ਼ਚੇ ਹੀ, ਇੰਨੀ ਭਾਰੀ ਗਿਣਤੀ ਵੋਟਰ ਭਾਰਤ ਨੂੰ ਦੁਨੀਆਂ ਵਿਚ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਮਾਣ ਦਿੰਦੇ ਹਨ। ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਸਿਰਫ਼ ਇਸ ਦੇ ਵੋਟਰਾਂ ਦੀ ਭਾਰੀ ਗਿਣਤੀ ਹੋਣ ਕਾਰਨ ਹੀ ਨਹੀਂ ਹੈ ਸਗੋਂ ਇਸ ਨੂੰ ਨਿਰਪੱਖ ਅਤੇ ਸੁਤੰਤਰ ਚੋਣਾਂ ਕਰਵਾਉਣ ਵਾਲਾ ਮੋਢੀ ਦੇਸ਼ ਵੀ ਮੰਨਿਆ ਜਾਂਦਾ ਹੈ ਅਤੇ ਦੁਨੀਆਂ ਦੇ ਦੂਸਰੇ ਲੋਕਤੰਤਰ ਇਸ ਨੂੰ ਆਪਣੀ ਲੋਕਤੰਤਰੀ ਪ੍ਰਕਿਰਿਆ ਲਈ ਰੋਲ ਮਾਡਲ ਮੰਨਦੇ ਹਨ।

ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਨੇ ਸੰਸਦੀ ਲੋਕਤੰਤਰੀ ਪ੍ਰਣਾਲੀ ਨੂੰ ਦੇਸ਼ ਲਈ ਸਭ ਤੋਂ ਵੱਧ ਚੰਗਾ ਮਾਡਲ ਹੋਣ ਕਾਰਨ ਅਪਣਾਇਆ। ਭਾਰਤ ਬਰਤਾਨਵੀ ਹਕੂਮਤ ਦੇ ਕਬਜ਼ੇ ਹੇਠੋਂ 15 ਅਗਸਤ 1947 ਨੂੰ ਆਜ਼ਾਦ ਹੋਇਆ ਜੋ ਸਾਡੇ ਲਈ ਇਕ ਇਤਿਹਾਸਕ ਯਾਦਗਾਰੀ ਦਿਨ ਹੈ। ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਦੇਸ਼ ਅੰਦਰ ਖਲਾਅ ਪੈਦਾ ਹੋ ਗਿਆ ਸੀ ਅਤੇ ਦੇਸ਼ ਦੇ ਨਿਰਮਾਤਾਵਾਂ ਨੇ ਦੂਰ-ਅੰਦੇਸ਼ੀ ਅਤੇ ਸਹਿਨਸ਼ੀਲਤਾ ਦਿਖਾ ਕੇ, ਸਾਡੀਆਂ ਪਰੰਪਰਾਵਾਂ ਨੂੰ ਕਾਇਮ ਰੱਖਦੇ ਹੋਏ, ਭਾਰਤ ਨੂੰ ਵਿਕਾਸ ਦੀਆਂ ਲੀਹਾਂ 'ਤੇ ਪਾਇਆ ਅਤੇ ਦੇਸ਼ ਵਿਚ ਸੰਸਦੀ ਪ੍ਰਣਾਲੀ ਦਾ ਆਰੰਭ ਹੋਇਆ।

26 ਜਨਵਰੀ 1950 ਨੂੰ ਦੇਸ਼ ਦਾ ਸੰਵਿਧਾਨ ਲਾਗੂ ਹੋਇਆ ਅਤੇ ਭਾਰਤ ਲੋਕਤੰਤਰੀ ਪ੍ਰਣਾਲੀ ਵਾਲਾ ਗਣਤੰਤਰ ਬਣ ਗਿਆ ਜਿਸ ਵਿਚ ਹਰ ਬਾਲਗ ਨੂੰ ਵੋਟ ਦੇ ਅਧਿਕਾਰ ਰਾਹੀਂ ਆਪਣੀ ਸਰਕਾਰ ਚੁਣਨ ਦਾ ਅਧਿਕਾਰ ਮਿਲ ਗਿਆ। ਸ਼ੁਰੂ ਵਿਚ, 21 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਹਰ ਬਾਲਗ ਨੂੰ, ਭਾਵੇਂ ਮਰਦ ਹੋਵੇ ਜਾਂ ਔਰਤ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ ਪਰ 1988 ਵਿਚ ਰਾਜੀਵ ਗਾਂਧੀ ਸਰਕਾਰ ਨੇ ਵੋਟ ਦੇਣ ਦੇ ਅਧਿਕਾਰ ਦੀ ਉਮਰ ਸੀਮਾ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿਤੀ ਜਿਸ ਨਾਲ ਬਹੁਤ ਵੱਡੇ ਨੌਜਵਾਨ ਤਬਕੇ ਨੂੰ ਵੋਟ ਦਾ ਅਧਿਕਾਰ ਮਿਲ ਗਿਆ।

ਭਾਰਤ ਵਿਚ 1951-52 ਵਿਚ ਪਹਿਲੀਆਂ ਆਮ ਚੋਣਾਂ ਹੋਈਆਂ ਅਤੇ ਇਸ ਸਾਲ ਅਪ੍ਰੈਲ/ਮਈ ਵਿਚ ਹੋਈਆਂ ਚੋਣਾਂ ਦੇ ਸਿੱਟੇ ਵਜੋਂ ਦੇਸ਼ ਵਿਚ ਸੋਲ੍ਹਵੀਂ ਲੋਕ ਸਭਾ ਦਾ ਗਠਨ ਕੀਤਾ ਗਿਆ। ਉਸ ਵੇਲੇ ਆਮ ਲੋਕਾਂ ਵਿਚ ਵੋਟ ਦੇ ਅਧਿਕਾਰ ਅਤੇ ਚੋਣਾਂ ਦੇ ਮਹੱਤਵ ਬਾਰੇ ਅਤੇ ਚੋਣ ਮਸ਼ੀਨਰੀ ਦੇ ਚੋਣਾਂ ਕਰਵਾਉਣ ਦੇ ਤਜਰਬੇ ਦੀ ਘਾਟ ਕਾਰਨ, ਦੇਸ਼ ਦੇ ਪਹਿਲੇ ਮੁੱਖ ਚੋਣ ਅਧਿਕਾਰੀ ਸਕਮਾਰ ਸੇਨ ਨੂੰ 1951-52 ਦੀਆਂ ਪਹਿਲੀਆਂ ਆਮ ਚੋਣਾਂ ਕਰਵਾਉਣ ਵਿਚ ਬਹੁਤ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਪਰ ਅੱਜ, 60 ਤੋਂ ਵੱਧ ਸਾਲਾਂ ਬਾਅਦ ਵੀ ਅਜਿਹਾ ਕੁੱਝ ਨਹੀਂ ਹੈ ਕਿ ਦੇਸ਼ ਨੇ ਚੋਣਾਂ ਕਰਵਾਉਣ ਵਿਚ ਪੂਰਨਤਾ ਹਾਸਲ ਕਰ ਲਈ ਹੋਵੇ। ਸਮੇਂ-ਸਮੇਂ ਨਵੀਆਂ ਸਮੱਸਿਆਵਾਂ ਆਉਂਦੀਆਂ ਰਹਿੰਦੀਆਂ ਹਨ ਅਤੇ ਸਭ ਰਾਜਨੀਤਕ ਦਲ, ਚੋਣ ਕਮਿਸ਼ਨ ਅਤੇ ਸਰਕਾਰ ਮਿਲ ਕੇ ਉਨ੍ਹਾਂ ਦੇ ਹੱਲ ਲੱਭਣ ਦੀਆਂ ਕੋਸ਼ਿਸ਼ਾਂ ਵਿਚ ਲਗਾਤਾਰ ਲੱਗੇ ਹੋਏ ਹਨ। ਅਸਲ ਵਿਚ, ਲੋਕਤੰਤਰ ਅਤੇ ਚੋਣ ਸੁਧਾਰ ਇਕ ਅਜਿਹਾ ਵਿਸ਼ਾਲ ਵਿਸ਼ਾ ਹੈ ਜਿਸ ਨੂੰ ਇਕ ਲੇਖ ਜਾਂ ਇਕ ਕਿਤਾਬਚੇ ਦੀ ਸ਼ਕਲ ਦੇਣਾ ਬਹੁਤ ਔਖਾ ਹੈ ਪਰ ਲੋਕਤੰਤਰ ਦੇ ਮੁੱਖ ਮੁੱਦਿਆਂ ਤੇ ਚੋਣ ਸੁਧਾਰਾਂ ਦੀ ਅਹਿਮੀਅਤ ਬਾਰੇ ਸੰਖੇਪ ਵਿਚ ਚਰਚਾ ਜ਼ਰੂਰ ਕੀਤੀ ਜਾ ਸਕਦੀ ਹੈ ਤੇ ਚੋਣ ਸੁਧਾਰਾਂ ਨੂੰ ਦਰਪੇਸ਼ ਚੁਨੌਤੀਆਂ ਬਾਰੇ ਪੜਚੋਲ ਜ਼ਰੂਰ ਕੀਤੀ ਜਾ ਸਕਦੀ ਹੈ।

***ਕਿਸੇ ਵੀ ਲੋਕਤੰਤਰ ਦੀ ਮਜ਼ਬੂਤੀ ਲਈ, ਚੋਣ ਪ੍ਰਣਾਲੀ ਵਿਚ ਪਾਰਦਰਸ਼ਿਤਾ ਅਤੇ ਲੋਕਾਂ ਦਾ ਉਸ ਵਿਚ ਵਿਸ਼ਵਾਸ ਬਹੁਤ ਜ਼ਰੂਰੀ ਹੈ। ਪਰ ਜਿਥੇ ਸਾਨੂੰ ਆਪਣੇ ਲੋਕਤੰਤਰ ਉਪਰ ਮਾਣ ਹੈ, ਉਥੇ ਕਈ ਖਿੱਤੇ ਅਜਿਹੇ ਵੀ ਹਨ ਜਿਨ੍ਹਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ ਅਤੇ ਉਨ੍ਹਾਂ ਵਿਚ ਪੈਦਾ ਹੋਣ ਵਾਲੀਆਂ ਊਣਤਾਈਆਂ ਨੂੰ ਦੂਰ ਕਰਕੇ ਲੋਕਤੰਤਰ ਨੂੰ ਜਿਉਂਦਾ ਜਾਗਦਾ ਆਕਾਰ ਦੇਣ ਦੀ ਲੋੜ ਹੈ।***

ਭਾਵੇਂ ਭਾਰਤੀ ਲੋਕਤੰਤਰ, ਦੁਨੀਆਂ ਦੇ ਦੂਸਰੇ ਦੇਸ਼ਾਂ ਲਈ ਇਕ ਮਿਸਾਲ ਹੈ ਪਰ ਫਿਰ ਵੀ ਚੋਣ ਪ੍ਰਣਾਲੀ ਵਿਚ ਅਪਰਾਧੀਕਰਨ ਅਤੇ ਰਾਜਨੀਤਕ ਦਲਾਂ ਵਲੋਂ ਸਪੱਸ਼ਟ ਤੌਰ ਤੇ ਸਵੱਛ ਛਵੀ ਵਾਲੇ ਨੁਮਾਇੰਦਿਆਂ ਦੀ ਚੋਣ ਦੀ ਘਾਟ, ਵੋਟਰਾਂ ਨੂੰ ਡਰਾ-ਧਮਕਾ ਕੇ ਜਾਂ ਲੋਭ ਲਾਲਚ ਦੇ ਕੇ ਅਤੇ ਸਬਜ਼ਬਾਗ਼ ਦਿਖਾ ਕੇ ਆਪਣੇ ਹੱਕ ਵਿਚ

ਕਰ ਲੈਣ ਦੀਆਂ ਕੋਸ਼ਿਸ਼ਾਂ ਦੀ ਪ੍ਰਵਿਰਤੀ, ਚੋਣਾਂ ਵਿਚ ਧਨ ਦਾ ਪ੍ਰਭਾਵ ਅਤੇ ਬਿਨਾਂ ਪੱਖਪਾਤ, ਸਭ ਉਮੀਦਵਾਰਾਂ ਨੂੰ ਬਰਾਬਰ ਦੇ ਮੌਕੇ ਦੇਣ ਦੀ ਚੁਨੌਤੀ, ਆਜ਼ਾਦੀ ਦੇ 65 ਸਾਲਾਂ ਤੋਂ ਵੱਧ ਸਮਾਂ ਹੋ ਜਾਣ ਤੋਂ ਬਾਅਦ ਵੀ ਸਾਡੇ ਸਾਹਮਣੇ ਮੂੰਹ ਅੱਡੀ ਖੜ੍ਹੀ ਹੈ। ਪਰ ਅਜਿਹਾ ਵੀ ਨਹੀਂ ਹੈ ਕਿ ਇਸ ਦਿਸ਼ਾ ਵੱਲ ਕੋਈ ਕਦਮ ਨਹੀਂ ਉਠਾਏ ਗਏ। ਭਾਰਤ ਦੇ ਚੋਣ ਕਮਿਸ਼ਨ ਨੇ ਇਨ੍ਹਾਂ ਚੁਨੌਤੀਆਂ ਦਾ ਸਾਹਮਣਾ ਕਰਨ ਲਈ ਉਮੀਦਵਾਰਾਂ ਅਤੇ ਰਾਜਨੀਤਕ ਦਲਾਂ ਲਈ ਆਚਾਰ ਸੰਹਿਤਾ, ਮਾਡਲ ਕੋਡ ਆਫ ਕੰਡਕਟ ਅਤੇ ਹੋਰ ਕਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ ਅਤੇ ਸਮੇਂ-ਸਮੇਂ ਉਨ੍ਹਾਂ ਵਿਚ ਹਾਲਾਤ ਅਨੁਸਾਰ ਬਦਲਾਓ ਵੀ ਲਿਆਂਦਾ ਹੈ, ਪਰ ਇਸ ਦਿਸ਼ਾ ਵਿਚ ਹਾਲੇ ਵੀ ਬਹੁਤ ਕੁੱਝ ਕਰਨਾ ਬਾਕੀ ਹੈ। ਇਸ ਦੇ ਨਾਲ-ਨਾਲ, ਸਮੇਂ ਦੇ ਬਦਲਾਓ ਅਤੇ ਸੂਚਨਾ ਤਕਨਾਲੋਜੀ ਦੇ ਪਸਾਰ ਅਤੇ ਉਸ ਦੀ ਵਿਆਪਕ ਵਰਤੋਂ ਨਾਲ ਨਵੀਂ ਕਿਸਮ ਦੀਆਂ ਚੁਨੌਤੀਆਂ ਵੀ ਸਾਹਮਣੇ ਆਈਆਂ ਹਨ। ਉਨ੍ਹਾਂ ਨਾਲ ਨਜਿੱਠਣ ਲਈ ਪੁਰਾਣੇ ਜਾਬਤੇ ਕਾਫ਼ੀ ਨਹੀਂ ਹਨ ਅਤੇ ਚੋਣ ਕਮਿਸ਼ਨ, ਰਾਜਨੀਤਕ ਦਲਾਂ ਅਤੇ ਸਰਕਾਰ ਵਲੋਂ ਕੋਸ਼ਿਸ਼ਾਂ ਜਾਰੀ ਹਨ ਕਿ ਇਨ੍ਹਾਂ ਚੁਨੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ ਅਤੇ ਸੰਸਦੀ ਲੋਕਤੰਤਰ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਸਕੇ। ਇਨ੍ਹਾਂ ਤੋਂ ਇਲਾਵਾ, ਰਵਾਇਤੀ ਕਿਸਮ ਦੀਆਂ ਚੁਨੌਤੀਆਂ ਦਾ ਵੀ ਪੂਰੀ ਤਰ੍ਹਾਂ ਖਾਤਮਾ ਨਹੀਂ ਹੋ ਸਕਿਆ ਪਰ ਉਨ੍ਹਾਂ ਦੇ ਲੋਕਤੰਤਰ ਉੱਪਰ ਅਸਰ ਵਿਚ ਕਮੀ ਜ਼ਰੂਰ ਸਭ ਤੋਂ ਪਹਿਲਾਂ, ਰਵਾਇਤੀ ਚੁਨੌਤੀ ਜਿਸ ਦੀ ਲੋਕਤੰਤਰਿਕ ਪ੍ਰਣਾਲੀ ਵਿਚ ਜੜ੍ਹ ਲੱਗ ਗਈ ਹੈ, ਦਾ ਜ਼ਿਕਰ ਕਰੀਏ ਤਾਂ ਉਹ ਹੈ ਮਨੀਪਾਵਰ ਜਾਂ ਵੋਟਰਾਂ ਨੂੰ ਰੁਪਏ ਪੈਸੇ ਦਾ ਲਾਲਚ ਜਾਂ ਹੋਰ ਕਿਸੇ ਕਿਸਮ ਦੇ ਲੋਭ ਨਾਲ ਉਮੀਦਵਾਰਾਂ ਵਲੋਂ ਆਪਣੇ ਵੱਲ ਲੁਭਾਉਣ ਦੀਆਂ ਕੋਸ਼ਿਸ਼ਾਂ। ਇਹ ਖਾਮੀ ਲੋਕਤੰਤਰ ਵਿਚ ਮੁੱਢ ਤੋਂ ਹੀ ਜੁੜੀ ਹੋਈ ਹੈ ਅਤੇ ਸਖ਼ਤ ਤੋਂ ਸਖ਼ਤ ਕਾਨੂੰਨ ਵੀ ਇਸ ਨੂੰ ਜੜ੍ਹੋਂ ਖਤਮ ਨਹੀਂ ਕਰ ਸਕੇ। ਸਬੂਤ ਮਿਲ ਜਾਣ ਦੀ ਸੂਰਤ ਵਿਚ, ਉਮੀਦਵਾਰ ਦੀ ਚੋਣ ਖਾਰਜ ਹੋ ਜਾਣ ਦੀ ਸੰਭਾਵਨਾ ਹੋਣ ਦੇ ਬਾਵਜੂਦ, ਇਹ ਰਵਾਇਤੀ ਮੁੱਢ ਕਦੀਮੀ ਊਣਤਾਈ ਹਾਲੇ ਵੀ ਜਾਰੀ ਹੈ। ਇਸ ਸਾਲ ਦੀਆਂ ਆਮ ਚੋਣਾਂ ਵਿਚ, ਆਂਧਰ ਪ੍ਰਦੇਸ਼ ਵਿਚ ਸਭ ਤੋਂ ਵੱਧ ਸ਼ਰਾਬ ਦੀਆਂ ਬੋਤਲਾਂ ਅਤੇ ਨਗਦੀ ਫੜੀ ਗਈ ਸੀ ਜੋ ਕਥਿਤ ਤੌਰ ਤੇ, ਆਮ ਚੋਣਾਂ ਉਪਰ ਅਸਰ ਪਾਉਣ ਲਈ ਵੋਟਰਾਂ ਵਿਚ ਵੰਡੇ ਜਾਣ ਦੀ ਮਨਸ਼ਾ ਨਾਲ ਲਿਜਾਈ ਜਾ ਰਹੀ ਸੀ। ਇਸ ਰਵਾਇਤੀ ਕਮੀ ਉਪਰ ਪੂਰੀ ਤਰ੍ਹਾਂ ਕਾਬੂ ਇਸ ਲਈ ਨਹੀਂ ਪਾਇਆ ਜਾ ਸਕਿਆ ਕਿਉਂਕਿ ਇਹ ਸਮਾਜ ਦੀ ਮਾਨਸਿਕਤਾ ਨਾਲ ਜੁੜੀ ਹੋਈ ਹੈ। ਇਸ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਸਮਾਜਿਕ ਚੇਤਨਾ ਅਤੇ ਇਸ ਬੁਰਾਈ ਤੋਂ ਦੂਰ ਰਹਿਣ ਲਈ ਦ੍ਰਿੜ੍ਹ ਨਿਸ਼ਚੇ ਦੀ ਲੋੜ ਹੈ। ਇਸ ਸੰਬੰਧ ਵਿਚ ਬਣੇ ਕਾਨੂੰਨਾਂ ਦੀ ਵੀ ਸਖਤੀ ਨਾਲ ਪਾਲਣਾ ਹੋਣੀ ਚਾਹੀਦੀ ਹੈ।

***ਵਧ ਰਹੀਆਂ ਕੀਮਤਾਂ ਦੇ ਮੱਦੇਨਜ਼ਰ, ਉਮੀਦਵਾਰਾਂ ਵਲੋਂ ਆਮ ਸ਼ਿਕਾਇਤ ਸੀ ਕਿ ਉਨ੍ਹਾਂ ਵਲੋਂ ਆਪਣੇ ਚੋਣ ਪ੍ਰਚਾਰ ਉੱਪਰ ਕੀਤੇ ਜਾਣ ਵਾਲੇ ਖਰਚੇ ਦੀ ਸੀਮਾ ਬਹੁਤ ਘੱਟ ਹੈ। ਚੋਣ ਰੈਲੀਆਂ, ਰੋਡ ਸ਼ੋ, ਚੋਣ ਸਭਾਵਾਂ, ਪੋਸਟਰਾਂ, ਬੈਨਰਾਂ ਅਤੇ ਸਮਾਜਿਕ ਮੀਡੀਆ ਰਾਹੀਂ ਚੋਣ ਪ੍ਰਚਾਰ ਉਪਰ ਖਰਚਾ ਬਹੁਤ ਵਧ ਗਿਆ ਹੈ। ਇਸ ਨੂੰ ਧਿਆਨ ਗੋਚਰੇ ਰਖਦੇ ਹੋਏ, ਹਾਲ ਹੀ ਵਿਚ ਚੋਣ ਕਮਿਸ਼ਨ ਅਤੇ ਰਾਜਨੀਤਕ ਦਲਾਂ ਨਾਲ ਸਲਾਹ ਮਸ਼ਵਰੇ ਬਾਅਦ ਭਾਰਤ ਸਰਕਾਰ ਨੇ 28 ਫ਼ਰਵਰੀ 2014 ਨੂੰ ਇਕ ਨੋਟੀ-ਫਿਕੇਸ਼ਨ ਜਾਰੀ ਕਰਕੇ ਉਮੀਦਵਾਰਾਂ ਵਲੋਂ ਚੋਣ ਪ੍ਰਚਾਰ ਲਈ ਕੀਤੇ ਜਾਣ ਵਾਲੇ ਖਰਚੇ ਦੀ ਸੀਮਾ ਵਧਾ ਦਿਤੀ ਹੈ। ਇਹ ਹੁਣ ਲੋਕ ਸਭਾ ਦੀਆਂ ਚੋਣਾਂ ਲਈ 70 ਲੱਖ ਰੁਪਏ ਹੋ ਗਈ ਹੈ ਪਰ ਅਰੁਣਾਚਲ ਪ੍ਰਦੇਸ਼, ਗੋਆ ਅਤੇ ਸਿੱਕਮ ਜਿਹੇ ਛੋਟੇ ਰਾਜਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਵਿਚ ਇਹ ਸੀਮਾ 54 ਲੱਖ ਰਖੀ ਗਈ ਹੈ। ਇਸੇ ਤਰ੍ਹਾਂ ਵੱਡੇ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਵਲੋਂ ਚੋਣ ਪ੍ਰਚਾਰ ਉੱਪਰ ਖਰਚੇ ਦੀ ਸੀਮਾ 28 ਲੱਖ ਰੁਪਏ ਅਤੇ ਛੋਟੇ ਰਾਜਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਵਿਚ 20 ਲੱਖ ਰੁਪਏ ਰਖੀ ਗਈ ਹੈ।***

ਜਦੋਂ ਉਮੀਦਵਾਰ ਇੰਨਾ ਵੱਡਾ ਖਰਚਾ ਕਰ ਕੇ ਚੋਣ ਜਿੱਤ ਕੇ ਆਉਂਦੇ ਹਨ ਤਾਂ ਆਮ ਆਦਮੀ ਦੇ ਦਿਲ ਵਿਚ ਤੌਖਲਾ ਪੈਦਾ ਹੁੰਦਾ ਹੈ ਕਿ ਉਹ ਆਸ ਕਰਨਗੇ ਕਿ ਆਪਣੇ ਪੰਜ ਸਾਲ ਦੇ ਸੰਸਦੀ ਜਾਂ ਵਿਧਾਨ ਸਭਾ ਕਾਰਜਕਾਲ ਦੌਰਾਨ ਨਾ ਸਿਰਫ਼ ਇਸ ਖਰਚੇ ਦੀ ਪੂਰਤੀ ਕਰ ਲੈਣ ਸਗੋਂ ਭਵਿੱਖ ਵਿਚ ਉਮੀਦਵਾਰੀ ਭਰਨ ਅਤੇ ਚੋਣਾਂ ਲੜਨ ਲਈ ਪੂੰਜੀ ਜਮ੍ਹਾ ਕਰ ਲੈਣ। ਅਜਿਹੀ ਮਾਨਸਿਕਤਾ, ਰਿਸ਼ਵਤਖੋਰੀ ਦੀਆਂ ਸੰਭਾਵਨਾਵਾਂ ਪੈਦਾ ਕਰਦੀ ਹੈ। ਇਸ ਉਪਰ ਕਾਬੂ ਪਾਉਣ ਲਈ ਸਮੇਂ-ਸਮੇਂ ਇਹ ਮੰਗ ਉੱਠਦੀ ਰਹੀ ਹੈ ਕਿ ਉਮੀਦਵਾਰਾਂ ਦੇ ਚੋਣ ਪ੍ਰਚਾਰ ਉਪਰ ਹੋਣ ਵਾਲੇ ਖਰਚੇ ਨੂੰ, ਇਕ ਮਿਥੀ ਰਕਮ ਅਨੁਸਾਰ, ਸਰਕਾਰੀ ਖਜ਼ਾਨੇ ਵਿਚੋਂ ਪੂਰਾ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਉਮੀਦਵਾਰ ਚੋਣਾਂ ਵਿਚ ਆਪਣੇ ਕੋਲੋਂ ਖਰਚ ਨਹੀਂ ਕਰ ਸਕਦਾ ਜਾਂ ਪਹਿਲਾਂ ਤੋਂ ਮਿਥੀ ਰਾਸ਼ੀ ਤਕ ਹੀ ਖਰਚਾ ਕਰ ਸਕਦਾ ਹੈ ਜਿਸ ਦਾ ਹਿਸਾਬ-ਕਿਤਾਬ ਉਸ ਨੂੰ ਚੋਣ ਕਮਿਸ਼ਨ ਦੀ ਘੋਖ ਲਈ ਦੇਣਾ ਪਵੇ। ਇਸ ਨਾਲ ਸਭ ਉਮੀਦਵਾਰਾਂ ਨੂੰ ਇਕੋ ਜਿਹਾ ਵਰਤਾਰਾ ਮਿਲੇਗਾ ਅਤੇ ਚੋਣਾਂ ਵਿਚ ਹੋਣ ਵਾਲੀਆਂ ਧਾਂਦਲੀਆਂ ਵਿਚ ਕਮੀ ਆਵੇਗੀ ਅਤੇ ਲੋਕਤੰਤਰ ਦੀ ਜੜ੍ਹ ਮਜ਼ਬੂਤ ਹੋਵੇਗੀ। ਪਰ ਉਚੇਚੀਆਂ ਕੋਸ਼ਿਸ਼ਾਂ ਅਤੇ ਗੋਸਵਾਮੀ, ਇੰਦਰਜੀਤ, ਤਾਰਕੁੰਡੇ ਅਤੇ ਹੋਰ ਕਮੇਟੀਆਂ ਦੇ ਹਾਂ-ਪੱਖੀ ਸੁਝਾਵਾਂ ਦੇ ਬਾਵਜੂਦ, ਇਸ ਦਿਸ਼ਾ ਵਿਚ ਕੋਈ ਆਮ ਰਾਇ ਨਹੀਂ ਬਣ ਸਕੀ ਅਤੇ ਕੋਈ ਠੋਸ ਕਦਮ ਨਹੀਂ ਉਠਾਏ ਜਾ ਸਕੇ।

ਚੋਣਾਂ ਦਾ ਅਪਰਾਧੀਕਰਨ ਜਾਂ ਅਪਰਾਧੀ ਪ੍ਰਵਿਰਤੀ ਵਾਲੇ ਉਮੀਦਵਾਰਾਂ ਦਾ ਚੋਣਾਂ ਵਿਚ ਖੜ੍ਹੇ ਹੋਣਾ ਅਤੇ ਜਿੱਤ ਕੇ ਆਉਣਾ ਵੀ ਇਕ ਵੱਡੀ ਸੋਚ ਦਾ ਮੁੱਦਾ ਬਣਿਆ ਹੋਇਆ ਹੈ। ਬਹੁਬਲੀ ਉਮੀਦਵਾਰ ਜੋ ਆਪਣੇ ਖੇਤਰ ਦੇ ਲੋਕਾਂ ਵਿਚ ਦਬਦਬਾ ਰਖਦੇ ਹਨ, ਵਲੋਂ ਚੋਣਾਂ ਲੜਨ ਨਾਲ ਉਸ ਚੋਣ ਖੇਤਰ ਦੇ ਸਭ ਉਮੀਦਵਾਰਾਂ ਨੂੰ ਸਾਵਾਂ ਕਾਰਜ ਖੇਤਰ ਨਹੀਂ ਮਿਲਦਾ ਜਿਸ ਨਾਲ ਸਾਫ਼ ਸੁਥਰੀਆਂ ਚੋਣਾਂ ਕਰਵਾਉਣਾ ਇਕ ਬਹੁਤ ਮੁਸ਼ਕਿਲ ਕਾਰਜ ਬਣ ਜਾਂਦਾ ਹੈ। ਵੋਟਰਾਂ ਉਪਰ ਦਬਾਅ ਪਾਉਣਾ, ਬੂਥ ਕਬਜ਼ੇ, ਸੁਯੋਜਿਤ ਢੰਗ ਨਾਲ ਚੋਣਾਂ ਵਿਚ ਹੋਰ ਧਾਂਦਲੀਆਂ ਕਰਨਾ ਆਦਿ ਨੂੰ ਸਾਡੇ ਦੇਸ਼ ਦੀ ਚੋਣਕਾਰਾਂ ਦੀ ਇੰਨੀ ਵੱਡੀ ਗਿਣਤੀ ਨੇ ਦੇਖਦੇ ਹੋਏ, ਰੋਕਣਾ ਇਕ ਬਹੁਤ ਅਸੰਭਵ ਕਾਰਜ ਹੈ।

ਇਸ ਤੋਂ ਇਲਾਵਾ, ਚੋਣਾਂ ਵਿਚ ਧਾਂਦਲੀਆਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਵੀ ਇਕ ਢਿੱਲੀ-ਮੱਠੀ ਪ੍ਰਕਿਰਿਆ ਹੈ ਜਿਸ ਨਾਲ ਚੋਣਾਂ ਦੇ ਜ਼ਾਬਤੇ ਅਤੇ ਕਾਨੂੰਨ ਤੋੜਨ ਵਾਲਿਆਂ ਦੇ ਦਿਲ ਵਿਚ ਭੈਅ ਪੈਦਾ ਨਹੀਂ ਹੁੰਦਾ। ਅਜਿਹੀਆਂ ਧਾਂਦਲੀਆਂ ਵਿਚ ਕਮੀ ਜ਼ਰੂਰ ਆਈ ਹੈ ਪਰ ਇਹ ਉੱਕਿਆਂ ਖਤਮ ਨਹੀਂ ਕੀਤੀਆਂ ਜਾ ਸਕੀਆਂ। ਇਸ ਸੰਬੰਧ ਵਿਚ ਭਾਰਤ ਸਰਕਾਰ ਵਲੋਂ ਸਮੇਂ-ਸਮੇਂ ਉੱਚ ਪੱਧਰੀ ਕਮੇਟੀਆਂ ਦਾ ਗਠਨ ਕੀਤਾ ਗਿਆ ਅਤੇ ਲਾਅ ਕਮਿਸ਼ਨ ਵਲੋਂ ਵੀ ਇਸ ਸੰਬੰਧ ਵਿਚ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ ਅਤੇ ਦੇਸ਼ ਦੀ ਸਰਵੋਚ ਅਦਾਲਤ ਵਲੋਂ ਵੀ ਇਸ ਸੰਬੰਧ ਵਿਚ ਆਦੇਸ਼ ਦਿਤੇ ਗਏ ਫਿਰ ਵੀ ਚੋਣਾਂ ਦਾ ਅਪਰਾਧੀਕਰਨ ਖਤਮ ਨਹੀਂ ਹੋ ਸਕਿਆ। ਚੋਣ ਸੁਧਾਰਾਂ ਲਈ ਚੋਣ ਕਮਿਸ਼ਨ ਨੇ 2003 ਵਿਚ ਇਕ ਆਦੇਸ਼ ਜਾਰੀ ਕੀਤਾ ਸੀ ਜਿਸ ਅਨੁਸਾਰ ਉਮੀਦਵਾਰਾਂ ਨੂੰ ਆਪਣੇ ਚੋਣ ਫਾਰਮ ਨਾਲ ਇਕ ਐਫੀਡੈਵਿਟ ਵੀ ਭਰਨਾ ਲਾਜ਼ਮੀ ਕੀਤਾ ਗਿਆ ਜਿਸ ਵਿਚ ਉਨ੍ਹਾਂ ਵਲੋਂ ਕਿਸੇ ਵੀ ਅਦਾਲਤ ਵਿਚ ਉਨ੍ਹਾਂ ਖ਼ਿਲਾਫ਼ ਅਪਰਾਧਕ ਮੁਕੱਦਮੇ ਚੱਲਣ ਅਤੇ ਉਨ੍ਹਾਂ ਦੀ ਚੱਲ-ਅਚੱਲ ਸੰਪਤੀ ਅਤੇ ਦੇਣਦਾਰੀ ਬਾਰੇ ਜਾਣਕਾਰੀ ਦੇਣਾ ਲਾਜ਼ਮੀ ਕੀਤਾ ਗਿਆ। ਲੋਕ ਪ੍ਰਤਿਨਿਧੀ ਕਾਨੂੰਨ 1951 ਦੀ ਧਾਰਾ 8 ਅਨੁਸਾਰ ਦੇਸ਼ ਦੀ ਕਿਸੇ ਅਦਾਲਤ ਵਲੋਂ ਸੂਚੀ ਵਿਚ ਦਰਜ ਅਪਰਾਧਾਂ ਲਈ ਸਜ਼ਾਯਾਫ਼ਤਾ ਮੁਜਰਮਾਂ ਨੂੰ 6 ਸਾਲ ਲਈ ਚੋਣਾਂ ਲੜਨ ਤੋਂ ਬਰਤਰਫ਼ ਕੀਤਾ ਗਿਆ ਹੈ। ਉਪ ਧਾਰਾ 3 ਵਿਚ ਕਿਹਾ ਗਿਆ ਹੈ ਕਿ ਕਿਸੇ ਉਮੀਦਵਾਰ ਨੂੰ ਦੋ ਸਾਲ ਜਾਂ ਉਸ ਤੋਂ ਵੱਧ ਸਜ਼ਾ ਹੋਣ ਦੀ ਸੂਰਤ ਵਿਚ ਉਹ ਚੋਣਾਂ ਵਿਚ ਖੜ੍ਹਾ ਨਹੀਂ ਹੋ ਸਕੇਗਾ ਅਤੇ ਸਜ਼ਾ ਕੱਟ ਕੇ ਆਉਣ ਬਾਅਦ 6 ਸਾਲ ਤਕ ਚੋਣਾਂ ਨਹੀਂ ਲੜ ਸਕੇਗਾ। ਅਦਾਲਤਾਂ ਵਿਚ ਲੰਬੇ ਸਮੇਂ ਤਕ ਮੁਕੱਦਮੇ ਚਲਦੇ ਰਹਿਣ ਨਾਲ ਇਸ ਕਾਨੂੰਨ ਦਾ ਸਖ਼ਤੀ ਨਾਲ ਪਾਲਣ ਨਹੀਂ ਹੋ ਸਕਿਆ ਅਤੇ ਚੋਣ ਕਮਿਸ਼ਨ ਨੇ ਅਪਰਾਧੀ ਉਮੀਦਵਾਰਾਂ ਖ਼ਿਲਾਫ਼ ਮੁਕੱਦਮਿਆਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦੇ ਗਠਨ ਅਤੇ 6 ਮਹੀਨੇ ਦੇ ਅੰਦਰ-ਅੰਦਰ ਅਜਿਹੇ ਮੁਕੱਦਮਿਆਂ ਦੇ ਨਿਪਟਾਰੇ ਦੀ ਸਿਫ਼ਾਰਸ਼ ਕੀਤੀ। 16ਵੀਂ ਲੋਕ ਸਭਾ ਵਿਚ ਵੀ ਵੱਡੇ ਪੱਧਰ 'ਤੇ ਅਜਿਹੇ ਉਮੀਦਵਾਰ ਚੁਣ ਕੇ ਆਏ ਹਨ ਜਿਨ੍ਹਾਂ ਖ਼ਿਲਾਫ਼ ਅਦਾਲਤਾਂ ਵਿਚ ਮੁਕੱਦਮੇ ਚਲ ਰਹੇ ਹਨ ਪਰ ਉਨ੍ਹਾਂ ਦਾ ਹਾਲੇ ਨਿਪਟਾਰਾ ਨਹੀਂ ਹੋਇਆ ਹੈ ਅਤੇ ਉਹ ਕਾਨੂੰਨ ਦੇ ਘੇਰੇ ਹੇਠ ਨਹੀਂ ਆਉਂਦਾ।

ਲੋਕਤੰਤਰ ਦੀ ਮਜ਼ਬੂਤੀ ਲਈ, ਚੋਣਾਂ ਦੇ ਅਪਰਾਧੀਕਰਨ ਨੂੰ ਰੋਕਣਾ ਬਹੁਤ ਜ਼ਰੂਰੀ ਹੈ ਅਤੇ ਇਸ ਖੇਤਰ ਵਿਚ ਹਾਲੇ ਬਹੁਤ ਕੁੱਝ ਕਰਨਾ ਬਾਕੀ ਹੈ ਪਰ ਅਜਿਹੇ ਫੈਸਲੇ ਆਮ ਰਾਇ ਨਾਲ ਹੀ ਲਏ ਜਾ ਸਕਦੇ ਹਨ ਜੋ ਬਣਨਾ ਬਹੁਤ ਮੁਸ਼ਕਿਲ ਕੰਮ ਹੈ ਪਰ ਅਸੰਭਵ ਨਹੀਂ।

***ਚੋਣਾਂ ਕਰਾਉਣ ਲਈ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ, ਈ ਵੀ ਐੱਮ ਦੀ ਵਰਤੋਂ ਚੋਣ ਸੁਧਾਰਾਂ ਦੀ ਦਿਸ਼ਾ ਵਿਚ ਇਕ ਮੀਲ ਪੱਥਰ ਸਾਬਤ ਹੋਈ ਹੈ। ਸਭ ਤੋਂ ਪਹਿਲਾਂ, ਈ ਵੀ ਐੱਮ ਦੀ ਵਰਤੋਂ 1982 ਵਿਚ ਕੇਰਲ ਵਿਧਾਨ ਸਭਾ ਲਈ ਪਰੂਰ ਸੀਟ ਲਈ ਹੋਈਆਂ ਉਪ ਚੋਣਾਂ ਵਿਚ ਪਰਖਣ ਦੇ ਤੌਰ ਤੇ 50 ਚੋਣ ਕੇਂਦਰਾਂ ਵਿਚ ਵਰਤੀਆਂ ਗਈਆਂ ਪਰ ਸੁਪਰੀਮ ਕੋਰਟ ਦੇ 1983 ਵਿਚ ਸੰਸਦ ਵਲੋਂ ਇਕ ਆਦੇਸ਼ ਅਨੁਸਾਰ, ਈ ਵੀ ਐੱਮ ਦੀ ਚੋਣਾਂ ਵਿਚ ਵਰਤੋਂ ਉਪਰ ਰੋਕ ਲਗਾਈ ਗਈ। 1988 ਵਿਚ ਕਾਨੂੰਨ ਵਿਚ ਤਰਮੀਮ ਕਰਕੇ, 15 ਮਾਰਚ 1989 ਤੋਂ ਇਨ੍ਹਾਂ ਦੀ ਮੁੜ ਵਰਤੋਂ ਲਈ ਰਾਹ ਪੱਧਰਾ ਕੀਤਾ ਗਿਆ।***

ਇਨ੍ਹਾਂ ਵਿਚ ਸੁਧਾਰਾਂ ਦੀ ਦਿਸ਼ਾ ਵੱਲ ਕਦਮ ਉਠਾਉਣ ਲਈ ਇਕ ਕਮੇਟੀ ਸਥਾਪਤ ਕੀਤੀ ਗਈ ਅਤੇ ਚੋਣ ਕਮਿਸ਼ਨ, ਇਸ ਦਿਸ਼ਾ ਵੱਲ ਤਕਨੀਕੀ ਮਾਹਿਰਾਂ ਨਾਲ ਲਗਾਤਾਰ ਸੰਪਰਕ ਰੱਖ ਰਿਹਾ ਹੈ। ਨਵੰਬਰ 1998 ਤੋਂ ਸੰਸਦ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਲਈ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਆਮ ਵਰਤੋਂ ਹੋ ਰਹੀ ਹੈ ਅਤੇ 2004, 2009 ਅਤੇ 2014 ਵਿਚ ਹੋਈਆਂ ਸੰਸਦੀ ਚੋਣਾਂ ਲਈ ਦੇਸ਼ ਦੇ ਸਭ ਚੋਣ ਹਲਕਿਆਂ ਵਿਚ ਇਨ੍ਹਾਂ ਮਸ਼ੀਨਾਂ ਉੱਪਰ ਉੱਕਿਆਂ ਪਾਬੰਦੀ ਨਾ ਲੱਗ ਸਕਣ ਦੀ ਸੂਰਤ ਵਿਚ, ਸੁਪਰੀਮ ਕੋਰਟ ਨੇ ਆਪਣੇ 27 ਸਤੰਬਰ 2013 ਦੇ ਆਦੇਸ਼ ਅਨੁਸਾਰ ਹਦਾਇਤ ਕੀਤੀ ਕਿ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਿਚ ਵੋਟਰਾਂ ਵਲੋਂ ਆਪਣੀ ਪਸੰਦ ਦੇ ਉਮੀਦਵਾਰ ਦੀ ਚੋਣ ਵਿਚ 'ਉੱਪਰ ਦਿਤਿਆਂ ਵਿਚੋਂ ਕਿਸੇ ਨੂੰ ਵੀ ਨਹੀਂ' (ਨੋਟਾ) ਦਾ ਪ੍ਰਬੰਧ ਕੀਤਾ ਜਾਵੇ। ਨੋਟਾ ਦਾ ਇਸਤੇਮਾਲ ਸਭ ਤੋਂ ਪਹਿਲਾਂ ਛੱਤੀਸਗੜ੍ਹ ਵਿਚ ਕੀਤਾ ਗਿਆ ਅਤੇ ਉਸ ਦਾ ਬਾਅਦ ਪਿਛਲੇ ਸਾਲ ਹੋਈਆਂ ਚਾਰ ਵਿਧਾਨ ਸਭਾ ਚੋਣਾਂ, ਮੱਧ ਪ੍ਰਦੇਸ਼, ਰਾਜਸਥਾਨ, ਮੀਜ਼ੋਰਮ ਅਤੇ ਦਿੱਲੀ ਵਿਚ ਵੀ ਇਸ ਦੀ ਵਰਤੋਂ ਕੀਤੀ ਗਈ। ਤਾਜ਼ਾ ਹੋਈਆਂ ਚੋਣਾਂ ਵਿਚ ਇਸ ਦੀ ਵਰਤੋਂ ਦੀਆਂ ਪੰਜ ਮੁੱਖ ਚੈਨਲਾਂ – ਵਿਕੀਪੀਡੀਆ, ਟਵੀਟਰ, ਯੂ ਟਿਊਬ, ਫੇਸਬੁੱਕ ਅਤੇ ਐਪਸ ਆਦਿ ਨੂੰ ਧਿਆਨ ਵਿਚ ਰਖਦੇ ਹੋਏ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ ਕਿ ਜਿਸ ਤਰ੍ਹਾਂ ਕਾਨੂੰਨੀ ਪ੍ਰਕਿਰਿਆ ਚੋਣ ਪ੍ਰਚਾਰ ਉਪਰ ਲਾਗੂ ਹੈ, ਉਸੇ ਤਰ੍ਹਾਂ ਇਹ ਸ਼ੋਸ਼ਲ ਮੀਡੀਆ ਲਈ ਵੀ ਲਾਗੂ ਹੋਵੇਗੀ। ਕਮਿਸ਼ਨ ਨੇ ਇਹ ਵੀ ਹਦਾਇਤ ਕੀਤੀ ਹੈ ਕਿ ਜਿਸ ਤਰ੍ਹਾਂ ਮਾਡਲ ਕੋਡ ਆਫ਼ ਕੰਡਕਟ ਰਾਜਨੀਤਕ ਦਲਾਂ ਅਤੇ ਉਮੀਦਵਾਰਾਂ ਲਈ ਚੋਣਾਂ ਬਾਰੇ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਚੋਣ ਪ੍ਰਕਿਰਿਆ ਪੂਰੀ ਹੋ ਜਾਣ ਤਕ ਲਾਗੂ ਰਹਿੰਦਾ ਹੈ, ਉਸੇ ਤਰ੍ਹਾਂ ਇਹ ਜਾਬਤਾ ਇੰਟਰਨੈੱਟ ਸਮੇਤ ਸ਼ੋਸ਼ਲ ਮੀਡੀਆ ਦੀਆਂ ਹੋਰ ਕਿਸਮਾਂ ਲਈ ਵੀ ਲਾਗੂ ਰਹੇਗਾ।

ਦੇਸ਼ ਵਿਚ ਉਮੀਦਵਾਰਾਂ ਵਲੋਂ ਦੋ ਚੋਣ ਖੇਤਰਾਂ ਵਿਚ ਚੋਣ ਲੜਨ ਦੀ ਵਿਵਸਥਾ ਨੂੰ ਖਤਮ ਕਰਕੇ, ਸਿਰਫ਼ ਇਕ ਉਮੀਦਵਾਰ ਇਕ ਚੋਣ ਹਲਕੇ ਤੋਂ ਹੀ ਉਮੀਦਵਾਰੀ ਭਰਨ ਨੂੰ ਲਾਗੂ ਕਰਨ ਉਪਰ ਵੀ ਬਹਿਸ ਚਲ ਰਹੀ ਹੈ। ਇਹ ਵੀ ਚੋਣ ਸੁਧਾਰਾਂ ਵੱਲ ਇਕ ਚੰਗਾ ਕਦਮ ਹੋਵੇਗਾ।

***ਅਖੀਰ ਵਿਚ, ਇਹ ਕਹਿਣਾ ਢੁਕਵਾਂ ਹੋਵੇਗਾ ਕਿ ਚੋਣ ਸੁਧਾਰ ਲੋਕਤੰਤਰ ਦੀ ਮਜ਼ਬੂਤੀ ਦਾ ਇਕ ਅਭਿੰਨ ਅੰਗ ਹਨ ਅਤੇ ਸਮੇਂ ਦੇ ਬਦਲਾਅ ਨਾਲ ਸਾਹਮਣੇ ਆ ਰਹੀਆਂ ਚੁਨੌਤੀਆਂ ਦਾ ਪੁਰਜ਼ੋਰ ਸਾਹਮਣਾ ਕਰ ਕੇ ਲਗਾਤਾਰ ਚੋਣ ਸੁਧਾਰਾਂ ਦੀ ਪ੍ਰਕਿਰਿਆ ਜਾਰੀ ਰਹਿਣੀ ਚਾਹੀਦੀ ਹੈ। ਇਸ ਨਾਲ ਲੋਕਤੰਤਰ ਨੂੰ ਹੋਰ ਬਲ ਮਿਲੇ ਗਾ ਅਤੇ ਲੋਕਾਂ ਦਾ ਸੰਸਦੀ ਲੋਕਤੰਤਰਿਕ ਪ੍ਰਣਾਲੀ ਵਿਚ ਵਿਸ਼ਵਾਸ ਹੋਰ ਪੱਕਾ ਹੋਵੇਗਾ।***

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :rcsaldi@yahoo.com*

# ਚੋਣ ਸੁਧਾਰ : ਸਮੇਂ ਦੀ ਜ਼ਰੂਰਤ

ਰਵੇਲ ਸਿੰਘ

ਚੋਣ ਸੁਧਾਰ ਇਕ ਨਾ ਮੁੱਕਣ ਵਾਲਾ ਅਮਲ ਹੈ। 1950 ਵਿੱਚ ਜਦੋਂ ਤੋਂ ਭਾਰਤ ਲੋਕਤੰਤਰ ਗਣਰਾਜ ਬਣਿਆ ਹੈ, ਉਦੋਂ ਤੋਂ ਹੀ ਚੋਣ ਸੁਧਾਰਾਂ ਦੀ ਲੋੜ ਮਹਿਸੂਸ ਹੋ ਰਹੀ ਹੈ। ਸਾਡੇ ਸੰਵਿਧਾਨ ਦੇ ਬਾਨੀ ਡਾ. ਬੀ.ਆਰ. ਅੰਬੇਡਕਰ ਨੇ ਭਾਵੇਂ ਸੰਵਿਧਾਨ ਤਿਆਰ ਕਰਦਿਆਂ ਡੂੰਘੀ ਸੋਚ-ਸਮਝ ਤੇ ਸੰਜਮ ਤੋਂ ਕੰਮ ਲਿਆ ਸੀ ਪਰ ਅੱਜ ਦੇ ਯੁਗ ਵਿਚ ਅਜਿਹਾ ਕੁਝ ਵੀ ਨਹੀਂ ਜੋ ਆਖ਼ਰੀ ਸੱਚ ਹੋਵੇ। ਹਰ ਸਮੇਂ ਦਾ ਆਪੋ ਆਪਣਾ ਸੱਚ ਹੁੰਦਾ ਹੈ, ਜਿਵੇਂ ਸੰਵਿਧਾਨ ਵਿਚ ਲਗਾਤਾਰ ਤਰਮੀਮਾਂ ਦੀ ਲੋੜ ਪੈਂਦੀ ਹੈ, ਤਿਵੇਂ ਹੀ ਚੋਣ ਸੁਧਾਰ ਵੀ ਲਗਾਤਾਰ ਜਾਰੀ ਰੱਖਣ ਵਾਲਾ ਅਮਲ ਹੈ। ਅਫਸੋਸ ਦੀ ਗੱਲ ਇਹ ਹੈ ਕਿ ਸਾਡੇ ਸਿਆਸੀ ਨੇਤਾ ਉਹੀ ਕਰਦੇ ਹਨ, ਜੋ ਉਹਨਾਂ ਦੇ ਫਾਇਦੇ ਵਿਚ ਹੁੰਦਾ ਹੈ। ਗ਼ਰੀਬ ਸੂਬਿਆਂ ਵਿਚ ਵੋਟਰਾਂ ਦੀ ਖਰੀਦੋ ਫਰੋਖ਼ਤ, ਜਬਰੀ ਵੋਟ ਪਾਉਣਾ, ਚੋਣ ਬੂਥਾਂ ਤੇ ਕਬਜ਼ੇ, ਵੋਟਰਾਂ ਨੂੰ ਡਰਾਉਣਾ, ਧਮਕਾਉਣਾ, ਆਮ ਜਿਹੀ ਗੱਲ ਰਹਿ ਗਈ ਹੈ।

***ਚੋਣਾਂ ਵਿਚ ਧਨ-ਦੌਲਤ ਅਤੇ ਬਾਹੂਬਲ ਇੰਨਾ ਭਾਰੀ ਹੋ ਗਿਆ ਹੈ ਕਿ ਆਮ ਇਨਸਾਨ ਚੋਣ ਅਖਾੜੇ ਵੱਲ ਮੂੰਹ ਨਹੀਂ ਕਰਦਾ, ਸਗੋਂ ਵੋਟਰ ਵੀ ਬੇਚਾਰਾ ਬਣ ਕੇ ਮੂਲ ਦਰਸ਼ਕ ਵਜੋਂ ਸਭ ਕੁਝ ਦੇਖਣ ਲਈ ਮਜਬੂਰ ਹੈ। ਖ਼ੈਰ, ਸਾਡੇ ਸਿਆਸਤਦਾਨਾਂ ਵਲੋਂ ਚੋਣ ਸੁਧਾਰਾਂ ਤੋਂ ਮੂੰਹ ਮੋੜਨ ਮਗਰੋਂ ਅਦਾਲਤਾਂ ਨੇ ਸਰਗਰਮੀ ਦਿਖਾਉਂਦਿਆਂ ਕੁਝ ਕਦਮ ਚੁੱਕੇ ਹਨ, ਜੋ ਕਿਸੇ ਹੱਦ ਤਕ ਕਾਰਗਰ ਵੀ ਸਾਬਤ ਹੋ ਰਹੇ ਹਨ।***

1978 ਵਿਚ ਸੁਪਰੀਮ ਕੋਰਟ ਨੇ ਇਕ ਫ਼ੈਸਲੇ ਰਾਹੀਂ ਦਖ਼ਲ ਦੇ ਕੇ ਚੋਣ ਕਮਿਸ਼ਨ ਦੀ ਖ਼ੁਦਮੁਖਤਾਰੀ ਬਹਾਲ ਕੀਤੀ ਸੀ ਅਤੇ ਸੰਵਿਧਾਨ ਦੀ ਧਾਰਾ 324 ਦੀ ਵਿਆਖਿਆ ਕਰਦਿਆਂ ਚੋਣ ਕਮਿਸ਼ਨ ਨੂੰ ਚੋਣ ਕਰਵਾਉਣ ਤੇ ਇਨ੍ਹਾਂ ਦੀ ਨਿਗਰਾਨੀ ਲਈ ਵੱਡੀਆਂ ਤਾਕਤਾਂ ਦਿੱਤੀਆਂ ਸਨ। ਮਹਿੰਦਰ ਸਿੰਘ ਗਿੱਲ ਕੇਸ ਵਿਚ ਅਦਾਲਤ ਨੇ ਕਿਹਾ ਸੀ ਕਿ ਸੰਵਿਧਾਨ ਵਿਚ ਨਿਰਪੱਖ ਤੇ ਸੁਤੰਤਰ ਚੋਣਾਂ ਕਰਵਾਉਣ ਦਾ ਪ੍ਰਬੰਧ ਹੈ, ਜਿਸ ਮਨੋਰਥ ਲਈ ਚੋਣ ਕਮਿਸ਼ਨ ਨੂੰ ਅਜਿਹੀਆਂ ਤਾਕਤਾਂ ਦੇਣ ਦੀ ਲੋੜ ਹੈ, ਤਾਂ ਜੋ ਲੋੜ ਪੈਣ 'ਤੇ ਉਹ ਹਾਲਤਾਂ ਮੁਤਾਬਕ ਕਾਰਵਾਈਆਂ ਕਰ ਸਕੇ।

ਇਸ ਮਗਰੋਂ 20 ਸਾਲਾਂ ਤਕ ਅਦਾਲਤ ਵੀ ਚੁੱਪ ਰਹੀ ਅਤੇ 1996 ਵਿਚ ਇਸ ਦੇ ਇਕ ਹੋਰ ਮਹੱਤਵਪੂਰਨ ਫੈਸਲੇ ਰਾਹੀਂ ਸਿਆਸੀ ਪਾਰਟੀਆਂ ਨੂੰ ਆਦੇਸ਼ ਦਿੱਤਾ ਕਿ ਉਹ ਹਰੇਕ ਉਮੀਦਵਾਰ ਉੱਤੇ ਹੋਏ ਖ਼ਰਚ ਦਾ ਵੇਰਵਾ ਚੋਣ ਕਮਿਸ਼ਨ ਨੂੰ ਦੇਵੇ। ਇਨ੍ਹਾਂ ਦੋਵਾਂ ਫੈਸਲਿਆਂ ਵਿਚ ਅਦਾਲਤ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਚਰਚਿਲ ਦਾ ਹਵਾਲਾ ਦਿੱਤਾ ਸੀ ਕਿ ਲੋਕਤੰਤਰ ਦੇ ਸਭ ਤੋਂ ਹੇਠਲੇ ਪੁਰਜ਼ੇ ਵੋਟਰ ਨੂੰ ਮਹੱਤਤਾ ਦੇਣੀ ਬਣਦੀ ਹੈ, ਜੋ ਇਕੱਲਾ ਇਕ ਛੋਟੇ ਜਿਹੇ ਬੂਥ ਵਿਚ ਜਾ ਕੇ ਵੋਟ ਪਾਉਂਦਾ ਹੈ ਅਤੇ ਕਿਸੇ ਉਮੀਦਵਾਰ ਦੀ ਕਿਸਮਤ ਦਾ ਫੈਸਲਾ ਕਰਦਾ ਹੈ।

2002 ਦੇ ਫੈਸਲੇ ਵਿਚ ਹੀ ਅਦਾਲਤ ਨੇ ਫੈਸਲਾ ਦਿੱਤਾ ਸੀ ਕਿ ਹਰੇਕ ਵੋਟਰ ਨੂੰ ਆਪਣੇ ਉਮੀਦਵਾਰ ਬਾਰੇ ਪੂਰੀ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਹਾਸਿਲ ਹੈ। ਇਸ ਲਈ ਅਦਾਲਤ ਨੇ ਹਰੇਕ ਉਮੀਦਵਾਰ ਲਈ ਹਲਫਨਾਮਾ ਭਰਨਾ ਲਾਜ਼ਮੀ ਕਰਾਰ ਦਿੱਤਾ ਸੀ। ਇਸ ਹਲਫਨਾਮੇ ਵਿਚ ਉਮੀਦਵਾਰ ਆਪਣੀਆਂ ਵਿਦਿਅਕ ਯੋਗਤਾਵਾਂ, ਆਪਣੇ ਅਸਾਸੇ, ਲੈਣਦਾਰੀਆਂ, ਦੇਣਦਾਰੀਆਂ ਅਤੇ ਆਪਣੇ ਵਿਰੁੱਧ ਦਾਇਰ ਮੁਜਰਮਾਨਾ ਕੇਸਾਂ ਦੀ ਜਾਣਕਾਰੀ ਦੇਵੇਗਾ। ਅਦਾਲਤ ਦੇ ਇਹ ਹੁਕਮ ਆਪਣੇ ਆਪ ਵਿਚ ਇਕ ਮੀਲ ਪੱਥਰ ਸਨ।

ਇਸ ਲਈ ਕਿ ਇਸ ਅਮਲ ਨਾਲ ਵੋਟਰ ਨੂੰ ਆਪਣਾ ਉਮੀਦਵਾਰ ਚੁਣਨ ਵਿਚ ਮਦਦ ਮਿਲਦੀ ਹੈ। ਉਹ ਉਸ ਦੀ ਲਿਆਕਤ ਅਤੇ ਉਸ ਦੇ ਰਿਕਾਰਡ ਨੂੰ ਦੇਖ ਕੇ ਵੋਟਾਂ ਪਾਉਣ ਦਾ ਹੱਕਦਾਰ ਬਣਦਾ ਹੈ। ਪਰ ਉਮੀਦਵਾਰਾਂ ਨੇ ਨਾਮਜ਼ਦਗੀ ਪ੍ਰਫ਼ਾਰਮਾ ਵਿਚ ਕਈ ਸੁਆਲਾਂ ਦੇ ਜੁਆਬ ਨਾ ਦੇਣ ਦੀ ਰਸਮ ਸ਼ੁਰੂ ਕਰ ਲਈ ਅਤੇ ਕੁਝ ਖ਼ਾਨੇ ਖਾਲੀ ਛੱਡਣੇ ਸ਼ੁਰੂ ਕਰ ਦਿੱਤੇ। ਅਦਾਲਤ ਨੂੰ ਫਿਰ ਦਖ਼ਲ ਦੇਣਾ ਪਿਆ ਅਤੇ ਉਸ ਨੇ ਚੋਣ ਕਮਿਸ਼ਨ ਨੂੰ ਅਧਿਕਾਰ ਦੇ ਦਿੱਤਾ ਕਿ ਉਹ ਅਜਿਹੇ ਉਮੀਦਵਾਰਾਂ ਦੀ ਨਾਮਜ਼ਦਗੀ ਰੱਦ ਕਰਨ ਦੇ ਅਧਿਕਾਰ ਦੀ ਵਰਤੋਂ ਕਰੇ, ਜੋ ਪ੍ਰਫ਼ਾਰਮਾ ਵਿਚ ਸਾਰੇ ਖ਼ਾਨੇ ਨਹੀਂ ਭਰਦਾ। ਇਸ ਤਰ੍ਹਾਂ ਉਮੀਦਵਾਰ ਆਪਣੇ ਸਬੰਧੀ ਸਾਰੀ ਸੂਚਨਾ ਦੇਣ ਲਈ ਮਜਬੂਰ ਹੋਏ।

ਸੂਚਨਾ ਨਾਲ ਜੁੜੇ ਹੋਰ ਮੁੱਦਿਆਂ ਬਾਰੇ ਚਰਚਾ ਕਰਨਾ ਵੀ ਜ਼ਰੂਰੀ ਹੈ। ਸੂਚਨਾ ਦਾ ਅਧਿਕਾਰ ਕਾਨੂੰਨ ਆਉਣ ਨਾਲ ਸਾਰੇ ਸਰਕਾਰੀ ਅਦਾਰੇ ਇਸ ਦੇ ਦਾਇਰੇ ਹੇਠ ਆ ਗਏ ਪਰ ਸਿਆਸੀ ਪਾਰਟੀਆਂ ਨੂੰ ਇਸ ਦੀ ਜੱਦ 'ਚੋਂ ਬਾਹਰ ਰੱਖਿਆ ਗਿਆ। ਸੁਪਰੀਮ ਕੋਰਟ ਨੇ ਇਕ ਮਹੱਤਵਪੂਰਨ ਫ਼ੈਸਲਾ ਕਰਦਿਆਂ 6 ਰਾਸ਼ਟਰੀ ਸਿਆਸੀ ਪਾਰਟੀਆਂ ਨੂੰ ਸੂਚਨਾ ਦੇ ਅਧਿਕਾਰ ਕਾਨੂੰਨ ਹੇਠ ਲਿਆਉਣ ਦਾ ਆਦੇਸ਼ ਦਿੱਤਾ ਸੀ ਕਿਉਂਕਿ ਇਹ ਪਾਰਟੀਆਂ ਚੋਣ ਲੜਨ ਦੇ ਨਾਂ 'ਤੇ ਫੰਡ ਇਕੱਠਾ ਕਰਦੀਆਂ ਹਨ। ਚੋਣ ਸੁਧਾਰਾਂ ਦੇ ਅਮਲ ਪੱਖ ਵੱਲ ਇਹ ਇਕ ਅਹਿਮ ਕਾਰਵਾਈ ਸੀ ਪਰ ਸਿਆਸੀ ਪਾਰਟੀਆਂ ਨੇ ਇਸ ਆਦੇਸ਼

ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਕਿ ਇਸ ਨਾਲ ਉਨ੍ਹਾਂ ਦੀਆਂ ਅੰਦਰੂਨੀ ਯੋਜਨਾਵਾਂ ਦਾ ਵਿਰੋਧੀਆਂ ਨੂੰ ਪਤਾ ਲਗਦਾ ਹੈ। ਇਸ ਤੋਂ ਪਹਿਲਾਂ ਪਾਰਟੀਆਂ ਨੂੰ 20 ਹਜ਼ਾਰ ਰੁਪਏ ਤੋਂ ਵੱਧ ਦਾਨ ਦੀ ਜਾਣਕਾਰੀ ਹੀ ਚੋਣ ਕਮਿਸ਼ਨ ਨੂੰ ਦੇਣੀ ਹੁੰਦੀ ਸੀ, ਪਰ ਇਸ ਆਦੇਸ਼ ਨਾਲ ਹਰੇਕ ਪੈਸੇ ਦਾ ਹਿਸਾਬ ਦੇਣਾ ਲਾਜ਼ਮੀ ਕਰਾਰ ਦਿੱਤਾ ਗਿਆ। ਰਾਜਸੀ ਪਾਰਟੀਆਂ ਦੇ ਵਿਰੋਧ ਕਾਰਨ ਇਸ ਹੁਕਮ ਨੂੰ ਲਾਗੂ ਕਰਨ ਦੀ ਘੋਖ ਕਰਨ ਲਈ ਇਕ ਕਮੇਟੀ ਬਣਾਈ ਗਈ, ਜਿਸ ਕਾਰਣ ਇਹ ਆਦੇਸ਼ ਹਾਲ ਦੀ ਘੜੀ ਅਮਲ ਵਿਚ ਨਹੀਂ ਲਿਆਂਦਾ ਜਾ ਸਕਿਆ।

***ਸੁਪਰੀਮ ਕੋਰਟ ਨੇ 10 ਜੁਲਾਈ 2013 ਨੂੰ ਇਕ ਹੋਰ ਅਹਿਮ ਫ਼ੈਸਲਾ ਸੁਣਾਉਂਦਿਆਂ ਲੋਕ ਪ੍ਰਤੀਨਿਧੀ ਕਾਨੂੰਨ 1951 ਦਾ ਹਵਾਲਾ ਦਿੰਦਿਆਂ ਉਨ੍ਹਾਂ ਸਾਰੇ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦਾ ਰਾਹ ਪੱਧਰਾ ਕਰ ਦਿੱਤਾ, ਪਰ ਸਿਆਸੀ ਨੇਤਾਵਾਂ ਦੇ ਇਸ ਆਦੇਸ਼ ਉਤੇ ਅਮਲ ਨਾ ਕਰਨ ਦਾ ਰਾਹ ਲੱਭਦਿਆਂ ਕੇਂਦਰੀ ਮੰਤਰੀ ਮੰਡਲ ਰਾਹੀਂ ਜਿਨ੍ਹਾਂ ਨੂੰ ਕਿਸੇ ਫੌਜਦਾਰੀ ਕੇਸ ਵਿਚ ਸਜ਼ਾ ਸੁਣਾਈ ਗਈ ਹੋਵੇ, ਲੋਕ ਪ੍ਰਤੀਨਿਧੀ ਕਾਨੂੰਨ ਆਰਡੀਨੈਂਸ ਜਾਰੀ ਕਰਨ ਦਾ ਫ਼ੈਸਲਾ ਕਰ ਲਿਆ, ਜਿਸ ਹੇਠ ਉਹ ਸਾਰੇ ਐਮ.ਪੀ ਤੇ ਐਮ.ਐਲ.ਏ ਅਯੋਗ ਕਰਾਰ ਦੇਣ ਤੋਂ ਬਚ ਸਕਦੇ ਹਨ, ਜੋ ਆਪਣੇ ਵਿਰੁੱਧ ਸੁਣਾਈ ਸਜ਼ਾ ਲਈ ਤਿੰਨ ਮਹੀਨੇ ਦੇ ਅੰਦਰ ਉਪਰਲੀ ਅਦਾਲਤ ਵਿਚ ਅਪੀਲ ਦਾਇਰ ਕਰ ਦਿੰਦੇ ਹਨ। ਲੋਕ ਵਿਰੋਧ ਜਾਂ ਹੋਰਨਾਂ ਕਾਰਨਾਂ ਵਜੋਂ ਇਹ ਆਰਡੀਨੈਂਸ ਜਾਰੀ ਨਹੀਂ ਹੋ ਸਕਿਆ, ਜਿਸ ਕਾਰਣ ਇਸ ਵਾਰ ਦੀਆਂ ਆਮ ਚੋਣਾਂ ਵਿਚ ਬਿਹਾਰ, ਹਰਿਆਣਾ ਤੇ ਕਈ ਹੋਰ ਰਾਜਾਂ ਦੇ ਵੱਡੇ ਨੇਤਾ ਚੋਣ ਨਹੀਂ ਲੜ ਸਕੇ।***

ਉਪਰੋਕਤ ਸਾਰੇ ਇਤਿਹਾਸ ਤੋਂ ਇਹ ਸਪਸ਼ਟ ਹੈ ਕਿ ਸਾਡੇ ਸਿਆਸਤਦਾਨ ਕਿਸੇ ਵੀ ਸ਼ਰਤ 'ਤੇ ਚੋਣਾਂ ਉਪਰ ਆਪਣੀ ਪਕੜ ਕਮਜ਼ੋਰ ਨਹੀਂ ਹੋਣ ਦੇਣਾ ਚਾਹੁੰਦੇ। ਇਸ ਲਈ ਹੀ ਦੇਸ਼ ਦੀ ਸਰਵਉੱਚ ਅਦਾਲਤ ਨੂੰ ਸਮੇਂ-ਸਮੇਂ ਦਖ਼ਲ ਦੇਣਾ ਪੈ ਰਿਹਾ ਹੈ। ਉਂਜ, ਜੇਕਰ ਚੋਣਾਂ ਦੇ ਇਤਿਹਾਸ ਵਿਚ ਨਜ਼ਰ ਮਾਰੀਏ, ਤਾਂ ਬੜੇ ਵਿਲੱਖਣ ਤੱਥ ਸਾਹਮਣੇ ਆਉਂਦੇ ਹਨ।ਜੇਕਰ ਇਸ ਵਾਰ ਦੀਆਂ ਆਮ ਚੋਣਾਂ ਨੂੰ ਛੱਡ ਦਈਏ ਤਾਂ ਅਸੀਂ ਦੇਖਦੇ ਹਾਂ ਕਿ ਦੇਸ਼ ਦੀ ਕੁੱਲ ਆਬਾਦੀ ਦੇ ਅੱਧੇ ਹਿੱਸੇ ਦੇ ਕਰੀਬ ਰਜਿਸਟਰਡ ਵੋਟਰ ਹਨ, ਜਿਨ੍ਹਾਂ 'ਚੋਂ 50 ਤੋਂ 60 ਫੀਸਦੀ ਹੀ ਵੋਟ ਪਾਉਣ ਦੇ ਹੱਕ ਦਾ ਇਸਤੇਮਾਲ ਕਰਦੇ ਰਹੇ ਹਨ। ਇਸ ਤਰ੍ਹਾਂ ਜੋ ਸਰਕਾਰ ਚੁਣੀ ਜਾਂਦੀ ਹੈ, ਉਹ ਦੇਸ਼ ਦੀ ਆਬਾਦੀ ਦੇ ਚੌਥੇ ਹਿੱਸੇ ਦੀ ਵੀ ਪ੍ਰਤੀਨਿਧ ਨਹੀਂ ਹੁੰਦੀ। ਇੰਜ ਜਾਪਦਾ ਹੈ ਕਿ ਜਿਵੇਂ ਲੋਕਾਂ ਦਾ ਸਿਆਸੀ ਨੇਤਾਵਾਂ ਅਤੇ ਪਾਰਟੀਆਂ ਤੋਂ ਵਿਸ਼ਵਾਸ ਉਠ ਰਿਹਾ ਹੋਵੇ। ਉਂਜ ਇਸ ਵਾਰ ਦੇ ਤੱਥ ਵੱਖਰੇ ਹਨ, ਚੋਣ ਕਮਿਸ਼ਨ ਵੱਲੋਂ ਲਗਾਤਾਰ ਪ੍ਰਚਾਰ ਮੁਹਿੰਮ ਸਦਕਾ ਇਸ ਵਾਰ ਔਸਤ 70 ਫੀਸਦੀ ਦੇ ਲਗਭਗ ਵੋਟ ਪਏ ਹਨ, ਜੋ ਉਤਸ਼ਾਹਜਨਕ ਤਾਂ ਹੈ ਪਰ ਸੰਤੁਸ਼ਟੀਜਨਕ ਨਹੀਂ। ਸਾਡੇ ਚੋਣ ਸਿਲਸਿਲੇ ਦੀ ਸਭ ਤੋਂ ਵੱਡੀ ਤਰੁਟੀ ਵੋਟ ਪ੍ਰਤੀਸਤ ਨੂੰ ਨਜ਼ਰ ਅੰਦਾਜ਼ ਕਰਨ ਦੀ ਹੈ। ਮਿਸਾਲ ਵਜੋਂ, ਇਕ ਹਲਕੇ ਵਿਚ 6 ਉਮੀਦਵਾਰ ਚੋਣ ਲੜਦੇ ਹਨ। ਉਨ੍ਹਾਂ ਨੂੰ ਕੁਲ ਪੋਲ ਹੋਈਆਂ ਵੋਟਾਂ ਦਾ ਪ੍ਰਤਿਸ਼ਤ ਕੀ ਮਿਲਦਾ ਹੈ ? ਇਹ ਨਹੀਂ, ਦੇਖਿਆ ਜਾਂਦਾ। ਕਿਸੇ ਨੂੰ 32.5 ×। ਕਿਸੇ ਨੂੰ 32 × 1 ਕਿਸੇ ਨੂੰ 17×। ਤੇ ਕਿਸੇ ਨੂੰ ਇਸ ਤੋਂ ਵੀ ਘਟ ਵੋਟ ਮਿਲਦੇ ਹਨ। ਚੋਣ ਵਿਚ 32.5 ਪ੍ਰਤੀਸ਼ਤ ਵਾਲਾ ਉਮੀਦਵਾਰ ਜੇਤੂ ਕਰਾਰ ਦਿੱਤਾ ਜਾਂਦਾ ਹੈ।ਜੇਕਰ ਕੁਲ 70 ਫੀਸਦੀ ਵੋਟ ਹੀ ਪੋਲ ਹੋਏ ਹੋਣ ਤਾਂ ਉਸ ਨੂੰ ਕੁਲ ਪੋਲ ਹੋਈਆਂ ਵੋਟਾਂ ਦਾ ਅੱਧਾ ਹਿੱਸਾ ਵੀ ਨਹੀਂ ਮਿਲਦਾ, ਪਰ ਉਹ ਜਿੱਤ ਜਾਂਦਾ ਹੈ। ਉਸਨੂੰ ਅਸੀਂ ਬਹੁ-ਗਿਣਤੀ ਵੋਟਾਂ ਮਿਲਣ ਕਾਰਣ ਜੇਤੂ ਮੰਨ ਲੈਂਦੇ ਹਾਂ।ਪਰ ਕੀ ਇਹ ਗਿਣਤੀ ਅਸਲ ਵਿਚ ਬਹੁ-ਗਿਣਤੀ ਹੈ, ਨਹੀਂ ਹੈ। ਇਸ ਲਈ ਉਹ ਬਹੁ-ਗਿਣਤੀ ਦਾ ਨੁਮਾਇੰਦਾ ਨਹੀਂ ਹੋ ਸਕਦਾ, ਪਰ ਕਾਨੂੰਨ ਮੁਤਾਬਿਕ ਉਹ ਚੋਣ ਜਿੱਤਦਾ ਹੈ, ਮੰਤਰੀ ਬਣਦਾ ਹੈ ਅਤੇ ਬਹੁ-ਗਿਣਤੀ ਲੋਕਾਂ ਵਲੋਂ ਅਹਿਮ ਫ਼ੈਸਲੇ ਲੈਂਦਾ ਹੈ।

ਘੱਟ-ਗਿਣਤੀ ਦਾ ਪ੍ਰਤਿਨਿਧੀ ਸਾਰੀ ਲੋਕਾਈ ਲਈ ਫ਼ੈਸਲੇ ਲੈਣ ਦਾ ਹੱਕਦਾਰ ਬਣ ਜਾਵੇ ਤਾਂ ਕਿਹੋ ਜਿਹੇ ਲੋਕਤੰਤਰ ਵਿਚ ਅਸੀਂ ਜੀਅ ਰਹੇ ਹਾਂ। ਕੀ ਇਸ ਸਬੰਧੀ ਕੋਈ ਅਹਿਮ ਚੋਣ ਸੁਧਾਰਾਂ ਦੀ ਲੋੜ ਨਹੀਂ ਹੈ ?

ਸੁਪਰੀਮ ਕੋਰਟ ਦੇ ਹੀ ਇਕ ਹੋਰ ਆਦੇਸ਼ ਮੁਤਾਬਿਕ ਹੁਣ ਵੋਟਰ ਨੂੰ ਵੋਟ ਪਾਉਣ ਲੱਗਿਆਂ ਜੇਕਰ ਕੋਈ ਵੀ ਉਮੀਦਵਾਰ ਪਸੰਦ ਨਾ ਹੋਵੇ, ਤਾਂ ਉਹ ਨੋਟਾ ਬਟਨ ਦਬਾ ਸਕਦਾ ਹੈ।ਮਤਲਬ ਉਹ ਕਿਸੇ ਨੂੰ ਵੀ ਵੋਟ ਨਹੀਂ ਦੇ ਰਿਹਾ। ਪਰ ਇਸ ਤਰ੍ਹਾਂ ਨਾਲ ਉਹ ਆਪਣਾ ਰੋਸ ਪ੍ਰਗਟ ਕਰਦਾ ਨਜ਼ਰ ਆਉਂਦਾ ਹੈ। ਉਮੀਦਵਾਰ ਨੂੰ ਰੱਦ ਕਰਨਾ ਨਜ਼ਰ ਨਹੀਂ ਆਉਂਦਾ। ਇਸ ਵਾਰ ਪਹਿਲੀ ਵਾਰ ਅਪਨਾਈ ਗਈ ਇਸ ਵਿਧੀ ਦਾ ਹੁੰਗਾਰਾ ਬਹੁਤ ਘੱਟ ਵੋਟਰਾਂ ਨੇ ਭਰਿਆ ਹੈ।ਸ਼ਾਇਦ ਵੋਟਰ ਹੁਣ ਸਮਝਦਾਰ ਹੋ ਰਿਹਾ ਹੈ, ਜੋ ਉਮੀਦਵਾਰ ਨੂੰ ਰੱਦ ਕਰਨ ਦਾ ਅਧਿਕਾਰ ਲੈਣਾ ਚਾਹੁੰਦਾ ਹੈ।

ਹੁਣ ਵਕਤ ਆ ਗਿਆ ਹੈ ਕਿ ਭਾਰਤੀ ਵੋਟਰ ਇਹ ਤਵੱਕੋ ਰੱਖਣ ਲੱਗਾ ਹੈ ਕਿ ਉਸਨੂੰ ਆਪਣੇ ਪ੍ਰਤਿਨਿਧ ਨੂੰ ਵਾਪਸ ਬੁਲਾਉਣ ਦਾ ਅਧਿਕਾਰ ਮਿਲੇ। ਸਿਆਸੀ ਪਾਰਟੀਆਂ ਤੇ ਨੇਤਾ ਇਸ ਸੰਬੰਧੀ ਫ਼ੈਸਲਾ ਨਹੀਂ ਲੈਣਗੇ, ਪਰ ਸਾਡੀ ਨਿਆਂ ਪਾਲਿਕਾ ਇਸ ਵੱਲ ਵੀ ਕੋਈ ਕਦਮ ਚੁੱਕੇਗੀ, ਇਸ ਲਈ ਹੁਣ ਆਮ ਵੋਟਰ ਆਸਵੰਦ ਹੈ।

ਚੋਣ ਸੁਧਾਰਾਂ ਕਾਰਨ ਮੀਡੀਆ ਉਤੇ ਕੰਟਰੋਲ ਵੀ ਲਾਜ਼ਮੀ ਹੈ। ਘੱਟੋ-ਘੱਟ ਹਰੇਕ ਚੋਣ ਤੋਂ ਪਹਿਲਾਂ ਮੀਡੀਆ ਰੈਗੁਲੇਟਰ ਵਰਗੀ ਕੋਈ ਅਥਾਰਿਟੀ ਹੋਂਦ ਵਿਚ ਆਵੇ ਜੋ ਮੀਡੀਆ ਵੱਲੋਂ ਕੀਤੀ ਜਾਂਦੀ ਬਦ-ਇੰਤਜ਼ਾਮੀ ਉਤੇ ਰੋਕ ਲਗਾਏ। ਵਿਸ਼ੇਸ਼ ਕਰਕੇ ਪੈਸੇ ਦੇ ਕੇ ਖ਼ਬਰਾਂ ਲੁਆਉਣ ਦੀ ਪ੍ਰਥਾ ਨੂੰ ਰੋਕਣ, ਮੀਡੀਆ ਵਲੋਂ ਸਿਆਸੀ ਪਾਰਟੀ ਜਾਂ ਉਮੀਦਵਾਰ ਦੀ ਧਿਰ ਬਣਨ, ਫਿਰਕਾਪ੍ਰਸਤੀ ਨੂੰ ਸ਼ਹਿ ਦੇਣ ਆਦਿ ਤੋਂ ਰੋਕਣ ਲਈ ਕਿਸੇ ਪਾਇਦਾਰ ਕਦਮ ਦੀ ਜ਼ਰੂਰਤ ਹੈ। ਮੀਡੀਆ ਵਰਤਮਾਨ ਸਮੇਂ ਚੋਣਾਂ ਲਈ ਸਿਆਸੀ ਪਾਰਟੀਆਂ ਦੇ ਸਭ ਤੋਂ ਵੱਡੇ ਟੂਲ ਵਜੋਂ ਉਭਰਿਆ ਹੈ। ਮੀਡੀਆ ਦਾ ਕੰਮ ਲੋਕਾਂ ਨੂੰ ਸੂਚਨਾ ਦੇਣਾ ਹੈ ਨਾ ਕਿ ਵੋਟਰਾਂ ਨੂੰ ਪ੍ਰਭਾਵਿਤ ਕਰਨਾ। ਇਸ ਨੂੰ ਚੋਣ ਸੁਧਾਰਾਂ ਦੇ ਘੇਰੇ ਹੇਠ ਲਿਆਉਣ ਦੀ ਅਤਿਅੰਤ ਲੋੜ ਹੈ।

ਮੋਟੇ ਤੌਰ ਤੇ ਦੇਖਣਾ ਹੋਵੇ ਤਾਂ ਇਸ ਵੇਲੇ ਭਾਰਤ ਨੂੰ ਵਧੇਰੇ ਚੋਣ ਸੁਧਾਰਾਂ ਦੀ ਲੋੜ ਹੈ। ਵੋਟਰਾਂ ਨੂੰ ਵੋਟ ਪਾਉਣ ਦੇ ਬੁਨਿਆਦੀ ਅਧਿਕਾਰ ਦੇ ਨਾਲ ਉਸਦਾ ਬੁਨਿਆਦੀ ਫਰਜ਼ ਵੀ ਹੋਵੇ ਕਿ ਵੋਟ ਪਾਉਣੀ ਲਾਜ਼ਮੀ ਹੈ, ਤਦ ਹੀ ਬਹੁ-ਗਿਣਤੀ ਦਾ ਨੁਮਾਇੰਦਾ ਚੁਣਿਆ ਜਾ ਸਕੇਗਾ। ਗ਼ੈਰ-ਗੰਭੀਰ ਉਮੀਦਵਾਰਾਂ ਨੂੰ ਨਿਰਉਤਸਾਹਤ ਕਰਨ ਲਈ ਹਰੇਕ ਚੋਣ ਤੋਂ ਪਹਿਲਾਂ ਉਮੀਦਵਾਰਾਂ ਦੀ ਜ਼ਮਾਨਤ ਦੀ ਰਕਮ ਵਿਚ ਇਜ਼ਾਫ਼ਾ ਕੀਤਾ ਜਾਵੇ। ਕਿਸੇ ਵੀ ਉਮੀਦਵਾਰ ਨੂੰ ਇਕ ਤੋਂ ਵੱਧ ਹਲਕੇ ਤੋਂ ਚੋਣ ਲੜਨ ਦੀ ਆਗਿਆ ਨਾ ਹੋਵੇ ਅਤੇ ਹਰੇਕ ਉਮੀਦਵਾਰ ਦੀ ਘੱਟੋ-ਘੱਟ ਵਿਦਿਅਕ ਯੋਗਤਾ ਨਿਸਚਤ ਕੀਤੀ ਜਾਵੇ। ਜਿੱਤਣ ਵਾਲੇ ਉਮੀਦਵਾਰ ਦੀ ਘੱਟੋ-ਘੱਟ ਵੋਟ ਪ੍ਰਤਿਸ਼ਤ ਵੀ ਨਿਸਚਤ ਹੋਵੇ ਅਤੇ ਇੰਨੀਆਂ ਵੋਟਾਂ ਨਾ ਮਿਲਣ ਦੀ ਸੂਰਤ ਵਿਚ ਦੁਬਾਰਾ ਵੋਟਾਂ ਪੁਆਈਆਂ ਜਾਣ। ਆਜ਼ਾਦ ਉਮੀਦਵਾਰ ਨੂੰ ਚੋਣ ਜਿੱਤਣ ਦੇ ਨਿਸਚਤ ਸਮੇਂ ਅੰਦਰ ਕਿਸੇ ਸਿਆਸੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਅਧਿਕਾਰ ਹੋਵੇ ਅਤੇ ਉਸ ਮਗਰੋਂ ਬਦਲਣ ਦੀ ਸੂਰਤ ਵਿਚ ਉਸ ਵਿਰੁੱਧ ਐਂਟੀ ਡਿਫੈਕਸ਼ਨ ਲਾਅ ਹੇਠ ਕਾਰਵਾਈ ਹੋਵੇ। ਗਲਤ ਹਲਫ਼ਨਾਮਾ ਭਰਨ ਵਾਲੇ ਉਮੀਦਵਾਰ ਨੂੰ ਸਦਾ ਲਈ ਅਯੋਗ ਕਰਾਰ ਦਿੱਤਾ ਜਾਵੇ। ਪਾਰਟੀਆਂ ਆਪਣੀ ਆਮਦਨ ਦੇ ਹਰ ਵਸੀਲੇ ਦੀ ਸੂਚਨਾ ਦੇਣ। ਕੋਈ ਵੀ ਜਨਤਕ ਅਹੁਦਾ ਲੈਣ ਤੋਂ ਪਹਿਲਾ ਉਮੀਦਵਾਰ ਆਪਣੀ ਜਾਇਦਾਦ ਦਾ ਖ਼ੁਲਾਸਾ ਕਰੇ ਅਤੇ ਅਹੁਦਾ ਛੱਡਣ ਵੇਲੇ ਵੀ ਇਸ ਵਿਚ ਹੋਏ ਘਾਟੇ ਵਾਧੇ ਦਾ ਖੁਲਾਸਾ ਕਰੇ। ਸਿਆਸਤ ਵਿਚ ਅਪਰਾਧਾਂ ਨੂੰ ਰੋਕਣ ਲਈ ਸੰਵਿਧਾਨ ਵਿਚ ਮਜ਼ਬੂਤ ਪ੍ਰਬੰਧ ਕੀਤੇ ਜਾਣਾ ਸਮੇਂ ਦੀ ਲੋੜ ਹੈ। ਚੋਣ ਦੌਰਾਨ ਜੁਰਮਾਂ ਲਈ ਸਖਤ ਸਜ਼ਾਵਾਂ ਦਿੱਤੀਆਂ ਜਾਣ, ਚੋਣਾਂ ਵਿਚ ਅਪਰਾਧੀਆਂ ਖ਼ਿਲਾਫ਼ ਕੇਸਾਂ ਦੇ ਸਮੇਂਬਧ ਨਿਪਟਾਰੇ ਲਈ ਵਿਸ਼ੇਸ਼ ਅਦਾਲਤਾਂ ਕਾਇਮ ਹੋਣ। ਚਾਰਜਸ਼ੀਟ ਹੋਣ ਦੀ ਸੂਰਤ ਵਿਚ ਵਰਤਮਾਨ ਮੈਂਬਰਾਂ ਨੂੰ ਵੀ ਅਹੁਦਾ ਤਿਆਗਣ ਲਈ ਮਜਬੂਰ ਕਰਨ ਵਾਲੇ ਕਾਨੂੰਨ ਦੀ ਵੀ ਸਖ਼ਤ ਲੋੜ ਹੈ। ਲੋਕ ਪ੍ਰਤਿਨਿਧੀ ਕਾਨੂੰਨ ਹੇਠ ਦੋਸ਼ੀ ਕਰਾਰ ਦਿੱਤੇ ਗਏ ਉਮੀਦਵਾਰ ਨੂੰ ਅਯੋਗ ਠਹਿਰਾਉਣ ਦੇ ਰਾਹ ਵਿਚ ਕੋਈ ਅਪੀਲ ਜਾਂ ਦਲੀਲ ਨਹੀਂ ਹੋਣੀ ਚਾਹੀਦੀ। ਉਮੀਦਵਾਰਾਂ ਦੇ ਚੋਣ ਖਰਚਿਆਂ ਉਤੇ ਨਜ਼ਰ ਰੱਖਣ ਲਈ ਵੀ ਸਖ਼ਤ ਸੁਧਾਰਾਂ ਦੀ ਲੋੜ ਹੈ। ਚੋਣ ਖਰਚਾਂ ਵਿਚ ਸਾਰੇ ਖ਼ਰਚ ਸ਼ਾਮਲ ਹੋਣੇ ਚਾਹੀਦੇ ਹਨ, ਭਾਵੇਂ ਉਹ ਕਿਸੇ ਵਲੋਂ ਵੀ ਕੀਤੇ ਗਏ ਹੋਣ।

ਸਭ ਤੋਂ ਅਖ਼ੀਰ ਅਤੇ ਮਹੱਤਵਪੂਰਨ ਸੁਧਾਰ ਮੀਡੀਆ ਰੇਗੂਲੇਸ਼ਨ ਹੈ। ਪੇਡ ਨਿਊਜ਼ ਨੂੰ ਰੋਕਣ, ਹਰੇਕ ਉਮੀਦਵਾਰ ਜਾਂ ਸਿਆਸੀ ਪਾਰਟੀ ਨੂੰ ਪ੍ਰਸਾਰਣ ਵਿਚ ਅਨੁਪਾਤ ਮੁਤਾਬਕ ਸਮਾਂ ਦੇਣ, ਨਿਰਪੱਖ ਤੇ ਸੁਤੰਤਰ ਚੋਣਾਂ ਲਈ ਮੀਡੀਆ ਦੀ ਕੁਵਰਤੋਂ ਰੋਕਣ ਲਈ ਵਿਸ਼ੇਸ਼ ਸੁਧਾਰ ਬਿਨਾਂ ਲੋਕਰਾਜ ਦੇ ਝੰਡੇ ਨੂੰ ਬੁਲੰਦ ਨਹੀਂ ਰੱਖਿਆ ਜਾ ਸਕਦਾ।

ਉਪਰੋਕਤ ਨਿੱਕੇ-ਵੱਡੇ ਸੁਝਾਅ ਹੀ ਹਨ, ਜਿਨਾਂ ਰਾਹੀਂ ਲੋਕਤੰਤਰ ਦੀਆਂ ਜੜ੍ਹਾਂ ਮਜ਼ਬੂਤ ਕਰਕੇ ਇਕ ਸਹੀ ਲੋਕ ਪ੍ਰਤਿਨਿਧ ਸਰਕਾਰ ਕਾਇਮ ਹੋ ਸਕਦੀ ਹੈ।ਪਰ ਇਹ ਸੁਧਾਰ ਇਕ ਵਕਤ ਦੀ ਲੋੜ ਨਹੀਂ, ਸਗੋਂ ਭਵਿੱਖ ਵਿਚ ਹੋਰ ਚੁਣੌਤੀਆਂ ਲਈ ਨਵੇਂ ਸੁਧਾਰਾਂ ਦੀ ਲੋੜ ਹੋਵੇਗੀ।

***ਇਸ ਵਾਸਤੇ ਚੋਣ ਕਮਿਸ਼ਨ ਵਿਚ ਇਕ ਅਜਿਹਾ ਸੈਲ ਕਾਇਮ ਕੀਤੇ ਜਾਣ ਦੀ ਲੋੜ ਹੈ, ਜੋ ਲਗਾਤਾਰ ਚੋਣ ਸੁਧਾਰਾਂ ਦੀ ਲੋੜ ਅਤੇ ਇਨ੍ਹਾਂ ਦੇ ਮੁਹਾਂਦਰੇ ਬਾਰੇ ਸਰਕਾਰਾਂ/ਸਿਆਸੀ ਪਾਰਟੀਆਂ ਨੂੰ ਜਾਗਰੂਕ ਕਰਦਾ ਰਹੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਸਾਡਾ ਦੇਸ਼ ਇਕ ਅਖੌਤੀ ਲੋਕਤੰਤਰ ਬਣ ਕੇ ਰਹਿ ਜਾਵੇਗਾ ਅਤੇ ਇਸ ਤਰ੍ਹਾਂ ਇਸ ਦੀ ਹੋਂਦ ਲਈ ਵੀ ਖ਼ਤਰਾ ਪੈਦਾ ਹੋ ਸਕਦਾ ਹੈ।***

*(ਲੇਖਕ ਪ੍ਰੋਫ਼ੈਸਰ ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਤੇ ਮੀਡੀਆ ਵਿਚ ਲਗਾਤਾਰ ਸਰਗਰਮ ਪੱਤ੍ਰਕਾਰ ਹੈ।)*

*e-mail :rawailsingh@gmail.com*

ਯੋਜਨਾ (ਪੰਜਾਬੀ)

- **ਅਗਸਤ 2014 – ਇਹ ਵਿਸ਼ੇਸ਼ ਅੰਕ *ਸ਼ਹਿਰੀ ਯੋਜਨਾਬੰਦੀ* ਉੱਤੇ ਕੇਂਦਰਿਤ ਹੋਵੇਗਾ।**
- **ਸਤੰਬਰ 2014 – ਇਹ ਅੰਕ *ਗ਼ੈਰਰਸਮੀ ਖੇਤਰ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹100, ਦੋ ਸਾਲ : ₹180, ਤਿੰਨ ਸਾਲ : ₹250***

***ਸਾਰਕ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**

**(Advertisement & Circulation )**

**Publications Division, Ministry of Information and Broadcasting**

**East Block-IV, Level-VII, R.K. Puram**

**New Delhi-110066. (Tel.011-26100207)**

*email-pdjucir@gmail.com*

# ਭਾਰਤ ਦੀ ਚੋਣ ਪ੍ਰਣਾਲੀ - ਸੁਧਾਰਾਂ ਦਾ ਸਿਲਸਿਲਾ ਜਾਰੀ

ਬਾਲ ਆਨੰਦ

ਆਧੁਨਿਕ ਭਾਰਤ ਦੀ ਸੁਤੰਤਰਤਾ ਪ੍ਰਾਪਤੀ ਉਪਰੰਤ ਲੋਕਤੰਤਰਿਕ ਸੰਵਿਧਾਨ ਰਾਹੀਂ ਸਿੱਧੇ ਮਤ ਅਧਿਕਾਰ ਆਧਾਰਿਤ ਰਾਜਨੀਤਕ ਵਿਵਸਥਾ ਦੀ ਬੇਮਿਸਾਲ ਕਾਮਯਾਬੀ ਸਮੁੱਚੀ ਮਾਨਵਤਾ ਲਈ ਗੌਰਵਪੂਰਨ ਗਾਥਾ ਹੈ। ਨਵੀਂ ਦੁਨੀਆਂ ਲਈ ਜੋ ਗੱਲ ਯੂਨਾਨ ਦੇ ਪ੍ਰਾਚੀਨ ਵਿਰਸੇ ਦੀਆਂ ਉਲੰਪਿਕ ਖੇਡਾਂ ਲਈ ਕਹੀ ਜਾਂਦੀ ਹੈ, ਸ਼ਾਇਦ ਉਸੇ ਪਰੰਪਰਾ ਦੇ 'ਨਗਰ ਰਾਜ' ਦਾ ਪੂਰਨ ਵਿਕਸਤ ਤੇ ਪ੍ਰਫੁੱਲਤ ਰੂਪ ਹੈ ਭਾਰਤ ਦੀਆਂ ਰਾਸ਼ਟਰੀ ਚੋਣਾਂ। ਇਸ ਸਾਲ ਅਪ੍ਰੈਲ-ਮਈ ਵਿਚ 16ਵੀਂ ਲੋਕ ਸਭਾ ਦੀਆਂ ਚੋਣਾਂ – ਜਿਸ ਵਿਚ 81.4 ਕਰੋੜ ਯੋਗ ਵੋਟਰਾਂ ਵਿਚੋਂ 66.38 ਪ੍ਰਤਿਸ਼ਤ ਨੇ ਆਪਣੇ ਮਹਾਨ ਮਾਨਵੀ ਅਧਿਕਾਰ ਦਾ ਪ੍ਰਯੋਗ ਕੀਤਾ – ਵਿਸ਼ਵ ਪੱਧਰ 'ਤੇ ਆਪਣੀ ਮਿਸਾਲ ਆਪ ਬਣ ਗਏ ਹਨ।

ਭਾਰਤ ਦਾ ਆਜ਼ਾਦੀ ਲਈ ਲੰਮਾ ਤੇ ਬੇਸ਼ੁਮਾਰ ਕੁਰਬਾਨੀਆਂ ਭਰਪੂਰ ਸੰਘਰਸ਼ ਜਿਥੇ ਇਕ ਪੱਧਰ 'ਤੇ ਸੰਸਾਰ ਦੇ ਸਭ ਤੋਂ ਸ਼ਕਤੀਸ਼ਾਲੀ ਸਾਮਰਾਜ ਨਾਲ ਟੱਕਰ ਸੀ ਉਥੇ ਹੀ ਇਹ ਦੇਸ਼ ਵਿਚ ਘਰ ਕਰ ਚੁੱਕੀਆਂ ਅਨੇਕ ਗ਼ੈਰ-ਮਾਨਵੀ ਕੁਰੀਤੀਆਂ ਤੇ ਆਪਸੀ ਵੈਰ-ਵਿਰੋਧਾਂ ਨਾਲ ਮੁਕਾਬਲਾ ਕਰ ਸਕਣ ਦਾ ਅੰਦੋਲਨ ਵੀ ਸੀ। ਇਸ ਸਮੁੱਚੇ ਸੰਦਰਭ ਵਿਚ ਮਹਾਤਮਾ ਗਾਂਧੀ ਦੀ ਅਗਵਾਈ ਤੇ ਭੂਮਿਕਾ ਨਿਰਣਾਇਕ ਤੇ ਦੂਰ-ਅੰਦੇਸ਼ੀ ਵਾਲੀ ਸਿੱਧ ਹੋਈ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਨੂੰ ਲੋਕ-ਮੁਖੀ ਚਰਿੱਤਰ ਪ੍ਰਦਾਨ ਕੀਤਾ ਤੇ ਰਾਜਨੀਤਕ ਆਦਰਸ਼ਾਂ ਨੂੰ ਲੋਕ ਹਿਤੈਸ਼ੀ ਤੇ ਸਮਾਜਿਕ ਨਿਆਂ ਦੇ ਪ੍ਰਸੰਗਾਂ ਨਾਲ ਜੋੜੇ ਜਾਣ 'ਤੇ ਜ਼ੋਰ ਦਿਤਾ। ਭਾਰਤੀ ਸਮਾਜਿਕ ਵਿਰਸੇ ਦੇ ਸਭ ਤੋਂ ਕੋਝੇ ਵਿਤਕਰੇ ਜਾਤਪਾਤ ਦੇ ਸੰਤਾਪ ਭੋਗ ਚੁੱਕੇ ਡਾ. ਭੀਮ ਰਾਓ ਅੰਬੇਡਕਰ ਦਾ ਸੰਵਿਧਾਨ-ਸਭਾ ਦਾ ਪ੍ਰਮੁੱਖ ਬਣਾਇਆ ਜਾਣਾ ਤੇ ਦੇਸ਼ ਦਾ ਪਹਿਲਾ ਕਾਨੂੰਨ ਮੰਤਰੀ ਹੋਣਾ ਨਵੀਨ ਭਾਰਤ ਨੂੰ ਨਿਆਂ ਤੇ ਸਮਾਨਤਾ ਦੇ ਮਾਰਗ ਦਰਸ਼ਨ ਲਈ ਸ਼ੁਰੂਆਤੀ ਮਹਾਨ ਕਦਮ ਸਿੱਧ ਹੋਏ। ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਲੋਕਤੰਤਰੀ ਕਦਰਾਂ-ਕੀਮਤਾਂ ਵਿਚ ਅਟੁੱਟ ਵਿਸ਼ਵਾਸ ਤੇ ਕੌਮ ਲਈ ਸਹਿਜ-ਵਿਗਿਆਨੀ ਸੂਝਾ ਦੀ ਲੋੜ ਦੇ ਮਹੱਤਵ ਨੂੰ ਸਮਝਣਾ-ਸਮਝਾਉਣਾ ਵੀ ਆਜ਼ਾਦੀ ਦੇ ਮੁੱਢਲੇ ਵਰ੍ਹਿਆਂ ਵਿਚ ਬੜੇ ਸਹਾਈ ਹੋਏ।

1947 ਵਿਚ ਭਾਰਤ ਦੀ ਸੁਤੰਤਰਤਾ ਤੇ ਇਸ ਨਾਲ ਅਪਣਾਏ ਗਏ ਸਹੀ ਅਰਥਾਂ ਵਿਚ ਸੰਪੂਰਨ ਲੋਕਰਾਜੀ ਤੌਰ ਤਰੀਕਿਆਂ ਨੇ ਸਾਮਰਾਜਵਾਦ ਤੇ ਬਸਤੀਵਾਦ ਨਾਲ ਸਦੀਆਂ ਤੋਂ ਜੂਝ ਰਹੇ ਹੋਰ ਦੇਸ਼ਾਂ ਲਈ ਰਾਹ-ਦਸੇਰਾ ਤੇ ਚਾਨਣ ਮੁਨਾਰਾ ਬਣਨ ਦਾ ਕਿਰਦਾਰ ਨਿਭਾਇਆ। ਸ਼ੀਤ-ਯੁਧ ਦੇ ਅੱਧੀ ਸਦੀ ਕਾਲ ਵਿਚ ਗੁੱਟ ਨਿਰਪੇਖ ਅੰਦੋਲਨ ਦੇ ਮੰਚ ਰਾਹੀਂ ਸੰਸਾਰ ਵਿਚ ਸੁਤੰਤਰ ਦੇਸ਼ਾਂ ਦਾ ਦਾਇਰਾ ਹੋਰ ਵਿਸ਼ਾਲ ਹੋਇਆ ਤੇ ਭਾਰਤ ਇਕ ਪ੍ਰਭਾਵਸ਼ਾਲੀ ਸਦਾਚਾਰ ਸ਼ਕਤੀ ਦੇ ਰੂਪ ਵਿਚ ਅੰਤਰਰਾਸ਼ਟਰੀ ਕਿਰਦਾਰ ਨਿਭਾਉਂਦਾ ਰਿਹਾ। ਨਿਸ਼ਚੇ ਹੀ ਵੀਹਵੀਂ ਸਦੀ ਨੂੰ ਲੋਕ-ਸ਼ਕਤੀ ਦੇ ਉਭਾਰ ਨਾਲ ਜੋੜ ਕੇ ਲੋਕ ਮੱਤ ਆਧਾਰਿਤ ਰਾਜ ਪ੍ਰਣਾਲੀਆਂ ਦੇ ਹੋਂਦ ਵਿਚ ਆਉਣ ਲਈ ਯਾਦ ਕੀਤਾ ਜਾਵੇਗਾ। ਆਜ਼ਾਦੀ ਪ੍ਰਾਪਤੀ ਦੀ ਵਿਸ਼ਵਵਿਆਪੀ ਪ੍ਰਕਿਰਿਆ ਜੋ ਭਾਰਤ ਵਿਚ ਮਹਾਤਮਾ ਗਾਂਧੀ ਦੀ ਅਗਵਾਈ ਵਿਚ 1947 ਵਿਚ ਆਰੰਭ ਹੋਈ ਸੀ, ਉਸ ਦੀ ਅਤਿਅੰਤ ਇਤਿਹਾਸਕ ਤੇ ਮਹੱਤਵਪੂਰਨ ਸਫਲਤਾ 1994 ਵਿਚ ਦੱਖਣੀ ਅਫਰੀਕਾ ਵਿਚ ਨੈਲਸਨ ਮੰਡੇਲਾ ਦੇ ਪ੍ਰਧਾਨ ਬਣਨ ਤੋਂ ਨਸਲੀ ਭੇਦ-ਭਾਵ ਦੇ ਖਾਤਮੇ ਬਾਅਦ ਸਰਵ-ਸਾਂਝੇ ਲੋਕਤੰਤਰ ਦੀ ਸਥਾਪਨਾ ਵਿਚ ਦੇਖੀ ਗਈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਸਹੁੰ ਚੁੱਕਣ ਵਾਲੇ ਸਮਾਰੋਹ ਵਿਚ ਸਾਰਕ ਦੇਸ਼ਾਂ ਦੀਆਂ ਸਰਕਾਰਾਂ ਦੇ ਮੁਖੀਆਂ, ਪ੍ਰਤਿਨਿਧਾਂ ਨੂੰ ਜੋ ਸਭ ਸੰਵਿਧਾਨਕ ਤੌਰ ਤੇ ਚੁਣੇ ਹੋਏ ਨੇਤਾ ਹਨ – ਨੂੰ ਮਹਿਮਾਨਾਂ ਦੇ ਤੌਰ ਤੇ ਸ਼ਾਮਿਲ ਕਰਕੇ ਲੋਕਤੰਤਰੀ ਭਾਈਚਾਰੇ ਦੇ ਮਹੱਤਵ ਨੂੰ ਦਰਸਾਇਆ ਹੈ। ਸੰਸਾਰ ਦੀਆਂ ਸਰਕਾਰਾਂ ਦੇ ਇਕ ਵਿਸ਼ਵਾਸਯੋਗ ਸਰਵੇਖਣ ਅਨੁਸਾਰ 167 ਦੇਸ਼ਾਂ ਵਿਚੋਂ ਕੇਵਲ 25 ਦੇਸ਼ ਹੀ ਪੂਰਨ ਲੋਕਤੰਤਰ ਦੀ ਸ਼੍ਰੇਣੀ ਵਿਚ ਆਉਂਦੇ ਹਨ; 54 ਦੇ ਢਾਂਚੇ ਨੂੰ ਨੁਕਸਦਾਰ ਗਿਣਿਆ ਗਿਆ ਹੈ ; 37 ਦੀ ਧੁੰਦਲੀ ਤਸਵੀਰ ਹੈ ਤੇ 51 ਦੇਸ਼ ਹੈਂਕੜਬਾਜ਼ ਕਿਸਮ ਦੀਆਂ ਸਰਕਾਰਾਂ ਚਲਾ ਰਹੇ ਹਨ। ਦੁਨੀਆਂ ਵਿਚ ਇਤਿਹਾਸਕ, ਭੂਗੋਲਿਕ ਤੇ ਸਮਾਜਿਕ ਕਾਰਨਾਂ 'ਤੇ ਆਧਾਰਿਤ ਅਨੇਕ ਸਮੱਸਿਆਵਾਂ ਹੋਣੀਆਂ ਕੁਦਰਤੀ ਹਨ ਪਰ ਧਰਮ, ਨਸਲ, ਰੰਗ ਤੇ ਹੋਰ ਕਿਸੇ ਵੀ ਕਾਰਨ ਸਮਾਨਤਾ ਦੇ ਵਰਤਾਰੇ ਵਿਚ ਵਿਹਾਰਕ ਜਾਂ ਕਾਨੂੰਨੀ ਭੇਦ-ਭਾਵ ਦੀ ਪ੍ਰਥਾ ਹੋਣਾ ਕਿਸੇ ਵੀ ਦੇਸ਼ ਦੀ ਜਮਹੂਰੀ ਪਛਾਣ ਨੂੰ ਵਿਗਾੜਦਾ ਹੈ ਤੇ 21ਵੀਂ ਸਦੀ ਦੀ ਪ੍ਰਮੁੱਖਤਾ ਨੂੰ ਛੁਟਿਆਉਂਦਾ ਹੈ।

ਭਾਰਤ ਅਨੇਕ ਗੁੰਝਲਦਾਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਪਰ ਲੋਕਤੰਤਰੀ ਸਿਧਾਂਤਾਂ ਵਿਚ ਅਟੁੱਟ ਵਿਸ਼ਵਾਸ ਤੇ ਸਮਾਨਤਾ ਆਧਾਰਿਤ ਨਿਆਂ ਪੂਰਨ ਸਮਾਜ ਦੀ ਰਚਨਾ ਲਈ ਅਣਥਕ ਯਤਨ ਇਸ ਨੂੰ ਅੰਤਰਰਾਸ਼ਟਰੀ ਮੰਚਾਂ 'ਤੇ ਪ੍ਰਮੁੱਖ ਸਥਾਨ ਦਾ ਅਧਿਕਾਰੀ ਬਣਾਉਂਦੇ ਹਨ।

ਮਾਨਵਤਾ ਦੁਆਰਾ ਸਿਰਜੀਆਂ ਸਭ ਰਾਜਨੀਤਕ, ਆਰਥਿਕ ਵਿਵਸਥਾਵਾਂ ਦਾ ਮੁੜ ਨਿਰੀਖਣ ਤੇ ਮੁੜ ਨਿਰਮਾਣ ਅਤੇ ਸਮੇਂ ਅਨੁਸਾਰ ਪਰਿਵਰਤਨ ਕਰਦੇ ਰਹਿਣਾ ਇਕ ਸਦੀਵੀ ਤੇ ਚਲੰਤ ਪ੍ਰਕਿਰਿਆ ਹੈ। ਇਸ ਸੰਦਰਭ ਵਿਚ ਭਾਰਤੀ ਲੋਕਤੰਤਰ ਦਾ ਵਿਵੇਚਨ ਇਕ ਬੜੀ ਹੀ ਰੌਚਕ ਤੇ ਗੰਭੀਰ ਵਿਸ਼ਾ ਵਸਤੂ ਹੈ। ਇਸ ਵਿਚ ਪਿਛਲੀ ਸਦੀ ਦੀ 1947 ਤਕ ਦੀ ਰਾਸ਼ਟਰੀ ਸੋਚ ਵਿਚਾਰ ਤੇ

ਆਧੁਨਿਕ ਰਾਜਸੀ ਅਨੁਭਵ. 1950 ਤੋਂ ਬਾਅਦ ਦੋ ਦਹਾਕੇ ਦੇ ਪ੍ਰਸ਼ਾਸਨੀ ਤੇ ਸੰਵਿਧਾਨਕ ਸੰਸਥਾਵਾਂ ਦਾ ਵਿਕਾਸ ਅਤੇ ਪਿਛਲੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਦੇ ਰਾਸ਼ਟਰੀ ਤੇ ਰਾਜ ਸਰਕਾਰਾਂ ਦੇ ਗਠਨ ਦੀਆਂ ਗੁੰਝਲਦਾਰ ਸਮੱਸਿਆਵਾਂ ਤੇ ਨਵੀਆਂ ਸਮਾਜਿਕ ਚੁਨੌਤੀਆਂ ਨੇ ਭਾਰਤੀ ਲੋਕਤੰਤਰ ਨੂੰ ਨਵੀਂ ਸ਼ਕਤੀ ਵੀ ਪ੍ਰਦਾਨ ਕੀਤੀ ਹੈ, ਅਨੇਕ ਉਲਝਣਾਂ ਵੀ। ਸ਼ੀਤ ਯੁਧ ਦੀ ਸਮਾਪਤੀ ਬਾਅਦ ਵਿਸ਼ਵੀਕਰਨ, ਮੁਕਤ-ਵਪਾਰ, ਆਰਥਿਕ ਉਦਾਰੀਕਰਨ ਤੇ ਮੰਡੀਕਰਨ ਦੇ ਸਿਧਾਂਤਾਂ ਦੀ ਸਰਵ ਪ੍ਰਵਾਨਗੀ ਤੇ ਵਿਆਪੀਕਰਨ ਨੇ ਭਾਰਤ ਵਰਗੇ ਵਿਸ਼ਾਲ ਦੇਸ਼ ਨੂੰ ਨਵੀਆਂ ਨੀਤੀਆਂ ਤੇ ਯੋਜਨਾਵਾਂ ਘੜਨ ਦੇ ਨਾਲ ਅਨੇਕ ਸੰਵਿਧਾਨਿਕ ਤੇ ਰਾਜਨੀਤਕ ਸੰਸਥਾਵਾਂ ਦੇ ਲੋੜੀਂਦੇ ਨਵੀਨੀਕਰਨ ਬਾਰੇ ਵੀ ਸਿਆਣਪ ਨਾਲ ਕਦਮ ਚੁੱਕਣੇ ਪਏ ਹਨ। ਦੇਸ਼ ਦੀ ਯੁਵਾ ਸ਼ਕਤੀ ਨੂੰ ਸਿਹਤ, ਸਿੱਖਿਆ ਤੇ ਰੁਜ਼ਗਾਰ ਦੀਆਂ ਸਹੂਲਤਾਂ ਦੇ ਵਧੇਰੇ ਮੌਕੇ ਲਈ ਪ੍ਰਮੁੱਖ ਪਹਿਲ ਬਣਾ ਕੇ ਅੱਗੇ ਆਇਆ ਹੈ।

***ਭਾਰਤ ਦੇ ਸੰਵਿਧਾਨ ਦੇ ਨਿਰਮਾਤਾ-ਪਿਤਾਮਾ ਡਾ. ਅੰਬੇਡਕਰ ਨੇ ਨਿਰਪੱਖ ਤੇ ਨਿਆਂ ਪੂਰਨ ਚੋਣਾਂ ਦੀ ਜ਼ਿੰਮੇਵਾਰੀ ਲਈ ਇਕ ਸੁਤੰਤਰ ਚੋਣ ਆਯੋਗ ਦੇ ਗਠਨ ਦਾ ਪ੍ਰਾਵਧਾਨ ਕੀਤਾ ਹੈ। ਦੇਸ਼ ਦੀ ਸੰਸਦ, ਰਾਜ ਵਿਧਾਨ ਸਭਾਵਾਂ, ਰਾਸ਼ਟਰਪਤੀ ਤੇ ਉਪ-ਰਾਸ਼ਟਪਤੀ ਦੀਆਂ ਚੋਣਾਂ ਦਾ ਪੂਰਾ ਪ੍ਰਬੰਧ, ਦੇਖ-ਰੇਖ ਤੇ ਨਿਯੰਤ੍ਰਣ ਭਾਰਤ ਦੇ ਚੋਣ ਕਮਿਸ਼ਨ ਦਾ ਹੈ। ਇਸ ਕਾਰਜ ਲਈ ਆਯੋਗ ਨੂੰ ਪੁਲਿਸ ਤੇ ਸਿਵਿਲ ਸੇਵਾਵਾਂ ਵਲੋਂ ਮੁਕੰਮਲ ਸਹਿਯੋਗ ਦਿਤਾ ਜਾਂਦਾ ਹੈ। ਆਯੋਗ ਦੇ ਕੰਮਾਂ ਤੇ ਜ਼ਿੰਮੇਵਾਰੀਆਂ ਵਿਚ ਲਗਾਤਾਰ ਵਾਧਾ ਹੋਇਆ ਹੈ। ਖ਼ਾਸ ਤੌਰ ਤੇ ਮਤਦਾਨ ਦੇ ਤਰੀਕਿਆਂ ਵਿਚ ਤਕਨਾਲੋਜੀ ਦੀ ਨਵੀਂ ਤੋਂ ਨਵੀਂ ਵਰਤੋਂ ਜਿਸ ਵਿਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ.ਵੀ.ਐੱਮ) ਦੀ ਵਰਤੋਂ ਤੇ ਲੋੜੀਂਦੀ ਵੀਡੀਓ ਰੀਕਾਰਡਿੰਗ ਤੇ ਮਾਡਲ ਕੋਡ ਆਫ਼ ਕੰਡਕਟ ਨੂੰ ਸਹੀ ਤਰੀਕਿਆਂ ਨਾਲ ਲਾਗੂ ਕਰਵਾਉਣ ਦੇ ਫ਼ਰਜ਼ ਵੀ ਸ਼ਾਮਿਲ ਹੋ ਗਏ ਹਨ।***

ਮੁੱਖ ਚੋਣ ਕਮਿਸ਼ਨਰ ਤੇ ਉਸ ਦੇ ਹੋਰ ਸਹਿਯੋਗੀ ਅੱਜਕੱਲ੍ਹ ਮੀਡੀਆ ਦਾ ਭਰਪੂਰ ਸਹਿਯੋਗ ਲੈ ਰਹੇ ਹਨ। ਆਯੋਗ ਨੂੰ ਵੋਟਰਾਂ ਨੂੰ ਮਤ ਅਧਿਕਾਰ ਦੇ ਪ੍ਰਯੋਗ ਲਈ ਪ੍ਰੇਰਿਤ ਕਰਨ ਵਿਚ ਵੱਡੀ ਸਫਲਤਾ ਪ੍ਰਾਪਤ ਹੋਈ ਹੈ। ਚੋਣਾਂ ਦੇ ਪ੍ਰਬੰਧ ਸੰਬੰਧੀ ਨਵੇਂ ਪ੍ਰਬੰਧਾਂ ਨੂੰ ਲਾਗੂ ਕਰਨ ਤੇ ਹੋਰ ਸੌਖਾਲਾ ਬਣਾਉਣ ਲਈ ਟੀ.ਵੀ. ਚੈਨਲਾਂ ਨੇ ਨਿਸ਼ਚੇ ਹੀ ਵੱਡਾ ਯੋਗਦਾਨ ਪਾਇਆ ਹੈ। ਯੁਵਾ ਵਰਗ 18-19 ਸਾਲ ਦੇ ਨਵੇਂ ਵੋਟਰਾਂ ਦੀ ਗਿਣਤੀ 2.31 ਕਰੋੜ ਭਾਵ 2.7 ਪ੍ਰਤਿਸ਼ਤ ਨੂੰ ਚੋਣਾਂ ਪ੍ਰਤਿ ਜਾਗਰੂਕ ਕਰਨ ਲਈ ਆਯੋਗ ਨੇ ਅਨੇਕ ਕਲਪਨਾਸ਼ੀਲ ਢੰਗ ਅਪਨਾਏ ਜਿਸ ਦਾ ਪ੍ਰਭਾਵ 2014 ਦੀਆਂ ਚੋਣਾਂ ਵਿਚ ਪ੍ਰਤੱਖ ਹੋਇਆ।

ਭਾਰਤ ਵਿਚ ਚੋਣ ਪ੍ਰਣਾਲੀ ਤੇ ਰਾਜਨੀਤਕ ਪੱਧਰ 'ਤੇ ਸੁਧਾਰਾਂ ਦੀ ਜ਼ਰੂਰਤ ਆਰੰਭ ਤੋਂ ਮਹਿਸੂਸ ਕੀਤੀ ਜਾ ਰਹੀ ਹੈ। ਸਾਧਾਰਨ ਬਹੁਮੱਤ ਤੇ ਇਕੱਲੀ-ਨਾ-ਤਬਦੀਲ ਵੋਟ ਦੇ ਤਰੀਕੇ ਦੀਆਂ ਗੰਭੀਰ ਸੀਮਾਵਾਂ ਰੇਖਾਂਕਿਤ ਕੀਤੀਆਂ ਗਈਆਂ ਹਨ ਤੇ ਅਨੁਪਾਤੀ ਪ੍ਰਤਿਨਿਧ ਦੇ ਕਈ ਰੂਪ ਵਧੇਰੇ ਨਿਆਂਪੂਰਨ ਤੇ ਕੁਲ ਲੋਕਮਤ ਦੇ ਪ੍ਰਗਟਾਵਾ ਕਰਨ ਵਾਲੇ ਸਮਝੇ ਗਏ ਹਨ।

ਭਾਰਤ ਦੀਆਂ 1951-52 ਦੀਆਂ ਪਹਿਲੀਆਂ ਲੋਕ ਸਭਾ ਚੋਣਾਂ ਵਿਚ ਸ਼ੋਸਲਿਸਟ ਪਾਰਟੀ ਨੇ ਕੁੱਲ ਮਿਲਾ ਕੇ 1.8 ਕਰੋੜ ਵੋਟ ਪ੍ਰਾਪਤ ਕੀਤੇ ਸਨ ਜਦ ਕਿ ਕਾਂਗਰਸ ਨੇ 4.8 ਕਰੋੜ - ਪਰ ਸਮਾਜਵਾਦੀ ਪਾਰਟੀ ਨੂੰ ਕੇਵਲ 24 ਸੀਟਾਂ ਮਿਲੀਆਂ ਤੇ ਕਾਂਗਰਸ ਨੂੰ 364 ਪ੍ਰਾਪਤ ਹੋਈਆਂ ਸਨ। ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਇਕ ਸੱਚੇ ਡੈਮੋਕ੍ਰੈਟ ਦੇ ਤੌਰ ਤੇ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਸਮਾਜਵਾਦੀ ਪਾਰਟੀ ਨਾਲ ਸਹਿਯੋਗ ਵਧਾਇਆ ਅਤੇ ਅਨੇਕ ਆਰਥਿਕ ਤੇ ਸਮਾਜਿਕ ਤਬਦੀਲੀਆਂ ਲਈ ਯੋਜਨਾਵਾਂ ਲਾਗੂ ਕੀਤੀਆਂ, ਵਿਸ਼ੇਸ਼ ਕਰਕੇ ਭੂਮੀ ਸੁਧਾਰਾਂ ਰਾਹੀਂ ਜਿਨ੍ਹਾਂ ਅਨੁਸਾਰ ਜ਼ਮੀਨ ਦੇ ਮਾਲਕਾਨਾ ਅਧਿਕਾਰ ਅਨੇਕ ਵਾਹੀ ਕਰਨ ਵਾਲੇ ਕਿਸਾਨਾਂ ਨੂੰ ਦਿਤੇ ਗਏ। ਇਨ੍ਹਾਂ ਵਰ੍ਹਿਆਂ ਵਿਚ ਭਿੰਨ-ਭਿੰਨ ਸਮਾਜਿਕ ਵਰਗ ਪ੍ਰੰਪਰਾਗਤ ਆਧਾਰਾਂ 'ਤੇ ਵਿਸ਼ੇਸ਼ ਕਰਕੇ ਜਾਤੀ, ਧਰਮ ਤੇ ਆਰਥਿਕ ਸਮੁਦਾਇ ਆਪਣੇ ਸਮੁੱਚਿਤ ਰਾਜਨੀਤਕ ਖੇਤਰਾਂ ਨੂੰ ਮਜ਼ਬੂਤ ਕਰਨ ਵਿਚ ਜੁਟ ਗਏ।

ਸੰਵਿਧਾਨ ਦੇ ਪ੍ਰਮੁੱਖ ਸਿਰਜਕ ਡਾ. ਭੀਮ ਰਾਓ ਅੰਬੇਡਕਰ ਨੇ ਠੀਕ ਚੇਤਾਵਨੀ ਦਿਤੀ ਸੀ, "26 ਜਨਵਰੀ 1950 ਨੂੰ ਅਸੀਂ ਆਪਾ ਵਿਰੋਧੀ ਤੱਥਾਂ ਦੇ ਜੀਵਨ ਵਿਚ ਪ੍ਰਵੇਸ਼ ਕਰ ਰਹੇ ਹੋਵਾਂਗੇ। ਰਾਜਨੀਤੀ ਵਿਚ ਤਾਂ ਅਸੀਂ ਸਮਾਨਤਾ ਦਾ ਸਿਧਾਂਤ ਅਪਨਾ ਚੁੱਕੇ ਹੋਵਾਂਗੇ ਪਰ ਸਮਾਜਿਕ ਤੇ ਆਰਥਿਕ ਜੀਵਨ ਵਿਚ ਨਾ-ਬਰਾਬਰੀ ਬਰਕਰਾਰ ਰਹੇਗੀ। ਇਹ ਆਪਾ ਵਿਰੋਧਾਭਾਸ ਪ੍ਰਸਥਿਤੀ ਨੂੰ ਜਲਦੀ ਤੋਂ ਜਲਦੀ ਬਦਲਣਾ ਅਤਿ ਅਵਸ਼ਕ ਹੈ। ... ਦੂਸਰਾ ਸਿਧਾਂਤ ਸਾਂਝੀਵਾਲਤਾ ਆਧਾਰਤ ਭਾਈਚਾਰਾ ਭਾਵ ਭਾਰਤੀਆਂ ਦੀ ਏਕਤਾ ਤੇ ਸਮਾਜਿਕ ਜੀਵਨ ਦੀ ਇਕ-ਮੁੱਠਤਾ ਦਾ ਹੈ ... ਇਹ ਸਮਝ ਲੈਣਾ ਜ਼ਰੂਰੀ ਹੈ ਕਿ ਅਸੀਂ ਅਜੇ ਸਮਾਜਿਕ ਤੇ ਮਨੋ ਚਿੰਤਨ ਦੀ ਭਾਵਨਾ ਵਾਲਾ ਰਾਸ਼ਟਰ ਬਣਨਾ ਹੈ ... ਆਪਸੀ ਭਾਈਚਾਰੇ ਤੋਂ ਬਗ਼ੈਰ, ਸਮਾਨਤਾ ਤੇ ਸੁਤੰਤਰਤਾ ਕੇਵਲ ਉਪਰ ਦੀ ਸਤਹਿ 'ਤੇ ਲਿਪਾ-ਪੋਚੀ ਤੋਂ ਗਹਿਰੇ ਨਹੀਂ ਹੋ ਸਕਦੇ...।" ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਨੇਕ ਸਮਾਜਿਕ ਤੇ ਆਰਥਿਕ ਕਾਨੂੰਨਾਂ ਨੂੰ ਲਾਗੂ ਕਰਾਉਣ ਤੋਂ ਅਸਮਰਥ ਰਹੇ ਸਨ। ਡਾ. ਅੰਬੇਡਕਰ ਜਿਹਾ ਨੇਤਾ ਵੀ ਆਪਣੀ ਸੰਸਦ ਦੀ ਸੀਟ ਨਹੀਂ ਸੀ ਜਿੱਤ ਸਕਿਆ।

ਚੋਣ ਪ੍ਰਣਾਲੀ ਤੇ ਰਾਜਸੀ ਪੱਧਰ 'ਤੇ ਕੀਤੇ ਗਏ ਸੁਧਾਰਾਂ ਦਾ ਮੁਕੰਮਲ ਸਰਵੇਖਣ ਕਰਨ ਤੋਂ ਪਹਿਲਾਂ ਹੁਣੇ ਚੁਣੀ ਗਈ 16ਵੀਂ ਲੋਕ ਸਭਾ ਦੇ ਨਤੀਜਿਆਂ ਬਾਰੇ ਜਾਣਕਾਰੀ ਦੇ ਵਿਸ਼ੇਸ਼ ਤੱਥਾਂ ਨੂੰ ਸਾਹਮਣੇ ਰੱਖਣਾ ਸੰਪੂਰਨ ਪ੍ਰਸਥਿਤੀ ਨੂੰ ਸਮਝਣ ਲਈ ਕਾਫ਼ੀ ਸਹਾਈ ਹੋ ਸਕਦਾ ਹੈ। ਦੋ ਪ੍ਰਮੁੱਖ ਸੁਤੰਤਰ ਸਮਾਜ ਸੇਵੀ ਸੰਸਥਾਵਾਂ - ਨੈਸ਼ਨਲ ਇਲੈਕਸ਼ਨ ਵਾਚ ਤੇ ਐਸੋਸੀਏਸ਼ਨ ਫਾਰ ਡੈਮੋਕ੍ਰੈਟਿਕ ਰੀਫਾਰਮਜ਼ ਦੀ ਰਿਪੋਰਟ ਅਨੁਸਾਰ ਚੁਣੇ ਗਏ 543 ਸਾਂਸਦਾਂ ਦੀਆਂ ਗਵਾਹੀਆਂ ਅਨੁਸਾਰ 186 ਭਾਵ 34 ਪ੍ਰਤਿਸ਼ਤ ਨੇ ਉਨ੍ਹਾਂ ਵਿਰੁੱਧ ਅਪਰਾਧੀ ਮੁਕੱਦਮੇ ਦਰਜ ਹੋਣ ਦੇ ਤੱਥ ਨੂੰ ਕਬੂਲ ਕੀਤਾ ਹੈ। ਇਨ੍ਹਾਂ ਵਿਚੋਂ 112 ਭਾਵ 21 ਪ੍ਰਤਿਸ਼ਤ ਵਿਰੁੱਧ ਗੰਭੀਰ ਇਲਜ਼ਾਮ ਹਨ। ਨਵੀਂ ਲੋਕ ਸਭਾ ਦੀ ਔਸਤਨ ਆਯੂ ਦੇ ਅੰਕੜੇ ਦਰਸਾਉਂਦੇ ਹਨ ਕਿ 253 ਭਾਵ 47 ਪ੍ਰਤਿਸ਼ਤ ਸਾਂਸਦ 55 ਸਾਲ ਤੋਂ ਵਧੇਰੀ ਆਯੂ ਸੀਮਾ ਵਾਲੇ ਹਨ। ਇਸਤਰੀਆਂ ਦੀ ਗਿਣਤੀ 61 ਲਗਭਗ 11 ਪ੍ਰਤਿਸ਼ਤ ਹੈ। 75 ਪ੍ਰਤਿਸ਼ਤ ਮੈਂਬਰ ਗ੍ਰੈਜੂਏਟ ਹਨ ਜਦ ਕਿ 13 ਪ੍ਰਤਿਸ਼ਤ ਨੇ ਮੈਟਰਿਕ ਵੀ ਪਾਸ ਨਹੀਂ ਕੀਤੀ।

ਚੁਣੇ ਗਏ ਮੈਂਬਰਾਂ ਵਿਚੋਂ 27 ਪ੍ਰਤਿਸ਼ਤ ਨੇ ਆਪਣਾ ਪੇਸ਼ਾ ਖੇਤੀਬਾੜੀ ਦੱਸਿਆ ਹੈ, 20 ਪ੍ਰਤਿਸ਼ਤ ਨੇ ਵਪਾਰ। ਜਦ ਕਿ 1952 ਵਿਚ ਚੁਣੀ ਗਈ ਪਹਿਲੀ ਲੋਕ ਸਭਾ ਵਿਚ ਵਕੀਲਾਂ ਦੀ ਗਿਣਤੀ 36 ਪ੍ਰਤਿਸ਼ਤ, ਖੇਤੀਬਾੜੀ ਕਰਨ ਵਾਲਿਆਂ ਦੀ 22 ਪ੍ਰਤਿਸ਼ਤ ਤੇ ਵਪਾਰੀਆਂ ਦੀ ਪ੍ਰਤਿਨਿਧਤਾ 12 ਪ੍ਰਤਿਸ਼ਤ ਸੀ। ਸਾਂਸਦਾਂ ਦੀ ਅਥਾਹ ਦੌਲਤ ਤੇ ਅਣਗਿਣਤ ਸਰਕਾਰੀ ਸਹੂਲਤਾਂ ਦੀਆਂ ਮੀਡੀਆ ਵਿਚ ਇੰਨੀਆਂ ਖ਼ਬਰਾਂ ਆਉਂਦੀਆਂ ਹਨ ਕਿ ਆਮ ਨਾਗਰਿਕ ਹੈਰਾਨ ਹੋ ਸਕਦਾ ਹੈ।

2014 ਦੀਆਂ ਲੋਕ ਸਭਾ ਚੋਣਾਂ ਅਨੁਸਾਰ 449 ਮੈਂਬਰ ਲਗਭਗ 83 ਪ੍ਰਤਿਸ਼ਤ ਕਰੋੜ ਰੁਪਏ ਤੋਂ ਵੱਧ ਸੰਪਤੀ ਵਾਲੇ ਹਨ ਤੇ ਔਸਤ ਆਮਦਨ 2009 ਦੇ ਮੈਂਬਰਾਂ ਦੀ 6 ਕਰੋੜ ਰੁਪਏ ਦੀ ਤੁਲਨਾ ਵਿਚ 14 ਕਰੋੜ ਰੁਪਏ ਹੋ ਗਈ ਹੈ। ਸਾਂਸਦਾਂ ਵਲੋਂ ਆਪਣੇ ਭੱਤੇ ਤੇ ਹੋਰ ਸਹੂਲਤਾਂ ਵਿਚ ਲਗਾਤਾਰ ਬਗ਼ੈਰ ਕਿਸੇ ਖੁੱਲ੍ਹੀ ਚਰਚਾ ਦੇ, ਵਾਧੇ ਕਰਦੇ ਰਹਿਣ ਦੀ ਕੌੜੀ ਸੱਚਾਈ ਨੇ ਲੋਕਾਂ ਨੂੰ ਨਿਰਾਸ਼ ਕੀਤਾ ਹੈ।

ਭਾਰਤ ਵਿਚ ਸੰਬੰਧਿਤ ਸਰਕਾਰੀ ਅਦਾਰਿਆਂ, ਗ਼ੈਰ ਸਰਕਾਰੀ ਸੰਸਥਾਵਾਂ ਤੇ ਸਮੁੱਚੇ ਰਾਜਨੀਤਕ ਹਲਕਿਆਂ ਵਿਚ ਚੋਣ ਪ੍ਰਣਾਲੀ ਤੇ ਰਾਜਨੀਤਕ ਪੱਧਰ 'ਤੇ ਕੀਤੇ ਜਾ ਸਕਣ ਵਾਲੇ ਸੁਧਾਰਾਂ ਬਾਰੇ ਲਗਾਤਾਰ ਵਿਚਾਰ-ਵਟਾਂਦਰਾ ਜਾਰੀ ਰਿਹਾ ਹੈ। ਪ੍ਰਮੁੱਖ ਸਰਕਾਰੀ ਸੰਮਤੀਆਂ ਵਿਚ ਗੋਸਵਾਮੀ ਕਮੇਟੀ (1990); ਵੋਹਰਾ ਕਮੇਟੀ ਰਿਪੋਰਟ (1993); ਇੰਦਰਜੀਤ ਗੁਪਤ ਕਮੇਟੀ (1998) ਤੇ ਲਾਅ ਕਮਿਸ਼ਨ ਰਿਪੋਰਟ (1999) ਤੋਂ ਬਾਅਦ ਵੀ ਸਰਕਾਰ ਹੋਰ ਸੰਸਥਾਵਾਂ ਦੀਆਂ ਸਿਫ਼ਾਰਸ਼ਾਂ 'ਤੇ ਗੌਰ ਕਰਦੀ ਰਹੀ ਹੈ। ਇਨ੍ਹਾਂ ਵਿਚ ਭਾਰਤ ਚੋਣ ਆਯੋਗ ਵਲੋਂ ਪ੍ਰਸਤਾਵਿਤ ਸੁਧਾਰ (2004); ਦੂਜੇ ਪ੍ਰਸ਼ਾਸਕੀ ਸੁਧਾਰ ਆਯੋਗ ਦੀਆਂ ਸਿਫ਼ਾਰਸ਼ਾਂ (2008); ਕਾਨੂੰਨ ਮੰਤਰਾਲਾ ਵਲੋਂ ਇਸਤਰੀਆਂ ਤੇ ਅਨੁਸੂਚਿਤ ਜਾਤੀ/ਜਨਜਾਤੀ ਉਮੀਦਵਾਰਾਂ ਨੂੰ ਸਰਕਾਰੀ ਵਿੱਤੀ ਸਹਾਇਤਾ ਦਾ ਸੁਝਾਅ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਕਾਨੂੰਨ ਮੰਤਰਾਲਾ ਦੇ ਪ੍ਰਸਤਾਵਿਤ ਪੱਤਰ ਵਿਚ ਇਹ ਸਪੱਸ਼ਟ ਕੀਤਾ ਗਿਆ ਕਿ ਚੋਣਾਂ ਵਿਚ ਧਨ ਦੀ ਸ਼ਕਤੀ 'ਤੇ ਰੋਕ ਲਾਉਣ ਸੰਬੰਧੀ ਰਾਜਨੀਤਕ ਹਲਕਿਆਂ ਵਿਚ ਸਰਵ ਸੰਮਤੀ ਹੈ। ਵੱਡੇ ਮਸਲਿਆਂ ਵਿਚ ਰਾਜਨੀਤੀ ਦਾ ਅਪਰਾਧੀਕਰਨ, ਚੋਣਾਂ ਲਈ ਵਿੱਤੀ ਪ੍ਰਬੰਧ, ਚੋਣ ਵਿਵਹਾਰ ਤੇ ਚੋਣਾਂ ਦਾ ਬੰਦੋਬਸਤ ਆਉਂਦੇ ਹਨ। ਹੋਰਨਾਂ ਮਸਲਿਆਂ 'ਚ ਰਾਜਨੀਤਕ ਦਲਾਂ ਦਾ ਸੰਗਠਨ, ਇਨ੍ਹਾਂ ਦਲਾਂ ਦੇ ਵਿੱਤੀ ਸਰੋਤਾਂ ਦੀ ਨਿਰਖ-ਪਰਖ, ਚੋਣਾਂ ਸੰਬੰਧੀ ਝਗੜੇ ਤੇ ਸ਼ਿਕਾਇਤਾਂ ਦੇ ਸਮਾਧਾਨ ਅਤੇ ਦਲ ਬਦਲਣ ਦੇ ਕਾਨੂੰਨ ਵਿਚ ਸੋਧ ਆਦਿ ਗਿਣਾਏ ਜਾ ਸਕਦੇ ਹਨ। ਰਾਜਨੀਤਕ ਦਲਾਂ ਦਾ ਪੰਜੀਕਰਨ ਦਾ ਮਾਮਲਾ ਬੜਾ ਪੇਚੀਦਾ ਹੈ - ਚੋਣ ਆਯੋਗ ਇਕ ਵਾਰ ਪੰਜੀਕਰਨ ਕਰਕੇ ਇਸ ਨੂੰ ਰੱਦ ਨਹੀਂ ਕਰ ਸਕਦਾ - 1200 ਤੋਂ ਵੱਧ ਪੰਜੀਕ੍ਰਿਤ ਪਾਰਟੀਆਂ ਵਿਚੋਂ 150 ਹੀ ਕਾਰਜਸ਼ੀਲ ਕਹੀਆਂ ਜਾ ਸਕਦੀਆਂ ਹਨ। ਅਨੇਕ ਰਾਜਨੀਤਕ ਦਲਾਂ ਦੀ ਹੋਂਦ ਕੇਵਲ ਨਾਂ-ਮਾਤਰ ਹੀ ਹੈ - ਅਜਿਹੇ ਸੰਗਠਨ ਮੁਦਰਾ ਦੀ ਹੇਰਫੇਰ ਦਾ ਸਾਧਨ ਬਣਾਏ ਜਾਂਦੇ ਹਨ।

***ਨਿਆਂ ਮੂਰਤੀ ਜੇ. ਐੱਸ. ਵਰਮਾ ਕਮੇਟੀ ਨੇ ਜਨਵਰੀ 2013 ਦੀ ਰਿਪੋਰਟ ਵਿਚ ਗੰਭੀਰ ਚਿਤਾਵਨੀ ਦਿੰਦੇ ਕਿਹਾ ਸੀ ਕਿ 'ਰਾਜਨੀਤੀ ਦਾ ਅਪਰਾਧੀਕਰਨ ਤੇ ਅਪਰਾਧ ਦਾ ਰਾਜਨੀਤੀਕਰਨ' ਹੋ ਰਿਹਾ ਹੈ ਅਤੇ ਇਸਤਰੀਆਂ ਲਈ ਇਨਸਾਫ਼ ਲਈ ਵੀ 'ਲੋਕ ਪ੍ਰਤਿਨਿਧਤਾ ਕਾਨੂੰਨ 1951 'ਚ ਸੋਧਾਂ ਕਰਨੀਆਂ ਜ਼ਰੂਰੀ ਹੋ ਗਈਆਂ ਹਨ। ਵਰਮਾ ਕਮੇਟੀ ਨੇ ਸਾਂਸਦਾਂ ਤੇ ਵਿਧਾਨ ਸਭਾਵਾਂ ਦੇ ਮੈਂਬਰਾਂ ਲਈ ਬਲਾਤਕਾਰੀ ਤੇ ਕਤਲ ਦੇ ਮੁਕੱਦਮਿਆਂ ਵਿਚ ਸਖ਼ਤ ਕਾਨੂੰਨਾਂ ਦੀ ਲੋੜ 'ਤੇ ਜ਼ੋਰ ਦਿਤਾ। ਸਭ ਚੁਣੇ ਹੋਏ ਪ੍ਰਤਿਨਿਧਾਂ 'ਤੇ ਨਿੱਜੀ ਹਿੱਤਾਂ ਦੇ ਟਕਰਾਅ ਦੇ ਸਿਧਾਂਤ ਨੂੰ ਅਪਣਾਏ ਜਾਣ ਦੀ ਵੀ ਸਖ਼ਤ ਜ਼ਰੂਰਤ ਹੈ।***

ਰਾਜਨੀਤਕਾਂ ਦੁਆਰਾ ਵੱਡੇ ਪੈਮਾਨੇ 'ਤੇ ਰਿਸ਼ਵਤਖੋਰੀ ਤੇ ਪਦਵੀਆਂ ਦੇ ਦੁਰਉਪਯੋਗ ਕਾਰਨ ਦੇਸ਼ ਦੀ ਅਰਥਵਿਵਸਥਾ ਤੇ ਵਿਕਾਸ ਨੂੰ ਵੱਡੀ ਠੇਸ ਪਹੁੰਚ ਰਹੀ ਹੈ। ਅਨੇਕ ਗੰਭੀਰ ਮੀਡੀਆ ਸੂਚਨਾਵਾਂ ਅਨੁਸਾਰ 2014 ਦੀਆਂ ਚੋਣਾਂ ਦਾ ਕੁੱਲ ਖਰਚ ਲਗਭਗ 4.9 ਬਿਲੀਅਨ ਡਾਲਰ ਤਕ ਹੋ ਸਕਦਾ ਹੈ ਜੋ ਕੁੱਲ ਘਰੇਲੂ ਉਤਪਾਦਨ ਦਾ 0.35 ਪ੍ਰਤਿਸ਼ਤ ਤਕ ਅਨੁਮਾਨਿਆ ਗਿਆ ਹੈ। ਸਭ ਜਾਣਦੇ ਹਨ 2014 ਵਿਚ 70 ਲੱਖ ਰੁਪਏ ਦੀ ਨਿਸ਼ਚਿਤ ਸੀਮਾ ਤੋਂ ਪੰਜਾਹ ਤੋਂ ਸੌ ਗੁਣਾ ਵੱਧ ਰਕਮਾਂ ਖਰਚ ਕਰਕੇ ਸੰਸਦ ਭਵਨ ਪੁੱਜੇ ਹਨ ਬਹੁਤੇ ਸਾਂਸਦ। ਪਰ ਇਹ ਵੀ ਸੱਚ ਹੈ ਕਿ ਕੇਵਲ ਧਨ ਤੇ ਹੋਰ ਲੋਭਾਂ ਦੇ ਸਹਾਰੇ ਕੋਈ ਵੀ ਉਮੀਦਵਾਰ ਨਿਸ਼ਚਿਤ ਤੌਰ ਤੇ ਚੋਣਾਂ ਨਹੀਂ ਜਿੱਤ ਸਕਦਾ।

ਭਾਰਤ ਚੋਣ ਆਯੋਗ ਵਲੋਂ ਜੁਲਾਈ 2004 ਵਿਚ 22 ਪ੍ਰਸਤਾਵਾਂ ਵਾਲਾ ਪੱਤਰ ਜੋ ਕਾਨੂੰਨ ਮੰਤਰਾਲਾ ਨੂੰ ਭੇਜਿਆ ਗਿਆ ਸੀ। ਉਸ 'ਤੇ ਯੋਗ ਕਾਰਵਾਈਆਂ ਦਾ ਸਿਲਸਿਲਾ ਜਾਰੀ ਹੈ। ਲੋਕ ਪ੍ਰਤਿਨਿਧਤਾ ਕਾਨੂੰਨ 1951 ਵਿਚ ਕਈ ਲੋੜੀਂਦੇ ਪ੍ਰਸ਼ਾਸਨਿਕ ਸੁਧਾਰ ਕੀਤੇ ਗਏ ਹਨ ਜਿਨ੍ਹਾਂ ਵਿਚ ਉਮੀਦਵਾਰਾਂ ਦੀ ਜ਼ਮਾਨਤੀ ਰਾਸ਼ੀ ਵਿਚ ਵਾਧਾ, ਭ੍ਰਿਸ਼ਟਾਚਾਰ ਕਰਨ ਵਾਲਿਆਂ ਵਿਰੁੱਧ ਕਾਰਵਾਈ ਦੀ ਪ੍ਰਕਿਰਿਆ ਵਿਚ ਸੁਧਾਰ, ਐਗਜ਼ਿਟ ਪੋਲ ਤੇ ਲੋਕ ਮੱਤ ਸਰਵੇਖਣ ਬਾਰੇ ਨਿਯਮ, ਜ਼ਿਲ੍ਹਾ ਪੱਧਰ 'ਤੇ ਅਪੀਲ, ਅਧਿਕਾਰੀਆਂ ਦੀਆਂ ਨਿਯੁਕਤੀਆਂ ਤੇ ਚੋਣ ਡਿਊਟੀ ਸਮੇਂ ਅਮਲੇ ਦੀ ਤੈਨਾਤੀ ਬਾਰੇ ਨਵੇਂ ਨਿਯਮ ਬਣਾਏ ਗਏ ਹਨ। ਇਸੇ ਤਰ੍ਹਾਂ ਅਪਰਾਧ ਦੇ ਮੁਕੱਦਮਿਆਂ ਤੇ ਸੰਪਤੀ ਦੇ ਵੇਰਵੇ ਬਾਰੇ ਇਕੋ ਹਲਫ਼ਨਾਮਾ, ਇਕ ਹੀ ਸੀਟ ਤੋਂ ਚੋਣ ਲੜ ਸਕਣ ਦੀ ਵਿਵਸਥਾ ਦਾ ਸੁਝਾਅ, ਰਾਜਨੀਤਕ ਪਾਰਟੀਆਂ ਵਲੋਂ ਆਮਦਨ 'ਤੇ ਖਰਚੇ ਦਾ ਵੇਰਵਾ ਰੱਖਣਾ, ਚੋਣ ਤੋਂ ਪਹਿਲਾਂ ਸਰਕਾਰੀ ਖਰਚੇ 'ਤੇ ਆਪਣੀਆਂ ਪ੍ਰਾਪਤੀਆਂ ਦੀ ਇਸ਼ਤਿਹਾਬਾਜ਼ੀ ਬਾਰੇ ਨਿਯਮ, ਟੈਲੀਵੀਜ਼ਨ ਤੇ ਕੇਬਲ ਚੈਨਲ 'ਤੇ ਇਸ਼ਤਿਹਾਰ ਤੇ ਵਿਗਿਆਪਨ ਬਾਰੇ ਨਿਯਮ, ਚੋਣ ਆਯੋਗ ਦੀ ਸੰਵਿਧਾਨਿਕ ਸੁਰੱਖਿਆ ਤੇ ਸੁਤੰਤਰ ਸਕੱਤ੍ਰੇਤ ਦੀ ਸਹੂਲਤ, ਚੋਣ ਆਯੋਗ ਦੇ ਬਜਟ ਦੇ ਖਰਚੇ ਦਾ 'ਕਨਸੋਲੀਡੇਟਡ ਫ਼ੰਡ' ਵਿਚ ਰੱਖੇ ਜਾਣ ਦਾ ਪ੍ਰਸਤਾਵ, ਨਿਯੁਕਤ ਕੀਤੇ ਚੋਣ ਅਧਿਕਾਰੀਆਂ ਦੇ ਤਬਾਦਲੇ 'ਤੇ ਰੋਕ ਆਦਿ ਦੇ ਵਿਸ਼ੇ ਕਾਨੂੰਨ ਮੰਤਰਾਲਾ ਦੇ ਵਿਚਾਰਧੀਨ ਹਨ। ਪਿਛਲੇ ਦਿਨੀਂ 'ਪੇਡ ਨਿਊਜ਼' ਦਾ ਮੁੱਦਾ ਕਾਫ਼ੀ ਉੱਭਰ ਕੇ ਸਾਹਮਣੇ ਆਇਆ ਹੈ। ਹੋਰ ਭ੍ਰਿਸ਼ਟਤਾ ਦੇ ਕਾਰਜਾਂ ਵਾਂਗ ਇਹ ਵੀ ਕਾਫ਼ੀ ਗੁੰਝਲਦਾਰ ਸਮੱਸਿਆ ਹੈ ਜਿਸ ਦੀ ਰੋਕਥਾਮ ਲਈ ਯੋਗ ਨਿਯਮਾਂ ਦੀ ਜ਼ਰੂਰਤ ਹੈ। ਆਯੋਗ ਨੇ ਈ.ਵੀ.ਐੱਮ. ਦੇ ਸਫਲ ਪ੍ਰਯੋਗ ਨਾਲ ਇੰਨੀ ਵਿਸ਼ਾਲ ਚੋਣ ਪ੍ਰਕਿਰਿਆ ਦੀ ਕਾਇਆ-ਕਲਪ ਹੀ ਕਰ ਦਿਤੀ

ਹੈ। ਤਕਨਾਲੋਜੀ ਦੀ ਹੋਰ ਵਧੇਰੇ ਸਹਾਇਤਾ ਤੇ ਪਾਰਦਰਸ਼ਤਾ ਪ੍ਰਦਾਨ ਕੀਤੀ ਹੈ। ਆਯੋਗ ਨੇ ਮਤਦਾਤਾਵਾਂ ਨਾਲ ਸਿੱਧੇ ਸੰਪਰਕ ਰਾਹੀਂ ਉਨ੍ਹਾਂ ਨੂੰ ਸਿੱਖਿਅਤ ਕਰਨ ਵਿਚ ਤੇ ਪ੍ਰੇਰਿਤ ਕਰਨ ਵਿਚ ਮੀਡੀਆ ਨਾਲ ਸ਼ਲਾਘਾ ਯੋਗ ਤਾਲਮੇਲ ਬਿਠਾਇਆ ਹੈ। ਯੁਵਾ ਵੋਟਰਾਂ ਨੂੰ ਜੋੜਨ ਲਈ ਸਿਨੇਮਾ ਤੇ ਖੇਡ ਜਗਤ ਦੀਆਂ ਪ੍ਰਸਿੱਧ ਸ਼ਖ਼ਸੀਅਤਾਂ ਦਾ ਸਹਿਯੋਗ ਪ੍ਰਾਪਤ ਕਰਨਾ ਵੀ ਕਲਪਨਾਸ਼ੀਲ ਤੇ ਸਫਲ ਯਤਨ ਸਾਬਤ ਹੋਏ ਹਨ। 25 ਜਨਵਰੀ ਨੂੰ 'ਰਾਸ਼ਟਰੀ ਮਤਦਾਤਾ ਜਿਹੜਾ ਨੈਸ਼ਨਲ ਵੋਟਰਜ਼ ਡੇ ਦਾ ਉਤਸਵ ਮਨਾਉਣਾ ਵੀ ਸ਼ਲਾਘਾਯੋਗ ਪਹਿਲਕਦਮੀ ਹੈ।

ਭਾਰਤ ਵਿਚ ਮਈ 2014 ਦੀਆਂ ਚੋਣਾਂ ਬਾਰੇ ਡੂੰਘਾ ਵਿਸ਼ਲੇਸ਼ਣ ਤੇ ਬਹੁ-ਪੱਖੀ ਚਰਚਾ ਬਹੁਤ ਦੇਰ ਤਕ ਚਲਦੇ ਰਹਿਣਗੇ। ਭਾਰਤ ਦੀ ਲੋਕਤੰਤਰਿਕ ਵਿਵਸਥਾ ਦੀ ਸਫਲਤਾ ਦੇ ਵਾਸਤਵਿਕ ਨਾਇਕ ਦੇਸ਼ ਦੇ ਸਾਧਾਰਨ ਨਾਗਰਿਕ ਹਨ। ਸਾਬਕ ਮੁੱਖ ਚੋਣ ਕਮਿਸ਼ਨਰ ਸ਼ਾ.ਯਾ. ਕੁਰੈਸ਼ੀ ਨੇ ਸਵੀਕਾਰ ਕੀਤਾ ਕਿ ਇਹ ਸਾਡੇ ਲੋਕਤੰਤਰ ਦੀਆਂ ਚੋਣਾਂ ਦਾ ਇਕ ਵਿਰੋਧਾਭਾਸ ਹੀ ਹੈ ਕਿ ਭ੍ਰਿਸ਼ਟਾਚਾਰ ਵਧਿਆ ਹੈ ਅਤੇ ਅਮੀਰਾਂ ਦੀ ਪਕੜ ਮਜ਼ਬੂਤ ਹੋਈ ਹੈ। ਡਾ. ਕੁਰੈਸ਼ੀ ਨੇ ਚੋਣ ਪ੍ਰਕਿਰਿਆ ਨਾਲ ਜੁੜੇ ਸਭ ਮੁੱਖ ਮੁੱਦਿਆਂ ਨੂੰ ਗਹਿਰਾਈ ਵਿਚ ਛੋਹਿਆ ਹੈ। ਉਨ੍ਹਾਂ ਨੇ ਕਾਲੇ ਧਨ ਦੀ ਰੋਕਥਾਮ, ਚੋਣ ਸੁਧਾਰਾਂ ਦੇ ਉੱਭਰ ਰਹੇ ਮੁੱਦੇ ਜਿਵੇਂ ਰਾਜਨੀਤੀ ਦਾ ਅਪਰਾਧੀ ਕਰਨ, ਦਾਗ਼ੀ ਸਾਂਸਦ, ਰਾਜਨੀਤਕ ਦਲਾਂ ਦੀ ਅੰਦਰੂਨੀ ਜਮਹੂਰੀਅਤ ਤੇ ਇਕੱਠੇ ਕੀਤੇ ਅਥਾਹ ਧਨ ਦੇ ਹਿਸਾਬ-ਕਿਤਾਬ ਦੀ ਪਾਰਦਰਸ਼ਤਾ, ਫਰਜ਼ੀ ਉਮੀਦਵਾਰਾਂ ਦੀ ਸਮੱਸਿਆ, 'ਨੋਟਾ' ਦੀ ਸਹੂਲਤ, ਖਰੀਦੀਆਂ ਖ਼ਬਰਾਂ ਆਦਿ ਸਭ ਵਿਸ਼ਿਆਂ 'ਤੇ ਦ੍ਰਿੜ੍ਹਤਾ ਨਾਲ ਆਪਣੇ ਵਿਚਾਰ ਪੇਸ਼ ਕੀਤੇ ਹਨ। 'ਜ਼ਰੂਰੀ ਵੋਟਿੰਗ' ਦੇ ਸੰਦਰਭ ਵਿਚ ਕੁਰੈਸ਼ੀ ਸਾਹਿਬ ਲੱਖਾਂ ਦਿਹਾੜੀਦਾਰ ਮਜ਼ਦੂਰਾਂ ਨੂੰ ਯਾਦ ਕਰਦੇ ਹਨ ਜੋ ਇਕ ਦਿਨ ਦੀ ਮਜ਼ਦੂਰੀ 'ਵੋਟ ਪਾਉਣ ਦੀ ਅਯਾਸ਼ੀ 'ਚ ਨਹੀਂ ਗਵਾ ਸਕਦੇ। 'ਮਾਡਲ ਕੋਡ ਆਫ਼ ਕੰਡਕਟ – ਆਦਰਸ਼ ਵਿਵਹਾਰ ਸੰਹਿਤਾ' ਦੇ ਸੰਦਰਭ ਵਿਚ ਡਾ. ਕੁਰੈਸ਼ੀ ਨੇ ਇਸ ਦੀ ਤੁਲਨਾ "ਫਾਇਰ ਬ੍ਰਿਗੇਡ – ਦਸਤੇ" ਨਾਲ ਕੀਤੀ ਹੈ ਜਿਥੇ ਕਿ ਫੌਰੀ ਕਾਰਵਾਈ ਦੀ ਜ਼ਰੂਰਤ ਹੁੰਦੀ ਹੈ ਅਤੇ ਨਿਆਂ ਪਾਲਿਕਾ ਦੀ 'ਘੋਗਾ ਚਾਲ' ਵਿਚ ਵਾਸਤਵਿਕਤਾ ਦੀਆਂ ਗੰਭੀਰ ਸੀਮਾਵਾਂ ਹੁੰਦੀਆਂ ਹਨ। ਸਾਂਸਦਾਂ ਵਲੋਂ ਸਥਾਨਕ ਵਿਕਾਸ ਯੋਜਨਾ ਤਹਿਤ ਧਨ ਦਾ ਇੰਨਾ ਦੁਰਉਪਯੋਗ ਹੋ ਰਿਹਾ ਹੈ ਕਿ ਇਸ ਸਹੂਲਤ ਨੂੰ ਖਤਮ ਕਰਨ ਲਈ ਵੀ ਵਿਚਾਰ ਪੇਸ਼ ਕੀਤੇ ਗਏ ਹਨ।

ਭਾਰਤ ਜਿਹੇ ਵਿਸ਼ਾਲ ਜਨਸੰਖਿਆ ਵਾਲੇ ਦੇਸ਼ ਦਾ ਲੋਕਤੰਤਰ ਵਿਸ਼ਵ ਦੀ ਸ਼ੋਭਾ ਵਧਾਉਂਦਾ ਹੈ ਤੇ ਇਹ ਸਭ ਦੇਸ਼ਾਂ ਲਈ ਆਦਰਸ਼ ਤੇ ਪ੍ਰੇਰਨਾ ਦਾ ਵੀ ਸਰੋਤ ਹੈ। ਇੰਨੇ ਲੰਬੇ ਇਤਿਹਾਸਕ ਵਿਰਸੇ ਤੇ ਵਿਭਿੰਨਤਾਵਾਂ ਵਾਲੀ ਸਭਿਅਤਾ ਦੇ ਲੋਕਾਂ ਨੇ ਆਪਣੇ ਮੂਲ ਅਧਿਕਾਰਾਂ, ਸੁਰੱਖਿਆ ਤੇ ਸਰਵ-ਪੱਖੀ ਵਿਕਾਸ ਲਈ ਚੋਣ ਪ੍ਰਕਿਰਿਆ ਰਾਹੀਂ ਆਪਣੀ ਰਾਜਨੀਤਕ ਕਿਸਮਤ ਨੂੰ ਪਰਿਭਾਸ਼ਿਤ ਕੀਤਾ ਹੈ। ਭਾਰਤ ਦੇ ਕਾਨੂੰਨ ਆਯੋਗ ਦੀ 170ਵੀਂ ਰਿਪੋਰਟ ਜਿਸ ਦੀ ਪ੍ਰਧਾਨਗੀ ਨਿਆਂਮੂਰਤੀ ਬੀ.ਪੀ. ਜੀਵਨ ਰੈਡੀ ਨੇ ਕੀਤੀ ਸੀ, ਮਈ 1999 ਵਿਚ ਪੇਸ਼ ਕੀਤੀ ਗਈ ਸੀ। ਇਸ ਰਿਪੋਰਟ ਵਿਚ ਚੋਣ ਪ੍ਰਣਾਲੀ ਅਤੇ ਰਾਜਨੀਤਕ ਪੱਧਰ 'ਤੇ ਕੀਤੇ ਜਾ ਸਕਣ ਵਾਲੇ ਅਨੇਕ ਸੁਧਾਰਾਂ ਵੱਲ ਬੜੀ ਸੰਵੇਦਨਾ ਨਾਲ ਧਿਆਨ ਆਕ੍ਰਸ਼ਿਤ ਕੀਤਾ ਗਿਆ ਸੀ, "ਇਹ ਹਕੀਕਤ ਹੈ ਕਿ ਸਾਡੇ ਸਮਾਜ ਵਿਚ ਬੇਹੱਦ ਅਸਮਾਨਤਾ ਤੇ ਅਨੇਕ ਵਿਤਕਰੇ ਹਨ .. ਜਾਤੀ, ਲਿੰਗ, ਕਬੀਲਾ ਤੇ ਖੇਤਰ ਦੇ ਪ੍ਰਸ਼ਨ ਅਜਿਹੇ ਹਨ ਕਿ ਇਨ੍ਹਾਂ ਦੀ ਯੋਗ ਪ੍ਰਤਿਨਿਧਤਾ ਸਾਡੀ ਸੰਸਦ ਵਿਚ ਪ੍ਰਤਿਬਿੰਬਤ ਹੋਣੀ ਅਤਿ ਜ਼ਰੂਰੀ ਹੈ।"

ਭਾਰਤ ਦੇ ਨਿਰਪੱਖ ਤੇ ਨਿਆਂਪੂਰਨ ਚੋਣਾਂ 'ਤੇ ਆਧਾਰਿਤ ਲੋਕਤੰਤਰ ਇਸ ਭੂਮੀ ਨੂੰ ਜਿਵੇਂ ਦੀਪਕ ਦੇ ਰੂਪ ਵਿਚ ਪ੍ਰਕਾਸ਼ਮਾਨ ਕਰ ਰਿਹਾ ਹੈ। ਇਸ ਦੀਪਕ ਦੇ ਤੇਲ ਤੇ ਬੱਤੀ ਦਾ ਪ੍ਰਬੰਧ ਇਥੋਂ ਦੇ ਆਮ ਲੋਕਾਂ ਦੀ ਲੋਕਤੰਤਰ ਵਿਚ ਗਹਿਰਾ ਵਿਸ਼ਵਾਸ ਤੇ ਪ੍ਰਤਿਬੱਧਤਾ ਕਰਦੇ ਹਨ। ਮਾਨਵਤਾ ਦੇ ਸਮੂਹਕ ਜੀਵਨ ਦੇ ਸਭ ਪਹਿਲੂ ਵਹਿੰਦੇ ਦਰਿਆਵਾਂ ਵਾਂਗ ਸਵੱਛਤਾ ਤੇ ਰਵਾਨੀ ਨਾਲ ਪਰਿਭਾਸ਼ਿਤ ਰਹਿਣੇ ਸੁਭਾਵਕ ਹਨ ਤੇ ਜ਼ਰੂਰੀ ਵੀ। ਸਾਡੇ ਲੋਕਤੰਤਰ ਦੇ ਮਹਾਨ ਸਫ਼ਰ ਵਿਚ ਅਨੇਕ ਚੁਨੌਤੀਆਂ ਭਰਪੂਰ ਮੁਕਾਮ ਆਏ ਹਨ ਤੇ ਅੱਗੇ ਵੀ ਆਉਣਗੇ। ਮਾਨਵਤਾ ਦੇ ਇਤਿਹਾਸ ਵਿਚ ਇੰਨੇ ਵੱਡੇ ਪੈਮਾਨੇ 'ਤੇ ਸਿੱਖਿਆ, ਸਿਹਤ ਤੇ ਸਰਵਪੱਖੀ ਵਿਕਾਸ ਦੇ ਯਤਨ ਦੀ ਮਿਸਾਲ ਭਾਰਤ ਆਪ ਹੀ ਹੈ। ਸਮਾਨਤਾ, ਸੁਤੰਤਰਤਾ ਤੇ ਸੱਚੇ ਸ਼ਬਦਾਂ ਵਿਚ ਭਾਈਚਾਰੇ ਵਾਲੇ ਸਮੁੱਚੇ ਸਮਾਜ ਦੀ ਕਲਪਨਾ ਦੇ ਆਦਰਸ਼ਾਂ ਦੀ ਪ੍ਰਾਪਤੀ ਦਾ ਰਸਤਾ ਸੰਵਿਧਾਨਿਕ ਲੋਕਤੰਤਰ ਦੀਆਂ ਪ੍ਰੰਪਰਾਵਾਂ ਨੂੰ ਗਹਿਰੀਆਂ ਤੇ ਮਜ਼ਬੂਤ ਬਣਾਉਣ ਵਿਚ ਹੀ ਹੈ।

ਆਧੁਨਿਕ ਭਾਰਤ ਦੇ ਲੋਕਰਾਜੀ ਚਿੰਤਨ ਤੇ ਸਿਧਾਂਤਾਂ ਦੇ ਦਾਰਸ਼ਨਿਕ, ਨਿਆਂ ਆਧਾਰਤ ਸਮੁਦਾਇ ਦੇ ਪੈਗੰਬਰ ਤੇ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ ਦੂਰਦ੍ਰਿਸ਼ਟੀ ਭਰਪੂਰ ਵਿਚਾਰਾਂ ਨੂੰ ਅੱਜ ਦੇ ਸੰਦਰਭਾਂ ਵਿਚ ਸਮਝਣ ਤੇ ਸੰਵਾਰਨ ਦੀ ਹੋਰ ਵੀ ਲੋੜ ਹੈ। ਪੱਛਮੀ ਦੇਸ਼ਾਂ ਦੀਆਂ ਲੋਕਰਾਜੀ ਪ੍ਰਣਾਲੀਆਂ ਦੀ ਤੁਲਨਾਤਮਕ ਵਿਆਖਿਆ ਕਰਦੇ ਹੋਏ ਉਨ੍ਹਾਂ ਕਿਹਾ ਸੀ ... (ਕੇਵਲ) ਰਾਜਨੀਤਕ ਲੋਕਤੰਤਰ ਹੀ ਸਫਲ ਨਹੀਂ ਹੋ ਸਕਦਾ ... ਸਮਾਜਿਕ ਤੇ ਆਰਥਿਕ ਲੋਕਤੰਤਰ, ਰਾਜਨੀਤਕ ਲੋਕਤੰਤਰ ਨੂੰ ਜੀਵਨ ਦੇਣ ਵਾਲੇ ਤੰਤੂ ਤੇ ਨਾੜਾਂ ਹਨ .. ਸਮਾਨਤਾ ਮ੍ਰਿਗ-ਤ੍ਰਿਸ਼ਨਾ ਵਰਗਾ ਅਨੁਭਵ ਹੋ ਸਕਦਾ ਹੈ ਪਰ ਕਿਸੇ ਵੀ ਲੋਕਤੰਤਰਿਕ ਸਰਕਾਰ ਦਾ ਸਰਵਉੱਚ ਸਿਧਾਂਤ ਸਮਾਨਤਾ ਹੀ ਹੋਣਾ ਜ਼ਰੂਰੀ ਹੈ ... ਸੰਵਿਧਾਨ ਕੇਵਲ ਵਕੀਲਾਂ ਲਈ ਦਸਤਾਵੇਜ਼ ਨਹੀਂ ਹੈ, ਇਹ ਤਾਂ ਜੀਵਨ ਨੂੰ ਚਲਾਉਣ ਵਾਲੀ ਗੱਡੀ ਹੈ ਅਤੇ ਇਸ ਦੀ ਦਿਸ਼ਾ-ਭਾਵਨਾ ਦਾ ਸਮੇਂ ਦੀ ਸਾਰਣੀ ਹੋਣਾ ਜ਼ਰੂਰੀ ਹੈ।"

***ਦੇਸ਼ ਦੇ ਨਵੇਂ ਉਤਸ਼ਾਹ ਤੇ ਉਮੀਦਾਂ ਦੇ ਵਾਤਾਵਰਨ ਵਿਚ ਸਾਨੂੰ ਡਾ. ਅੰਬੇਡਕਰ ਦੇ ਇਹ ਸ਼ਬਦ, "ਮੈਂ ਨਹੀਂ ਚਾਹੁੰਦਾ ਕਿ ਸਾਡੀ ਭਾਰਤੀ ਹੋਣ ਦੀ ਵਫ਼ਾਦਾਰੀ ਤੇ ਹੋਰ ਕੋਈ ਵੀ ਪ੍ਰਭਾਵ ਲਾਗੂ ਹੋਵੇ ਭਾਵੇਂ ਇਹ ਧਰਮ, ਸੰਸਕ੍ਰਿਤੀ ਜਾਂ ਭਾਸ਼ਾ ਦੇ ਆਧਾਰਿਤ ਵੀ ਕਿਉਂ ਨਾ ਹੋਵੇ। ਮੈਂ ਚਾਹੁੰਦਾ ਹਾਂ ਕਿ ਸਭ ਭਾਰਤੀ ਕੇਵਲ ਭਾਰਤੀ – ਹੋਰ ਸਭ ਪਛਾਣਾਂ ਤੋਂ ਉੱਪਰ ਹੋਣ।" ਭਾਰਤ ਦੀਆਂ ਚੋਣਾਂ ਤੇ ਪ੍ਰਸ਼ਾਸਨ ਦੀ ਵਾਸਤਵਿਕਤਾ ਸੁੱਚਤਾ ਤੇ ਕੁਸ਼ਲਤਾ ਦਾ ਮੁੱਖ ਆਧਾਰ ਖੁੱਲ੍ਹੀ ਤੇ ਵਿਸ਼ਾਲ ਮਾਨਸਿਕਤਾ ਵਾਲੇ ਨਾਗਰਿਕ ਨਹੀਂ ਹੋ ਸਕਦੇ ਹਨ।***

*(ਲੇਖਕ ਸੇਵਾ ਮੁਕਤ ਆਈ ਐੱਫ ਐੱਸ ਅਧਿਕਾਰੀ ਹੈ।)*

***e-mail :baal.anad@gmail.com***

# ਮਜ਼ਬੂਤ ਲੋਕਤੰਤਰ - ਭਾਰਤੀ ਸੰਦਰਭ ਵਿਚ

ਜਸਵੰਤ ਸਿੰਘ ਸੈਣੀ

ਲੋਕਤੰਤਰ ਨੂੰ ਵਡਿਆਉਣ ਲਈ ਅਕਸਰ ਅਬਰਾਹਮ ਲਿੰਕਨ ਦੇ ਇਸ ਕਥਨ ਦਾ ਹਵਾਲਾ ਦਿਤਾ ਜਾਂਦਾ ਹੈ, "ਲੋਕਤੰਤਰ ਲੋਕਾਂ ਵਲੋਂ, ਲੋਕਾਂ ਦੀ ਅਤੇ ਲੋਕਾਂ ਲਈ ਚੁਣੀ ਗਈ ਸਰਕਾਰ ਹੈ।" ਪਰ ਇੰਞ ਲਗਦਾ ਹੈ ਕਿ ਇਹ ਹੁਣ ਇਕ ਨਾਅਰਾ ਬਣ ਕੇ ਰਹਿ ਗਿਆ ਹੈ। ਇਸ ਦੇ ਉਲਟ ਰੂਸੋ ਦਾ ਇਹ ਵਿਚਾਰ ਜ਼ਿਆਦਾ ਢੁਕਵਾਂ ਲਗਦਾ ਹੈ, "ਜੇ ਪਰਜਾ ਦੇਵਤਿਆਂ ਦੀ ਹੋਵੇ ਤਾਂ ਉਨ੍ਹਾਂ ਨੂੰ ਲੋਕਤੰਤਰੀ ਤਰੀਕੇ ਨਾਲ ਚਲਾਇਆ ਜਾ ਸਕਦਾ ਹੈ, ਅਜਿਹੀ ਉੱਤਮ ਸਰਕਾਰ ਮਨੁੱਖਾਂ ਲਈ ਮੁਆਫ਼ਕ ਨਹੀਂ ਹੈ।" ਇਨ੍ਹਾਂ ਦੋਨਾਂ ਕਥਨਾਂ ਦਾ ਸੁਮੇਲ ਕਰੀਏ ਤਾਂ ਲੋਕਤੰਤਰੀ ਸਰਕਾਰ ਤਾਂ ਹੀ ਸਫਲ ਹੋ ਸਕਦੀ ਹੈ ਜੇ ਲੋਕ ਨੈਤਿਕ ਆਧਾਰ ਰੱਖਦੇ ਹੋਣ। ਲਿੰਕਨ ਦੇ ਕਥਨ ਵਿਚ "ਲੋਕਾਂ ਵਲੋਂ" ਹੋਣ ਦਾ ਕੀ ਅਰਥ ਹੈ ਅਤੇ ਇਹ ਕਿੰਨਾ ਲਾਗੂ ਹੋ ਰਿਹਾ ਹੈ। ਇਸੇ ਉਤੇ ਲੋਕਤੰਤਰ ਦਾ ਸਫਲ/ਅਸਫਲ ਜਾਂ ਕਮਜ਼ੋਰ/ਮਜ਼ਬੂਤ ਹੋਣਾ ਨਿਰਭਰ ਕਰਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਇਸ ਵਿਸ਼ੇ ਉਤੇ ਹੋਰ ਚਰਚਾ ਕਰੀਏ, ਇਹ ਸਪੱਸ਼ਟ ਰੂਪ ਵਿਚ ਸਮਝਣ ਦੀ ਲੋੜ ਹੈ ਕਿ ਤਿੰਨ ਮੁਢਲੇ ਨੁਕਤੇ ਜੋ ਲੋਕਤੰਤਰ ਲਈ ਜ਼ਰੂਰੀ ਹਨ, ਉਹ ਹਨ :

● ਸਮੇਂ ਸਿਰ ਚੋਣਾਂ। ● ਨਿਰਪੱਖ ਅਤੇ ਸੁਤੰਤਰ ਚੋਣਾਂ। ● ਸ਼ਾਂਤੀ ਪੂਰਨ ਸੱਤਾ ਪਰਿਵਰਤਨ।

ਭਾਰਤ ਦੇ ਸੰਦਰਭ ਵਿਚ ਦੇਖੀਏ ਤਾਂ ਪਹਿਲੀ ਸ਼ਰਤ ਅਸੀਂ ਇਕ ਪਵਿੱਤਰ ਫ਼ਰਜ਼ ਵਾਂਗ ਨਿਭਾਈ ਹੈ। ਆਜ਼ਾਦੀ ਤੋਂ ਬਾਅਦ ਹਰ ਚੋਣ ਨਿਰਧਾਰਤ ਸਮੇਂ 'ਤੇ ਹੁੰਦੀ ਰਹੀ ਹੈ ਜਿਸ ਲਈ ਸਾਰੀਆਂ ਧਿਰਾਂ ਵਧਾਈ ਦੀਆਂ ਪਾਤਰ ਹਨ। ਦੇਖਣ ਨੂੰ ਸਾਡੀਆਂ ਚੋਣਾਂ ਨਿਰਪੱਖ ਤੇ ਸੁਤੰਤਰ ਵੀ ਲਗਦੀਆਂ ਹਨ। ਅਸੀਂ ਉਹ ਸਮੇਂ ਵੀ ਦੇਖੇ ਹਨ ਜਦੋਂ ਪਿੰਡਾਂ ਦੇ ਪਿੰਡ ਬੂਥਾਂ ਦੇ ਬੂਥ, ਹਥਿਆਰਬੰਦ ਅਨਸਰਾਂ ਵਲੋਂ ਕਬਜ਼ੇ ਵਿਚ ਲੈ ਲਏ ਜਾਂਦੇ ਸਨ ਤੇ ਉਹ ਵੀ ਜਦੋਂ ਇਲੈਕਟ੍ਰਾਨਿਕ ਮੀਡੀਆ ਰਾਹੀਂ ਵੋਟਰਾਂ ਨੂੰ ਵਰਗਲਾਉਣ ਅਤੇ ਭਰਮਾਉਣ ਦਾ ਵਿਆਪਕ ਪ੍ਰਬੰਧ ਕੀਤਾ ਗਿਆ। ਸਮੇਂ ਦੇ ਨਾਲ ਬੁਰਸ਼ਾ-ਗਰਦੀ ਕਾਫ਼ੀ ਘਟ ਗਈ ਹੈ। ਹੁਣ ਇਸ ਦੇ ਹੋਰ ਪੱਖਾਂ 'ਤੇ ਅਸੀਂ ਵਿਚਾਰ ਕਰਾਂਗੇ। ਹਾਂ - ਤੀਜੀ ਸ਼ਰਤ 'ਤੇ ਵੀ ਅਸੀਂ ਪੂਰੀ ਤਰ੍ਹਾਂ ਖਰੇ ਉਤਰੇ ਹਾਂ - ਚੋਣ ਪ੍ਰਕਿਰਿਆ ਪੂਰੀ ਹੋ ਜਾਣ ਦੇ ਬਾਅਦ ਹਰ ਵਾਰੀ ਬਿਨਾਂ ਕਿਸੇ ਵਿਰੋਧ ਜਾਂ ਖ਼ੂਨ ਖਰਾਬੇ ਦੇ ਸੱਤਾ ਦੀ ਅਦਲਾ-ਬਦਲੀ ਹੁੰਦੀ ਰਹੀ ਹੈ। ਭਾਸ਼ਾਈ, ਧਾਰਮਿਕ ਅਤੇ ਇਲਾਕਾਈ/ਸਭਿਆਚਾਰਕ ਵਿਭਿੰਨਤਾ ਦੇ ਬਾਵਜੂਦ ਸੱਤਾ-ਬਦਲ ਵਿਚ ਕਦੀ ਵੀ ਕਿਸੇ ਤਰ੍ਹਾਂ ਦੀ ਰੁਕਾਵਟ ਨਹੀਂ ਆਈ। ਇਹ ਯਕੀਨਨ ਇਕ ਮਾਣ ਕਰਨ ਯੋਗ ਪ੍ਰਾਪਤੀ ਕਹੀ ਜਾ ਸਕਦੀ ਹੈ। ਇਸ ਸੰਦਰਭ ਵਿਚ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਉ ਅੰਬੇਡਕਰ ਦੀ ਇਹ ਟਿੱਪਣੀ ਬੜੀ ਸਾਰਥਕ ਅਤੇ ਸਟੀਕ ਹੈ "ਲੋਕਤੰਤਰ ਉਹ ਸਰਕਾਰੀ ਵਿਵਸਥਾ ਹੈ ਜਿਸ ਵਿਚ ਆਰਥਿਕ ਤੇ ਸਮਾਜਿਕ ਪਰਿਵਰਤਨ ਬਗ਼ੈਰ ਖ਼ੂਨ ਖਰਾਬੇ ਦੇ ਲਿਆਏ ਜਾਂਦੇ ਹਨ।"

ਜਿਵੇਂ ਪਹਿਲਾਂ ਕਿਹਾ ਗਿਆ ਹੈ, ਮਜ਼ਬੂਤ ਲੋਕਤੰਤਰ ਲਈ ਨਿਰਪੱਖ ਚੋਣਾਂ ਇਕ ਮਹੱਤਵਪੂਰਨ ਮਾਪਦੰਡ ਹੈ। ਪਰ ਨਿਰਪੱਖਤਾ ਨੂੰ ਸਿਰਫ਼ ਵੋਟ ਪਾਉਣ ਲਈ ਬਿਜਲਈ ਵੋਟਿੰਗ ਮਸ਼ੀਨ ਦਾ ਬਟਣ ਦਬਾਉਣ ਤਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ। ਨਿਰਪੱਖਤਾ ਦਾ ਅਸਲੀ ਆਧਾਰ ਹੈ ਕਿ ਵੋਟਰ ਬਿਨਾਂ ਕਿਸੇ ਡਰ, ਖ਼ੌਫ਼, ਬਿਨਾਂ ਕਿਸੇ ਦਬਾਅ ਜਾਂ ਬਿਨਾਂ ਕਿਸੇ ਲਾਲਚ ਦੇ ਵੋਟ ਪਾਵੇ। ਇਹ ਯਕੀਨੀ ਬਣਾਇਆ ਜਾਵੇ ਕਿ ਉਸ ਨੂੰ ਪ੍ਰਭਾਵਤ ਕਰਨ ਲਈ ਝੂਠੇ ਪ੍ਰਚਾਰ ਜਾਂ ਕਿਸੇ ਲਾਲਚ ਦਾ ਸਹਾਰਾ ਨਾ ਲਿਆ ਜਾਵੇ। ਕੀ ਸਾਡੀਆਂ ਚੋਣਾਂ ਵਿਚ ਇੰਞ ਹੋ ਰਿਹਾ ਹੈ? ਗੰਭੀਰਤਾ ਅਤੇ ਗਹੁ ਨਾਲ ਦੇਖਿਆ ਜਾਵੇ ਤਾਂ ਅਸੀਂ ਇਨ੍ਹਾਂ ਮਾਪਦੰਡਾਂ 'ਤੇ ਪੂਰੇ ਨਹੀਂ ਉਤਰਦੇ। ਤਾਜ਼ਾ ਹੋਈਆਂ ਚੋਣਾਂ ਦੌਰਾਨ ਅਸੀਂ ਰਾਜਾਂ ਵਿਚ ਸੱਤਾਧਾਰੀ ਪਾਰਟੀਆਂ ਦੇ ਨੁਮਾਇੰਦਿਆਂ ਵਲੋਂ ਵੋਟਰਾਂ ਨੂੰ ਇਹ ਚੇਤਾਵਨੀਆਂ ਆਮ ਹੀ ਸੁਣੀਆਂ ਹਨ ਕਿ ਜੇ ਤੁਸੀਂ ਆਪਣੇ ਇਲਾਕੇ ਦਾ ਵਿਕਾਸ ਚਹੁੰਦੇ ਹੋ ਤਾਂ ਸਾਨੂੰ ਹੀ ਵੋਟ ਪਾਉ ਕਿਉਂਕਿ ਵਿਕਾਸ ਲਈ ਗਰਾਂਟਾਂ ਤਾਂ ਰਾਜ ਸਰਕਾਰਾਂ ਨੇ ਦੇਣੀਆਂ ਹਨ। ਆਮ ਨਾਗਰਿਕ, ਜੋ ਪੂਰੀ ਤਰ੍ਹਾਂ ਜਾਗਰੂਕ ਨਹੀਂ ਹੈ, ਯਕੀਨਨ ਅਜਿਹੇ ਪ੍ਰਚਾਰ ਤੋਂ ਪ੍ਰਭਾਵਤ ਹੁੰਦਾ ਹੈ। ਨਿਰਪੱਖ ਚੋਣਾਂ ਨੂੰ ਹੋਰ ਤਰੀਕਿਆਂ ਨਾਲ ਵੀ ਸਿੱਧੇ-ਅਸਿੱਧੇ ਰੂਪ ਵਿਚ ਪ੍ਰਭਾਵਤ ਕੀਤਾ ਜਾਂਦਾ ਹੈ :

● ਪੈਸੇ ਦੀ ਵੰਡ ● ਨਸ਼ਿਆਂ ਦੀ ਵੰਡ ● ਹੋਰ ਕਈ ਤਰ੍ਹਾਂ ਦੇ ਲਾਲਚ, ਜਿਵੇਂ - ਮੁਫ਼ਤ ਟੀ.ਵੀ., ਮੁਫ਼ਤ ਲੈਪਟਾਪ ਆਦਿ।

ਇਹ ਹੱਥਕੰਡੇ ਅਪਣਾਉਣ ਲਈ ਕੋਈ ਇਕ ਪਾਰਟੀ ਦੋਸ਼ੀ ਨਹੀਂ ਹੈ - ਸਾਰੀਆਂ ਹੀ ਪਾਰਟੀਆਂ ਕਟਹਿਰੇ ਵਿਚ ਖੜ੍ਹੀਆਂ ਕੀਤੀਆਂ ਜਾ ਸਕਦੀਆਂ ਹਨ। ਸੋ, ਚੋਣਾਂ ਦੀ ਨਿਰਪੱਖਤਾ ਯਕੀਨੀ ਬਣਾਉਣ ਲਈ ਅਤੇ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ।

ਇਸ ਤੋਂ ਇਲਾਵਾ, ਮਜ਼ਬੂਤ ਲੋਕਤੰਤਰ ਲਈ ਹੇਠ ਲਿਖੀਆਂ ਸ਼ਰਤਾਂ ਜ਼ਰੂਰੀ ਹਨ :

***● ਜਾਗਰੂਕ ਵੋਟਰ :*** ਯਕੀਨਨ ਲੋਕਤੰਤਰ ਦੀ ਮਜ਼ਬੂਤੀ ਲਈ ਵੋਟਰ ਦਾ ਜਾਗਰੂਕ ਹੋਣਾ ਜ਼ਰੂਰੀ ਹੈ। ਅਮਰੀਕੀ ਸਾਬਕ ਰਾਸ਼ਟਰਪਤੀ ਆਈਜ਼ਨਹਾਵਰ ਅਨੁਸਾਰ "ਨਾਗਰਿਕ ਨੂੰ ਲੋਕਤੰਤਰ ਨੂੰ ਸੰਭਾਲਣ ਦੀ ਲੋੜ ਹੈ ਜਿਸ ਲਈ ਨਾਗਰਿਕਾਂ ਦਾ ਪੈਸਾ ਅਤੇ ਸਮਾਂ ਦੋਵੇਂ ਲੋੜੀਂਦੇ ਹਨ। ਇਸ ਲਈ ਸਿੱਖਿਆ ਅਤੇ ਰਾਜਸੀ ਸਹਿਭਾਗਤਾ ਜ਼ਰੂਰੀ

ਹੈ।" ਭਾਰਤ ਦੀ 30 ਪ੍ਰਤਿਸ਼ਤ ਤੋਂ ਵੱਧ ਜਨਤਾ ਅਜੇ ਵੀ ਅਨਪੜ੍ਹ ਹੈ ਅਤੇ ਰਾਜਸੀ ਸਹਿਭਾਗਤਾ ਦਾ ਹਾਲ ਇਹ ਹੈ ਕਿ ਅਕਸਰ 50-60 ਪ੍ਰਤਿਸ਼ਤ ਵੋਟਾਂ ਹੀ ਪੈਂਦੀਆਂ ਹਨ।

ਆਮ ਧਾਰਨਾ ਹੈ ਕਿ ਕੇਵਲ ਪੜ੍ਹਿਆ-ਲਿਖਿਆ ਵੋਟਰ ਹੀ ਆਪਣੀ ਇਸ ਜ਼ਿੰਮੇਵਾਰੀ ਨੂੰ ਸਮਝ ਸਕਦਾ ਹੈ। ਭਾਰਤੀ ਸੰਦਰਭ ਵਿਚ ਇਹ ਇਕ ਮਿੱਥ ਹੀ ਹੈ। ਪੜ੍ਹਿਆ-ਲਿਖਿਆ ਵੋਟਰ ਅਕਸਰ ਬੰਦ ਕਮਰਿਆਂ ਵਿਚ ਬੈਠ ਕੇ ਬਹਿਸ ਤਾਂ ਕਰਦਾ ਹੈ ਪਰ ਇਸ ਤੋਂ ਉੱਤੇ ਉਸ ਦੀ ਸਹਿਭਾਗਤਾ ਨਾਂ ਦੇ ਬਰਾਬਰ ਹੁੰਦੀ ਹੈ। ਹੁਣੇ ਹੋਈਆਂ ਚੋਣਾਂ ਵਿਚ ਵੀ ਪੇਂਡੂ ਇਲਾਕਿਆਂ ਵਿਚ ਵੋਟ ਪ੍ਰਤਿਸ਼ਤ ਸ਼ਹਿਰੀ ਇਲਾਕਿਆਂ ਨਾਲੋਂ ਕਿਤੇ ਵੱਧ ਹੈ। ਜਾਗਰੂਕਤਾ ਲਈ ਸਰਕਾਰ/ਚੋਣ ਕਮਿਸ਼ਨ ਨੂੰ ਹੋਰ ਉਪਰਾਲੇ ਕਰਨ ਦੀ ਲੋੜ ਹੈ।

• ***ਆਰਥਿਕ ਸਵੈ-ਨਿਰਭਰਤਾ :*** ਜਿਸ ਵਿਅਕਤੀ ਨੂੰ ਦੋ ਵੇਲੇ ਦੀ ਰੋਟੀ ਹੀ ਪੇਟ ਭਰ ਨਸੀਬ ਨਹੀਂ ਹੁੰਦੀ ਉਹ ਕਿੰਨਾ ਕੁ ਨਿਰਪੱਖ ਅਤੇ ਸੁਤੰਤਰ ਰਹਿ ਕੇ ਵੋਟ ਪਾਵੇਗਾ। ਆਰਥਿਕ ਥੁੜਾਂ ਤੋਂ ਪੀੜਤ ਵੋਟਰ ਜ਼ਿਆਦਾਤਰ ਲੋਕਤੰਤਰ ਨੂੰ ਨੋਟਤੰਤਰ ਬਣਾਉਣ ਵਿਚ ਹੀ ਸਹਾਈ ਹੁੰਦਾ ਹੈ। ਗਰੀਬ ਅਤੇ ਅਮੀਰ ਵਿਚ ਪਾੜਾ ਜਿੰਨਾ ਵੱਧ ਹੋਵੇਗਾ ਉਨਾ ਹੀ ਚੁਣਾਵੀ ਜੋੜ-ਤੋੜ ਦੀ ਸੰਭਾਵਨਾ ਵੱਧ ਹੋਵੇਗੀ। ਇਸ ਲਈ ਲੋਕਤੰਤਰ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਰਾਜਸੀ ਪ੍ਰਣਾਲੀ ਦਾ ਮੁੱਖ ਉਦੇਸ਼ ਇਸ ਪਾੜੇ ਨੂੰ ਘਟਾਉਣਾ ਹੋਣਾ ਚਾਹੀਦਾ ਹੈ ਨਾ ਕਿ ਵਿਭਿੰਨ ਤਰ੍ਹਾਂ ਦੀਆਂ 'ਖੈਰਾਤਾਂ' ਦਾ ਐਲਾਨ ! ਅਫਸੋਸ ਦੀ ਗੱਲ ਹੈ ਕਿ ਅੱਜ ਜ਼ਿਆਦਾਤਰ ਪਾਰਟੀਆਂ ਚੋਣਾਂ ਸਮੇਂ ਵੋਟਾਂ ਨੂੰ ਉਨ੍ਹਾਂ ਦੇ ਆਰਥਿਕ ਸ਼ਸ਼ਕਤੀਕਰਨ ਦੇ ਮੁਕਾਬਲੇ ਛੋਟੇ-ਛੋਟੇ ਲਾਲਚਾਂ ਨਾਲ ਭਰਮਾਉਣਾ ਜ਼ਿਆਦਾ ਲਾਭਦਾਇਕ ਸਮਝਦੀਆਂ ਹਨ। ਇਹ ਸਮੱਸਿਆ ਕੇਵਲ ਸਿੱਖਿਆ ਦੇ ਪਸਾਰ ਅਤੇ ਰੁਜ਼ਗਾਰ ਦੀ ਉਪਲਬਧਤਾ ਨਾਲ ਹੀ ਹੱਲ ਹੋ ਸਕਦੀ ਹੈ।

• ***ਰਾਜਨੀਤੀ ਦਾ ਅਪਰਾਧੀਕਰਨ ਲੋਕਤੰਤਰ ਲਈ ਖ਼ਤਰਾ :*** ਜਦੋਂ ਕਾਨੂੰਨ ਨੂੰ ਤੋੜਨ ਵਾਲੇ ਹੀ ਕਾਨੂੰਨ ਬਣਾਉਣ ਲਈ ਜ਼ਿੰਮੇਵਾਰ ਹੋਣਗੇ ਤਾਂ ਉਹ ਕਿਹੋ ਜਿਹੇ ਕਾਨੂੰਨ ਬਣਾਉਣਗੇ? ਇੰਨਾ ਹੀ ਨਹੀਂ, ਉਹ ਸਾਰੀਆਂ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕਰਨਗੇ। ਸੱਤਾ ਦਾ ਦੁਰ-ਉਪਯੋਗ ਕਿਸੇ ਤਰ੍ਹਾਂ ਵੀ ਲੋਕਤੰਤਰ ਨੂੰ ਮਜ਼ਬੂਤੀ ਨਹੀਂ ਦੇ ਸਕਦਾ ਤੇ ਇਸ ਦਾ ਨਤੀਜਾ ਹੋਵੇਗਾ ਵਿਆਪਕ ਅਰਾਜਕਤਾ।

• ***ਰਾਜਨੀਤੀ ਵਿਚ ਵੰਸ਼ਵਾਦ :*** ਕੋਈ ਸਮਾਂ ਸੀ ਜਦੋਂ ਰਾਜਸੀ ਪਾਰਟੀਆਂ ਇਕ ਪਾਰਟੀ ਨੂੰ ਵੰਸ਼ਵਾਦ ਵਧਾਉਣ ਦਾ ਦੋਸ਼ ਲਾਉਂਦੀਆਂ ਸਨ। ਯਕੀਨਨ ਗੁਰੂ ਨਾਨਕ ਦੇਵ ਜੀ ਦੇ ਫਰਮਾਨ 'ਤਖਤ ਬਹੈ ਤਖਤੈ ਕੀ ਲਾਇਕ' ਦੇ ਅਨੁਸਾਰ ਤਖਤ, ਅਰਥਾਤ ਰਾਜਗੱਦੀ ਉਤੇ ਕਿਸੇ ਦਾ ਜੱਦੀ ਹੱਕ ਨਹੀਂ ਹੋ ਸਕਦਾ। ਪਰ ਵੰਸ਼ਵਾਦ ਉਤੇ ਰੋਕ ਲਾਉਣ ਦੀ ਬਜਾਇ, ਸਾਰੀਆਂ ਪਾਰਟੀਆਂ ਨੇ ਵੰਸ਼ਵਾਦ ਨੂੰ ਅਪਣਾ ਲਿਆ ਹੈ। ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਅਤੇ ਰਾਜਸਥਾਨ ਤੋਂ ਲੈ ਕੇ ਅਸਮ ਤਕ, ਹਰ ਪਾਰਟੀ ਆਪਣੇ ਪਰਿਵਾਰ ਵਿਚੋਂ ਹੀ ਨੇਤਾ ਜਨਤਾ ਉਤੇ ਥੋਪਣ ਲੱਗੀ ਹੋਈ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋਕਤੰਤਰ ਵਿਚ ਹਰ ਕਿਸੇ ਨੂੰ ਆਪਣਾ ਮਨ ਭਾਉਂਦਾ ਕਿੱਤਾ ਅਪਨਾਉਣ ਦਾ ਹੱਕ ਹੈ ਪਰ ਉਸ ਲਈ ਬਰਾਬਰੀ ਦਾ ਮਾਹੌਲ ਅਤੇ ਯੋਗਤਾ ਹੋਣੀ ਤਾਂ ਜ਼ਰੂਰੀ ਹੈ। ਅੱਜ ਪਹਿਲਾਂ ਹੀ ਰਾਜਨੀਤੀ ਵਿਚ ਮੌਜੂਦ ਨੇਤਾਵਾਂ ਦੇ ਪਰਿਵਾਰਕ ਮੈਂਬਰਾਂ ਦੇ ਬਿਨਾਂ ਕੋਈ ਰਾਜਨੀਤੀ ਵਿਚ ਆ ਹੀ ਨਹੀਂ ਸਕਦਾ। ਨਤੀਜੇ ਦੇ ਤੌਰ ਤੇ ਭਾਰਤੀ ਲੋਕਤੰਤਰ ਬਹੁ-ਪੱਖੀ ਰਾਜਸ਼ਾਹੀ ਦਾ ਸ਼ਿਕਾਰ ਹੋਣ ਲੱਗ ਪਿਆ ਹੈ। ਆਮ ਜਨਤਾ ਦੀ ਭਾਗੀਦਾਰੀ ਸਿਰਫ਼ ਵੋਟ ਪਾਉਣ ਤਕ ਹੀ ਸੀਮਤ ਹੋ ਗਈ ਹੈ।

• ***ਮਜ਼ਬੂਤ ਤੇ ਨਿਰਪੱਖ ਸੰਵਿਧਾਨਕ ਸੰਸਥਾਵਾਂ :*** ਭਾਰਤੀ ਸੰਵਿਧਾਨ ਨੇ ਸਰਕਾਰ ਦੇ ਸੁਚਾਰੂ ਰੂਪ ਵਿਚ ਚੱਲਣ ਲਈ ਤਿੰਨ ਮਹੱਤਵਪੂਰਨ ਅੰਗ ਮਿੱਥੇ ਹਨ - ਵਿਧਾਨ ਪਾਲਿਕਾ, (ਕਾਨੂੰਨ ਬਣਾਉਣ ਲਈ), ਕਾਰਜਪਾਲਿਕਾ (ਰੋਜ਼ਾਨਾ ਸਰਕਾਰੀ ਕਾਰਜਾਂ ਲਈ) ਤੇ ਨਿਆਂ ਪਾਲਿਕਾ (ਜਨਤਾ ਦੇ ਨਿਆਂ ਲਈ)। ਇਸ ਤੋਂ ਇਲਾਵਾ, ਕੁੱਝ ਹੋਰ ਮਹੱਤਵਪੂਰਨ ਸੰਵਿਧਾਨਕ ਸੰਸਥਾਵਾਂ ਹਨ ਜਿਵੇਂ ਚੋਣ ਕਮਿਸ਼ਨ, ਕੰਟਰੋਲਰ ਐਂਡ ਆਡਿਟਰ ਜਨਰਲ, ਭਾਰਤੀ ਰਿਜ਼ਰਵ ਬੈਂਕ ਆਦਿ। ਮਜ਼ਬੂਤ ਲੋਕਤੰਤਰ ਲਈ ਜ਼ਰੂਰੀ ਹੈ ਇਹ ਸਾਰੀਆਂ ਨਿਰਪੱਖਤਾ ਅਤੇ ਪਾਰਦਰਸ਼ੀ ਢੰਗ ਨਾਲ ਆਪਣਾ ਕੰਮ ਕਰਨ। ਸੰਵਿਧਾਨ ਵਿਚ ਹਰ ਸੰਸਥਾ ਦੇ ਕਾਰਜ ਖੇਤਰ ਅਤੇ ਕਾਰਜ ਪ੍ਰਣਾਲੀ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਪਿਛਲੇ ਕੁਝ ਸਮੇਂ ਵਿਚ ਇਨ੍ਹਾਂ ਸੰਵਿਧਾਨਕ ਸੰਸਥਾਵਾਂ ਉਤੇ ਬੇਲੋੜੇ ਦੂਸ਼ਣ ਲਾ ਕੇ ਇਨ੍ਹਾਂ ਨੂੰ ਕਮਜ਼ੋਰ ਕਰਨ ਦਾ ਰੁਝਾਨ ਵਧ ਰਿਹਾ ਹੈ। ਕਈ ਵਾਰ ਇਹ ਸੰਸਥਾਵਾਂ ਵੀ ਕੁੱਝ ਜ਼ਿਆਦਾ ਉਤਸ਼ਾਹਤ ਵਿਅਕਤੀਆਂ ਕਾਰਨ ਆਪਣੀ ਸੀਮਾ ਉਲੰਘ ਜਾਂਦੀਆਂ ਹਨ। ਇਸ ਨਾਲ ਅਵਿਸ਼ਵਾਸ ਦਾ ਮਾਹੌਲ ਤਾਂ ਪੈਦਾ ਹੁੰਦਾ ਹੀ ਹੈ, ਸੰਵਿਧਾਨਕ ਰੋਕਾਂ ਸੰਤੁਲਨ (ਚੈਕਰ ਐਂਡ ਬੈਲੇਂਸਿਜ਼) ਵੀ ਕਮਜ਼ੋਰ ਹੁੰਦੇ ਹਨ ਜਿਸ ਦਾ ਸਿੱਧਾ ਅਸਰ ਲੋਕਤੰਤਰ ਦੀ ਪ੍ਰਭਾਵਸ਼ੀਲਤਾ 'ਤੇ ਪੈਂਦਾ ਹੈ।

• ***ਆਜ਼ਾਦ ਤੇ ਨਿਰਪੱਖ ਮੀਡੀਆ :*** ਉਪਰੋਕਤ ਤਿੰਨ ਥੰਮ੍ਹਾਂ ਦੇ ਨਾਲ ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਹੈ। ਇਸ ਦੀਆਂ ਜ਼ਿੰਮੇਵਾਰੀਆਂ ਬਹੁ-ਪੱਖੀ ਹਨ - ਸਰਕਾਰੀ ਮਹਿਕਮਿਆਂ ਦੀ ਕਾਰਗੁਜ਼ਾਰੀ 'ਤੇ ਨਜ਼ਰ ਰੱਖਣਾ, ਸਰਕਾਰ ਦੀਆਂ ਪ੍ਰਾਪਤੀਆਂ ਅਤੇ ਅਸਫਲਤਾਵਾਂ ਦਾ ਪਰਦਾਫਾਸ਼ ਕਰਨਾ। ਅੱਜ ਮੀਡੀਆ ਬਹੁਤ ਮਜ਼ਬੂਤ ਹੈ; ਕਾਫੀ ਹੱਦ ਤਕ ਆਜ਼ਾਦ ਵੀ ਹੈ - ਪਰ ਕੀ ਇਹ ਨਿਰਪੱਖ ਵੀ ਹੈ ? ਕੌਣ ਇਸ ਦੀ ਨਿਰਪੱਖਤਾ ਦਾ ਨਿਰਣਾ ਕਰੇਗਾ। ਕਿਸੇ ਤਰ੍ਹਾਂ ਦੀ ਸਰਕਾਰੀ ਦਖ਼ਲਅੰਦਾਜ਼ੀ, ਪਾਬੰਦੀ ਦੀ ਅਣਹੋਂਦ ਕਾਰਨ ਜ਼ਿਆਦਾਤਰ ਮੀਡੀਆ ਖੁੱਲ੍ਹੇਆਮ ਪੱਖਪਾਤ ਦਾ ਸ਼ਿਕਾਰ ਹੈ। ਪੱਖਪਾਤੀ ਮੀਡੀਆ ਕਾਰਨ ਜਨਤਾ ਦੀ ਜਾਣਕਾਰੀ ਭਰਪੂਰ ਫੈਸਲੇ ਲੈਣ ਦੀ ਯੋਗਤਾ ਪ੍ਰਭਾਵਤ ਹੁੰਦੀ ਹੈ ਜੋ ਮਜ਼ਬੂਤ ਲੋਕਤੰਤਰ ਲਈ ਖ਼ਤਰਾ ਹੈ।

• ***ਨਿੱਜੀ ਨੈਤਿਕਤਾ :*** ਪਿਛਲੇ ਤਿੰਨ ਚਾਰ ਦਹਾਕਿਆਂ ਵਿਚ ਸਮਾਜ ਵਿਚ ਆਮ ਕਰਕੇ ਅਤੇ ਰਾਜਸੀ ਖੇਤਰਾਂ ਵਿਚ ਖ਼ਾਸ ਕਰਕੇ ਨਿੱਜੀ ਨੈਤਿਕਤਾ ਨਿਰੰਤਰ ਨਿਘਾਰ ਵੱਲ ਜਾ ਰਹੀ ਹੈ। ਮਜ਼ਬੂਤ ਅਤੇ ਫੁਰਤੀਲੀ ਨਿਆਂ ਪ੍ਰਣਾਲੀ ਦੀ ਅਣਹੋਂਦ ਕਾਰਨ ਸੱਤਾਧਾਰੀ ਅਤੇ ਸਾਧਨ ਸੰਪੰਨ ਲੋਕ ਕਾਨੂੰਨ ਦੇ ਨਿਰਪੱਖ ਲਾਗੂ ਕਰਨ ਵਿਚ ਰੁਕਾਵਟ ਬਣ ਰਹੇ ਹਨ। ਕੋਈ ਵੀ ਰਾਜਸੀ ਪ੍ਰਣਾਲੀ ਉਹੀ ਹੀ ਸਫਲ ਜਾਂ ਮਜ਼ਬੂਤ ਹੋ ਸਕਦੀ ਹੈ ਜਿੰਨਾ ਕੁ ਉਸ ਦੇ ਨਾਗਰਿਕ ਆਪਣੇ ਨਿੱਜੀ ਜੀਵਨ ਵਿਚ ਈਮਾਨਦਾਰ ਹਨ। ਕੁੱਲ ਮਿਲਾ ਕੇ ਨਿੱਜੀ ਨੈਤਿਕਤਾ ਹੀ ਮਜ਼ਬੂਤ ਲੋਕਤੰਤਰ ਦਾ ਕੇਂਦਰੀ ਧੁਰਾ ਹੈ। ਜੇ ਲੋਕਤੰਤਰ ਨੂੰ ਮਜਬੂਤ ਕਰਨਾ ਹੈ ਤਾਂ ਸਾਨੂੰ ਸਭ ਨੂੰ ਉਸ ਪ੍ਰਾਪਤੀ ਲਈ ਯਤਨਸ਼ੀਲ ਹੋਣ ਦੀ ਲੋੜ ਹੈ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :jaswantsinghaman@yahoo.com*

# ਚੋਣ ਨਿਸ਼ਾਨ (ਰਾਖਵਾਂਪਨ ਅਤੇ ਵੰਡ)

ਹੁਕਮ 1968 (ਜਿਵੇਂ ਕਿ ਜੁਲਾਈ 2013 ਤਕ ਸੋਧਿਆ ਗਿਆ)

## ਮੁੱਖ ਧਾਰਾਵਾਂ

***ਸੈਕਸ਼ਨ 4 :*** ਚੋਣਾਂ ਵਿਚ ਚੋਣ ਲੜ ਰਹੇ ਹਰੇਕ ਉਮੀਦਵਾਰ ਨੂੰ ਇਕ ਚੋਣ ਨਿਸ਼ਾਨ ਦਿਤਾ ਜਾਵੇਗਾ। ਉਸੇ ਹੀ ਹਲਕੇ ਵਿਚ ਚੋਣ ਲੜ ਰਹੇ ਬਾਕੀ ਉਮੀਦਵਾਰਾਂ ਨੂੰ ਵੱਖਰੇ-ਵੱਖਰੇ ਚੋਣ ਨਿਸ਼ਾਨ ਦਿਤੇ ਜਾਣਗੇ।

***ਸੈਕਸ਼ਨ 5 :*** ਨਿਸ਼ਾਨਾਂ ਦਾ ਵਰਗੀਕਰਨ – ਇਸ ਹੁਕਮ ਮੁਤਾਬਿਕ ਨਿਸ਼ਾਨਾਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ। ਰਾਖਵੇਂ ਤੇ ਮੁਕਤ।

ਰਾਖਵੇਂ ਨਿਸ਼ਾਨ ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਵਾਸਤੇ ਰੱਖੇ ਜਾਂਦੇ ਹਨ। ਰਾਖਵੇਂ ਚੋਣ ਨਿਸ਼ਾਨਾਂ ਤੋਂ ਇਲਾਵਾ ਬਾਕੀ ਸਾਰੇ ਨਿਸ਼ਾਨ ਮੁਕਤ ਵਰਗ ਵਿਚ ਆਉਂਦੇ ਹਨ।

***ਸੈਕਸ਼ਨ 6 :*** ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀ, ਰਾਸ਼ਟਰੀ ਪਾਰਟੀ ਜਾਂ ਰਾਜ ਪੱਧਰੀ ਪਾਰਟੀ ਹੋਣੀ ਚਾਹੀਦੀ ਹੈ।

***ਸੈਕਸ਼ਨ 6-ਏ :*** ਰਾਜ ਪਾਰਟੀ ਵਜੋਂ ਮਾਨਤਾ ਦੇਣ ਦੀਆਂ ਸ਼ਰਤਾਂ :-

ਜੇ ਕੋਈ ਪਾਰਟੀ ਹੇਠਾਂ ਲਿਖੀਆਂ ਸ਼ਰਤਾਂ ਵਿਚੋਂ ਕਿਸੇ ਵੀ ਇਕ ਸ਼ਰਤ ਉਪਰ ਪੂਰਾ ਉਤਰਦੀ ਹੈ ਤਾਂ ਉਹ ਰਾਜ ਪੱਧਰੀ ਪਾਰਟੀ ਵਜੋਂ ਮਾਨਤਾ ਹਾਸਲ ਕਰਨ ਦੇ ਯੋਗ ਬਣਦੀ ਹੈ :

- ਪਿਛਲੀਆਂ ਵਿਧਾਨ ਸਭਾ ਦੀਆਂ ਆਮ ਚੋਣਾਂ ਵਿਚ ਇਸ ਪਾਰਟੀ ਵਲੋਂ ਖੜ੍ਹੇ ਕੀਤੇ ਗਏ ਉਮੀਦਵਾਰਾਂ ਨੇ ਕੁੱਲਜੋੜ ਵੋਟਾਂ ਦਾ ਛੇ ਪ੍ਰਤਿਸ਼ਤ ਤੋਂ ਘੱਟ ਹਾਸਲ ਨਾ ਕੀਤਾ ਹੋਵੇ ਤੇ ਉਸ ਦੇ ਦੋ ਮੈਂਬਰ ਵਿਧਾਨ ਸਭਾ ਲਈ ਚੁਣੇ ਗਏ ਹੋਣ। ਲੋਕ ਸਭਾ ਦੀਆਂ ਪਿਛਲੀਆਂ ਆਮ ਚੋਣਾਂ ਵਿਚ ਪਾਰਟੀ ਵਲੋਂ ਖੜ੍ਹੇ ਕੀਤੇ ਗਏ ਉਮੀਦਵਾਰਾਂ ਨੇ ਰਾਜ ਵਿਚ ਪਈਆਂ ਕੁੱਲਜੋੜ ਵੋਟਾਂ ਦਾ ਛੇ ਪ੍ਰਤਿਸ਼ਤ ਹਾਸਲ ਕੀਤਾ ਹੋਵੇ ਤੇ ਉਸ ਦਾ ਇਕ ਮੈਂਬਰ ਲੋਕ ਸਭਾ ਲਈ ਚੁਣਿਆ ਗਿਆ ਹੋਵੇ। ਰਾਜ ਵਿਧਾਨ ਸਭਾ ਦੀਆਂ ਪਿਛਲੀਆਂ ਆਮ ਚੋਣਾਂ ਵਿਚ ਪਾਰਟੀ ਨੇ ਸਦਨ ਦੀਆਂ ਕੁੱਲ ਸੀਟਾਂ ਦਾ ਤਿੰਨ ਪ੍ਰਤਿਸ਼ਤ ਜਿੱਤਿਆ ਹੋਵੇ।

ਲੋਕ ਸਭਾ ਦੀਆਂ ਪਿਛਲੀਆਂ ਆਮ ਚੋਣਾਂ ਵਿਚ ਰਾਜ ਵਿਚ ਪਾਰਟੀ ਨੇ ਘੱਟੋ-ਘੱਟ 25 ਮੈਂਬਰਾਂ ਪਿੱਛੇ ਇਕ ਮੈਂਬਰ ਜਿੱਤਿਆ ਹੋਵੇ।

ਰਾਜ ਵਿਚ ਲੋਕ ਸਭਾ ਦੀਆਂ ਪਿਛਲੀਆਂ ਆਮ ਚੋਣਾਂ ਤੇ ਰਾਜ ਵਿਧਾਨ ਸਭਾ ਦੀਆਂ ਪਿਛਲੀਆਂ ਆਮ ਚੋਣਾਂ ਵਿਚ ਪਾਰਟੀ ਵਲੋਂ ਖੜ੍ਹੇ ਕੀਤੇ ਗਏ ਉਮੀਦਵਾਰਾਂ ਨੇ ਰਾਜ ਵਿਚ ਪਈਆਂ ਕੁੱਲਜੋੜ ਵੋਟਾਂ ਦਾ ਘੱਟੋ-ਘੱਟ ਅੱਠ ਪ੍ਰਤਿਸ਼ਤ ਵੋਟ ਪ੍ਰਾਪਤ ਕੀਤਾ ਹੋਵੇ।

***ਸਕੈਸ਼ਨ 6-ਬੀ :*** ਰਾਸ਼ਟਰੀ ਪਾਰਟੀ ਵਜੋਂ ਮਾਨਤਾ ਲਈ ਸ਼ਰਤਾਂ

- ਲੋਕ ਸਭਾ ਤੇ ਵਿਧਾਨ ਸਭਾ ਦੀਆਂ ਪਿਛਲੀਆਂ ਆਮ ਚੋਣਾਂ ਦੌਰਾਨ ਪਾਰਟੀ ਦੇ ਉਮੀਦਵਾਰਾਂ ਨੇ ਚਾਰ ਜਾਂ ਉਸ ਤੋਂ ਵੱਧ ਰਾਜਾਂ ਵਿਚ ਹਰੇਕ ਰਾਜ ਤੋਂ ਕੁੱਲਜੋੜ ਵੋਟਾਂ ਦਾ ਛੇ ਪ੍ਰਤਿਸ਼ਤ ਵੋਟ ਹਾਸਲ ਕੀਤਾ ਹੋਵੇ ਤੇ ਉਸ ਦੇ ਘੱਟੋ-ਘੱਟ ਚਾਰ ਮੈਂਬਰ ਲੋਕ ਸਭਾ ਲਈ ਚੁਣੇ ਗਏ ਹੋਣ।

ਲੋਕ ਸਭਾ ਦੀਆਂ ਪਿਛਲੀਆਂ ਆਮ ਚੋਣਾਂ ਵਿਚ ਪਾਰਟੀ ਦੇ ਉਮੀਦਵਾਰ ਘੱਟੋ-ਘੱਟ ਤਿੰਨ ਰਾਜਾਂ ਵਿਚ ਜਿੱਤੇ ਹੋਣ ਤੇ ਪਾਰਟੀ ਨੇ ਲੋਕ ਸਭਾ ਦੀਆਂ ਕੁੱਲ ਸੀਟਾਂ ਦਾ ਘੱਟੋ-ਘੱਟ ਦੋ ਪ੍ਰਤਿਸ਼ਤ ਹਾਸਲ ਕੀਤਾ ਹੋਵੇ।

ਪਾਰਟੀ ਨੂੰ ਘੱਟੋ-ਘੱਟ ਚਾਰ ਰਾਜਾਂ ਵਿਚ ਰਾਜ ਪਾਰਟੀ ਵਜੋਂ ਮਾਨਤਾ ਮਿਲੀ ਹੋਵੇ।

ਮਾਨਤਾ ਮਿਲਣ ਮਗਰੋਂ ਹੋਈਆਂ ਚੋਣਾਂ ਵਿਚ ਜੇ ਕੋਈ ਪਾਰਟੀ ਉਪਰੋਕਤ ਸ਼ਰਤਾਂ 'ਤੇ ਪੂਰਾ ਨਹੀਂ ਉਤਰਦੀ ਤਾਂ ਉਸ ਦੀ ਰਾਸ਼ਟਰੀ ਤੇ ਰਾਜ ਪੱਧਰੀ ਪਾਰਟੀ ਵਜੋਂ ਮਾਨਤਾ ਰੱਦ ਵੀ ਹੋ ਸਕਦੀ ਹੈ।

## ਪੇਡ ਨਿਊਜ਼ ਬਾਰੇ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼

ਚੋਣ ਕਮਿਸ਼ਨ ਵਲੋਂ 27 ਅਗਸਤ 2012 ਨੂੰ ਸਾਰੇ ਰਾਜਾਂ ਤੇ ਕੇਂਦਰੀ ਪ੍ਰਬੰਧਕ ਪ੍ਰਦੇਸ਼ਾਂ ਦੇ ਮੁੱਖ ਚੋਣ ਅਫ਼ਸਰਾਂ ਨੂੰ ਮੀਡੀਆ ਵਿਚ ਖ਼ਬਰਾਂ ਦੀ ਸ਼ਕਲ ਵਿਚ ਇਸ਼ਤਿਹਾਰ ਆਦਿ ਪੇਡ ਨਿਊਜ਼ 'ਤੇ ਕਾਬੂ ਪਾਉਣ ਲਈ ਉਪਰਾਲਿਆਂ ਸੰਬੰਧੀ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ, ਜਿਸ ਹੇਠ ਹਰ ਜ਼ਿਲ੍ਹੇ 'ਚ ਚੋਣਾਂ ਦੌਰਾਨ ਮੀਡੀਆ ਸਰਟੀਫਿਕੇਸ਼ਨ ਤੇ ਨਿਗਰਾਨ ਕਮੇਟੀਆਂ ਦਾ ਗਠਨ ਕਰਨ ਲਈ ਕਿਹਾ ਗਿਆ, ਜੋ ਪੈਸੇ ਦੇ ਕੇ ਲਗਵਾਈਆਂ ਗਈਆਂ ਖ਼ਬਰਾਂ ਉਪਰ ਨਜ਼ਰ ਰੱਖਣ। ਕਮਿਸ਼ਨ ਨੇ ਇਸ ਸੰਬੰਧੀ 8 ਜੂਨ 2010 ਦੇ ਹੁਕਮ ਵਿਚ ਸੋਧ ਕਰਦੇ ਹੋਏ ਨਿਮਨ ਲਿਖਤ ਹਦਾਇਤਾਂ ਜਾਰੀ ਕੀਤੀਆਂ :

- ***ਜ਼ਿਲ੍ਹਾ ਪੱਧਰੀ ਮੀਡੀਆ ਸਰਟੀ-ਫਿਕੇਸ਼ਨ ਤੇ ਨਿਗਰਾਨ ਕਮੇਟੀ***

ਹਰ ਜ਼ਿਲ੍ਹੇ ਵਿਚ ਅਜਿਹੀਆਂ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ, ਜਿਸ ਦੇ ਮੈਂਬਰ ਜ਼ਿਲ੍ਹਾ ਚੋਣ ਅਫ਼ਸਰ/ਰਿਟਰਨਿੰਗ ਅਫ਼ਸਰ ਐਸ ਡੀ ਐੱਮ ਪੱਧਰ ਦਾ ਸਹਾਇਕ ਰਿਟਰਨਿੰਗ ਅਫ਼ਸਰ ਤੇ ਜੇ ਜ਼ਿਲ੍ਹੇ ਵਿਚ ਕੇਂਦਰ ਸਰਕਾਰ ਤੇ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਦਾ ਅਧਿਕਾਰੀ ਹੋਵੇ, ਇਸ ਕਮੇਟੀ ਵਿਚ ਸ਼ਾਮਿਲ ਹੋਣਗੇ। ਇਨ੍ਹਾਂ ਤੋਂ ਇਲਾਵਾ, ਭਾਰਤੀ ਪ੍ਰੈੱਸ ਪਰਿਸ਼ਦ ਵਲੋਂ ਸਿਫਾਰਸ਼ ਕੀਤਾ ਗਿਆ ਪੱਤਰਕਾਰ ਜਾਂ ਸੁਤੰਤਰ ਨਾਗਰਿਕ ਵੀ ਇਸ ਦਾ ਮੈਂਬਰ ਹੋਵੇਗਾ। ਜ਼ਿਲ੍ਹਾ ਲੋਕ ਸੰਪਰਕ ਅਫ਼ਸਰ/ਜ਼ਿਲ੍ਹਾ ਸੂਚਨਾ ਅਫ਼ਸਰ ਜਾਂ ਇਨ੍ਹਾਂ ਦੇ ਬਰਾਬਰ ਦਾ ਕੋਈ ਅਫ਼ਸਰ ਕਮੇਟੀ ਦਾ ਮੈਂਬਰ ਸਕੱਤਰ ਹੋਵੇਗਾ। ਸੁਪਰੀਮ ਕੋਰਟ ਦੇ ਫ਼ੈਸਲੇ ਦੇ ਮੱਦੇ ਨਜ਼ਰ ਇਸ਼ਤਿਹਾਰਾਂ ਨੂੰ ਪ੍ਰਮਾਣਿਤ ਕਰਨ ਵਾਲੀ ਕਮੇਟੀ ਵਿਚ ਪਾਰਲੀਮਾਨੀ ਹਲਕੇ ਦਾ ਰਿਟਰਨਿੰਗ ਅਫ਼ਸਰ/ਜ਼ਿਲ੍ਹਾ ਚੋਣ ਅਫ਼ਸਰ ਅਤੇ ਸਹਾਇਕ ਰਿਟਰਨਿੰਗ ਅਫ਼ਸਰ ਜਿਹੜਾ ਐੱਸ ਡੀ

ਐੱਮ ਦੇ ਪੱਧਰ ਤੋਂ ਘੱਟ ਨਹੀਂ ਹੋਣਾ ਚਾਹੀਦਾ, ਐੱਮ ਸੀ ਐੱਸ ਸੀ ਦੇ ਮੈਂਬਰ ਹੋਣਗੇ, ਪਰ ਪੇਡ ਨਿਊਜ਼ ਦੇ ਮਾਮਲਿਆਂ ਦੀ ਘੋਖ ਕਰਨ ਵਾਸਤੇ ਜ਼ਿਲ੍ਹੇ ਦੀ ਐੱਮ ਸੀ ਐੱਮ ਸੀ ਕਮੇਟੀ ਵਿਚ ਤਿੰਨ ਹੋਰ ਮੈਂਬਰ ਲਏ ਜਾ ਸਕਣਗੇ।

ਜੇ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਦਾ ਜ਼ਿਲ੍ਹੇ ਵਿਚ ਕੋਈ ਅਧਿਕਾਰੀ ਤੈਨਾਤ ਨਾ ਹੋਵੇ ਤਾਂ ਜ਼ਿਲ੍ਹਾ ਚੋਣ ਅਫ਼ਸਰ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੇ ਕਿਸੇ ਅਫ਼ਸਰ ਨੂੰ ਨਿਯੁਕਤ ਕਰ ਸਕਦਾ ਹੈ। ਜੇ ਭਾਰਤੀ ਪ੍ਰੈੱਸ ਪਰਿਸ਼ਦ ਵਲੋਂ ਕੋਈ ਨਾਂ ਨਹੀਂ ਦਿਤਾ ਜਾਂਦਾ ਤਾਂ ਜ਼ਿਲ੍ਹਾ ਚੋਣ ਅਫ਼ਸਰ ਆਪਣੇ ਤੌਰ ਤੇ ਕਿਸੇ ਸੁਤੰਤਰ ਸੀਨੀਅਰ ਸੀਟੀਜ਼ਨ ਜਾਂ ਪੱਤਰਕਾਰ ਨੂੰ ਨਿਯੁਕਤ ਕਰ ਸਕਦਾ ਹੈ, ਜੋ ਨਿਰਪੱਖ ਹੋਣ ਤੇ ਇਸ ਕੰਮ ਲਈ ਤਿਆਰ ਹੋਣ। ਕਮੇਟੀ ਦੇ ਮੈਂਬਰ ਸਕੱਤਰ ਵਜੋਂ ਡੀ ਪੀ ਆਰ ਓ/ਜ਼ਿਲ੍ਹਾ ਸੂਚਨਾ ਅਫ਼ਸਰ ਦੇ ਬਰਾਬਰ ਦਾ ਅਧਿਕਾਰੀ ਹੋਣਾ ਚਾਹੀਦਾ ਹੈ ਤੇ ਇਹ ਰਾਜ ਸਿਵਲ ਸੇਵਾਵਾਂ ਦਾ ਅਧਿਕਾਰੀ ਹੋਣਾ ਚਾਹੀਦਾ ਹੈ।

ਕਮੇਟੀ ਦੇ ਮੁੱਖ ਦੋ ਕੰਮ ਹੋਣਗੇ – ਇਸ਼ਤਿਹਾਰਾਂ ਨੂੰ ਪ੍ਰਵਾਨਗੀ ਦੇਣਾ, ਇਸ ਕੰਮ ਨੂੰ ਐੱਮ ਸੀ ਐੱਮ ਸੀ ਦੇ ਦੋ ਮੈਂਬਰ ਵੇਖਣਗੇ। ਰਿਟਰਨਿੰਗ ਅਫ਼ਸਰ ਤੇ ਸਹਾਇਕ ਰਿਟਰਨਿੰਗ ਅਫ਼ਸਰ ਕਿਸੇ ਇਸ਼ਤਿਹਾਰ ਨੂੰ ਪ੍ਰਮਾਣਿਤ ਕਰਨ ਦੇ ਮਾਮਲੇ 'ਤੇ ਫੈਸਲਾ ਲੈਣਗੇ।

ਕਮੇਟੀ ਦੇ ਬਾਕੀ ਮੈਂਬਰ ਨਿਗਰਾਨੀ ਪ੍ਰਬੰਧਾਂ ਰਾਹੀਂ ਖਰੀਦੀਆਂ ਗਈਆਂ ਖ਼ਬਰਾਂ ਦੇ ਮਾਮਲੇ 'ਤੇ ਸ਼ਿਕਾਇਤਾਂ ਉਪਰ ਵਿਚਾਰ ਕਰਨਗੇ।

ਇਹ ਕਮੇਟੀਆਂ ਇਸ਼ਤਿਹਾਰਾਂ ਨੂੰ ਪ੍ਰਵਾਨਗੀ ਦੇਣ 'ਤੇ ਮੁੱਲ ਦੇ ਕੇ ਲਵਾਈਆਂ ਗਈਆਂ ਖ਼ਬਰਾਂ 'ਤੇ ਨਿਗਰਾਨੀ ਰੱਖਣ ਦੇ ਨਾਲ-ਨਾਲ ਮੀਡੀਆ ਨਾਲ ਸੰਬੰਧਿਤ ਨਿਯਮਾਂ ਨੂੰ ਲਾਗੂ ਕਰਨ ਵਿਚ ਸਹਿਯੋਗ ਦੇਣਗੇ। ਕਮੇਟੀ ਦੇ ਕੰਮਕਾਜ ਵਿਚ ਸ਼ਾਮਿਲ ਹੋਵੇਗਾ ਅਖ਼ਬਾਰਾਂ, ਪ੍ਰਿੰਟ ਮੀਡੀਆ, ਬਿਜਲਈ ਮੀਡੀਆ, ਕੇਬਲ ਨੈੱਟਵਰਕ, ਇੰਟਰਨੈੱਟ ਤੇ ਮੋਬਾਇਲ ਨੈੱਟਵਰਕ ਆਦਿ ਉਪਰ ਨਜ਼ਰ ਰੱਖਣਾ।

ਜੇ ਕੋਈ ਪੇਡ ਨਿਊਜ਼ ਦਾ ਕੋਈ ਸ਼ੱਕੀ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਕਮੇਟੀ ਰਿਟਰਨਿੰਗ ਅਫ਼ਸਰ ਨੂੰ ਇਸ ਦੀ ਜਾਣਕਾਰੀ ਦੇਵੇਗੀ ਤੇ ਨਾਲ ਹੀ ਖਰਚਾ ਅਬਜ਼ਰਵਰ ਨੂੰ ਸੂਚਿਤ ਕੀਤਾ ਜਾਵੇਗਾ। ਇਨ੍ਹਾਂ ਖ਼ਬਰਾਂ ਦੀ ਕੀਮਤ ਡੀ ਏ ਵੀ ਪੀ ਜਾਂ ਡਾਇਰੈਕਟਰ ਲੋਕ ਸੰਪਰਕ ਵਲੋਂ ਤੈਅ ਕੀਤੀਆਂ ਗਈਆਂ ਦਰਾਂ ਦੇ ਆਧਾਰ 'ਤੇ ਮਿੱਥੀ ਜਾਵੇਗੀ। ਇਸ ਬਾਰੇ ਉਮੀਦਵਾਰ ਨੂੰ ਨੋਟਿਸ ਦਿਤਾ ਜਾਵੇਗਾ ਕਿ ਇਹ ਮਾਮਲਾ ਖਰਚਾ ਅਬਜ਼ਰਵਰ ਨੂੰ ਵੀ ਭੇਜਿਆ ਜਾਵੇਗਾ।

ਬਿਜਲਈ ਮੀਡੀਆ ਉਪਰ ਰਾਜਨੀਤਕ ਇਸ਼ਤਿਹਾਰਾਂ ਦੀ ਨਿਗਰਾਨੀ ਕੀਤੀ ਜਾਵੇਗੀ ਤੇ ਇਹ ਵੀ ਵੇਖਿਆ ਜਾਵੇਗਾ ਕਿ ਇਹ ਇਸ਼ਤਿਹਾਰਾਂ ਦਾ ਪ੍ਰਸਾਰਣ ਤੇ ਪ੍ਰਸਾਰਣ ਕਮੇਟੀ ਵਲੋਂ ਸਰਟੀਫਿਕੇਟ ਦੇਣ ਤੋਂ ਬਾਅਦ ਹੀ ਕੀਤਾ ਜਾਵੇ। ਪਿੰਟ ਮੀਡੀਆ ਵਿਚ ਛਪੇ ਇਸ਼ਤਿਹਾਰ ਵੀ ਵੇਖੇ ਜਾਣਗੇ। ਜੇ ਇਸ਼ਤਿਹਾਰ ਉਮੀਦਵਾਰ ਦੀ ਸਹਿਮਤੀ ਜਾਂ ਉਸ ਦੀ ਜਾਣਕਾਰੀ ਵਿਚ ਲੱਗੇ ਹਨ ਤਾਂ ਉਸ ਦਾ ਖਰਚਾ ਉਮੀਦਵਾਰ ਦੇ ਚੋਣ ਖਰਚੇ ਵਿਚ ਜਮ੍ਹਾਂ ਕੀਤਾ ਜਾਵੇਗਾ, ਜੇ ਇਸ਼ਤਿਹਾਰ ਉਮੀਦਵਾਰ ਦੀ ਪ੍ਰਵਾਨਗੀ ਤੋਂ ਬਿਨਾਂ ਲੱਗੇ ਹਨ ਤਾਂ ਪਬਲਿਸ਼ਰ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਜੇ ਚੋਣ ਨਾਲ ਸੰਬੰਧਿਤ ਛਪੀ ਕਿਸੇ ਸਮੱਗਰੀ ਉਪਰ ਪ੍ਰਕਾਸ਼ਿਤ ਅਤੇ ਮੁਦਰਕ ਦਾ ਨਾਂ ਅਤੇ ਪਤਾ ਨਹੀਂ ਹੈ ਤਾਂ ਕਮੇਟੀ ਵਲੋਂ ਇਹ ਆਰ ਓ ਦੇ ਧਿਆਨ ਵਿਚ ਲਿਆਂਦਾ ਜਾਵੇਗਾ, ਜੋ ਇਸ ਸੰਬੰਧੀ ਅਗਲੇਰੀ ਕਾਰਵਾਈ ਕਰੇਗਾ ਤੇ ਅਜਿਹੇ ਦੂਸਰੇ ਦਸਤਾਵੇਜ਼ ਵੀ ਪੇਡ ਨਿਊਜ਼ ਦੇ ਘੇਰੇ ਵਿਚ ਆਉਣਗੇ। ਕਮੇਟੀ ਖਾਤਾ ਰੱਖਣ ਵਾਲੀ ਟੀਮ ਨੂੰ ਰੋਜ਼ਾਨਾ ਰਿਪੋਰਟ ਦੇਵੇਗੀ ਤੇ ਇਸ ਦੀ ਨਕਲ ਰਿਟਰਨਿੰਗ ਅਫ਼ਸਰ, ਖਰਚਾ ਅਬਜ਼ਰਵਰ ਨੂੰ ਦਿਤੀ ਜਾਵੇਗੀ। ਐਮ ਸੀ ਐੱਮ ਸੀ ਮੀਡੀਆ ਨਿਗਰਾਨੀ ਲਈ ਢੁਕਵਾਂ ਤੰਤਰ ਸਥਾਪਤ ਕਰੇਗੀ ਤੇ ਇਸ ਕੋਲ ਲੋੜੀਂਦਾ ਢਾਂਚਾ ਤੇ ਲੋੜੀਂਦੀ ਜਨਸ਼ਕਤੀ ਵੀ ਹੋਣੀ ਚਾਹੀਦੀ ਹੈ।

## ਰਾਜ ਪੱਧਰ 'ਤੇ ਐੱਮ ਸੀ ਐੱਮ ਸੀ ਦਾ ਗਠਨ

- ਰਾਜ ਦਾ ਮੁੱਖ ਚੋਣ ਅਫ਼ਸਰ ਇਸ ਕਮੇਟੀ ਦਾ ਚੇਅਰਮੈਨ ਹੋਵੇਗਾ।
- ਭਾਰਤ ਦੇ ਚੋਣ ਕਮਿਸ਼ਨ ਵਲੋਂ ਨਿਯੁਕਤ ਕੀਤਾ ਗਿਆ ਕੋਈ ਅਬਜ਼ਰਵਰ।
- ਕਮੇਟੀ ਵਲੋਂ ਨਾਮਜ਼ਦ ਕੀਤਾ ਗਿਆ ਕੋਈ ਮਾਹਰ।
- ਭਾਰਤੀ ਸੂਚਨਾ ਸੇਵਾ ਦਾ ਅਧੀਨ ਸਕੱਤਰ ਜਾਂ ਉੱਪ ਸਕੱਤਰ ਦੇ ਪੱਧਰ ਦਾ ਅਧਿਕਾਰੀ, ਜੋ ਰਾਜ ਅਤੇ ਕੇਂਦਰੀ ਪ੍ਰਬੰਧਕ ਪ੍ਰਦੇਸ਼ਾਂ ਵਿਚ ਭਾਰਤ ਸਰਕਾਰ ਦੇ ਮੀਡੀਆ ਵਿਭਾਗ ਦੀ ਨੁਮਾਇੰਦਗੀ ਕਰਦਾ ਹੋਵੇ।
- ਭਾਰਤੀ ਪ੍ਰੈੱਸ ਪਰਿਸ਼ਦ ਵਲੋਂ ਨਾਮਜ਼ਦ ਕੀਤਾ ਗਿਆ ਪੱਤਰਕਾਰ ਜਾਂ ਸੁਤੰਤਰ ਸੀਟੀਜ਼ਨ।
- ਵਧੀਕ/ਉੱਪ ਮੁੱਖ ਚੋਣ ਅਫ਼ਸਰ ਜੋ ਮੀਡੀਆ ਦਾ ਇੰਚਾਰਜ ਹੋਵੇ। ਉਹ ਇਸ ਕਮੇਟੀ ਦਾ ਮੈਂਬਰ ਸਕੱਤਰ ਹੋਵੇਗਾ।

ਜੇ ਭਾਰਤੀ ਪ੍ਰੈੱਸ ਪਰਿਸ਼ਦ ਕਿਸੇ ਪੱਤਰਕਾਰ ਦਾ ਨਾਂ ਨਹੀਂ ਭੇਜਦੀ ਤਾਂ ਮੁੱਖ ਚੋਣ ਅਫ਼ਸਰ ਵਲੋਂ ਆਪਣੇ ਤੌਰ ਤੇ ਕਿਸੇ ਸੁਤੰਤਰ ਸੀਨੀਅਰ ਸੀਟੀਜ਼ਨ ਜਾਂ ਪੱਤਰਕਾਰ ਨੂੰ ਮੈਂਬਰ ਬਣਾਇਆ ਜਾ ਸਕਦਾ ਹੈ।

## ਪੇਡ ਨਿਊਜ਼ ਬਾਰੇ ਦਿਸ਼ਾ ਨਿਰਦੇਸ਼

ਪੇਡ ਨਿਊਜ਼ ਦੇ ਸੰਬੰਧ ਵਿਚ ਨਿਮਨ ਲਿਖਤ ਦਿਸ਼ਾ ਨਿਰਦੇਸ਼ ਅਪਣਾਏ ਜਾਣੇ ਚਾਹੀਦੇ ਹਨ।

ਲੋਕ ਸਭਾ ਜਾਂ ਰਾਜ ਵਿਧਾਨ ਸਭਾਵਾਂ ਦੀ ਮਿਆਦ ਖ਼ਤਮ ਹੋਣ ਤੋਂ ਛੇ ਮਹੀਨੇ ਪਹਿਲਾਂ ਮੁੱਖ ਚੋਣ ਅਫ਼ਸਰ ਵਲੋਂ ਸਾਰੇ ਟੈਲੀਵਿਜ਼ਨ ਚੈਨਲਾਂ, ਰੇਡੀਓ, ਅਖ਼ਬਾਰਾਂ ਤੇ ਉਨ੍ਹਾਂ ਦੇ ਰਾਜਾਂ ਜਾਂ ਕੇਂਦਰੀ ਪ੍ਰਬੰਧਕ ਪ੍ਰਦੇਸ਼ਾਂ ਵਿਚ ਹੁੰਦੇ ਪ੍ਰਸਾਰਣ ਤੇ ਅਖ਼ਬਾਰਾਂ ਦੇ ਸਰਕੂਲੇਸ਼ਨ ਦੀ ਸੂਚੀ ਪ੍ਰਾਪਤ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਦਾ ਰੇਟ ਕਾਰਡ ਵੀ ਲੈਣਾ ਚਾਹੀਦਾ ਹੈ ਤੇ ਇਸ਼ਤਿਹਾਰਾਂ ਦੀ ਕੀਮਤ ਮਿੱਥਣ ਵਾਸਤੇ ਇਹ ਸਭ ਜ਼ਿਲ੍ਹਾ ਪੱਧਰੀ ਮੀਡੀਆ ਸਰਟੀਫਿਕੇਸ਼ਨ ਤੇ ਨਿਗਰਾਨ ਕਮੇਟੀ ਨੂੰ ਮੁਹੱਈਆ ਕਰਾਉਣੀ ਚਾਹਦੀ ਹੈ।

ਪਾਰਲੀਮਾਨੀ ਜਾਂ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਮਾਮਲੇ ਵਿਚ ਚੋਣਾਂ ਦਾ ਐਲਾਨ ਹੁੰਦਿਆਂ ਹੀ ਜ਼ਿਲ੍ਹਾ ਚੋਣ ਅਫ਼ਸਰ ਵਲੋਂ ਸਟੈਂਡਰਡ ਰੇਟ ਕਾਰਡ ਦੀ ਕਾਪੀ ਹਾਸਲ ਕਰਨੀ ਚਾਹੀਦੀ ਹੈ। ਜੇ ਕਿਸੇ ਰੇਟ ਕਾਰਡ ਬਾਰੇ ਕੋਈ ਸ਼ੱਕ ਪੈਦਾ ਹੋਵੇ ਤਾਂ ਇਸ ਮਾਮਲੇ ਵਿਚ ਸੂਚਨਾ ਅਤੇ ਪ੍ਰਸਾਰਣ ਮੰਤਰਾਲਾ ਦੇ ਡੀ ਏ ਵੀ ਪੀ ਜਾਂ ਰਾਜ ਦੇ ਡੀ ਆਈ ਪੀ ਆਰ ਨੂੰ ਇਹ ਮਾਮਲਾ ਭੇਜਣ ਦੀ ਸਲਾਹ ਲਈ ਜਾ ਸਕਦੀ ਹੈ।

ਮੁੱਖ ਚੋਣ ਅਫ਼ਸਰ ਤੇ ਜ਼ਿਲ੍ਹਾ ਅਫ਼ਸਰ ਚੋਣ ਮੁਹਿੰਮ ਸ਼ੁਰੂ ਹੋਣ ਤੋਂ ਪਹਿਲਾਂ ਇਹ ਦਿਸ਼ਾ ਨਿਰਦੇਸ਼ ਰਾਜਨੀਤਕ ਪਾਰਟੀਆਂ ਤੇ ਮੀਡੀਆ ਘਰਾਣਿਆਂ ਦੇ ਧਿਆਨ ਵਿਚ ਲਿਆਉਣਗੇ।

ਮੀਡੀਆ ਨੂੰ ਇਸ ਸੰਬੰਧ ਵਿਚ ਸਵੈ-ਪਾਬੰਦੀ ਵਰਤਣ ਲਈ ਕਿਹਾ ਜਾਵੇਗਾ। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਬਾਰੇ ਆਮ ਜਨਤਾ ਨੂੰ ਜਾਣੂ ਕਰਵਾਇਆ ਜਾਵੇਗਾ। ਸ਼ੱਕੀ ਪੇਡ ਨਿਊਜ਼ ਜਾਂ ਇਸ਼ਤਿਹਾਰ ਜਾਂ ਅਪੀਲ ਨੂੰ ਮਿੱਥੇ ਸਮੇਂ ਵਿਚ ਵਿਚਾਰਿਆ ਜਾਵੇਗਾ।

ਜ਼ਿਲ੍ਹਾ ਐੱਮ ਸੀ ਐੱਮ ਸੀ ਵਲੋਂ ਮਾਮਲਾ ਭੇਜਣ ਤੇ ਰਿਟਰਨਿੰਗ ਅਫ਼ਸਰ ਉਮੀਦਵਾਰ ਨੂੰ 96 ਘੰਟਿਆਂ ਦੇ ਅੰਦਰ ਆਪਣੀ ਸਥਿਤੀ ਸਪੱਸ਼ਟ ਕਰਨ ਜਾਂ ਇਸ ਉਪਰ ਕੀਤੇ ਗਏ ਖਰਚ ਦੀ ਜਾਣਕਾਰੀ ਦੇਣ ਲਈ ਨੋਟਿਸ ਜਾਰੀ ਕਰੇਗਾ। ਅਜਿਹੀ ਕਿਸੇ ਸ਼ਿਕਾਇਤ ਦੇ ਆਧਾਰ 'ਤੇ ਜਾਂ ਆਪਣੇ ਤੌਰ ਤੇ ਰਾਜ ਪੱਧਰੀ ਕਮੇਟੀ ਵਲੋਂ ਕੋਈ ਮਾਮਲਾ ਧਿਆਨ ਵਿਚ ਲਿਆਇਆ ਜਾਂਦਾ ਹੈ ਤਾਂ ਉਸ ਸੂਰਤ ਵਿਚ ਵੀ ਇਹ ਸਮੇਂ ਸੀਮਾ ਲਾਗੂ ਹੋਵੇਗੀ। ਜ਼ਿਲ੍ਹਾ ਤੇ ਰਾਜ ਪੱਧਰੀ ਕਮੇਟੀਆਂ ਉਮੀਦਵਾਰ ਵਲੋਂ ਦਿਤੇ ਗਏ ਜਵਾਬ 'ਤੇ ਫੌਰੀ ਫੈਸਲਾ ਲੈਣਗੀਆਂ ਤੇ ਆਪਣੇ ਅੰਤਮ ਫੈਸਲੇ ਦੀ ਜਾਣਕਾਰੀ ਉਮੀਦਵਾਰ ਅਤੇ ਪਾਰਟੀ ਨੂੰ ਦੇਣਗੀਆਂ, ਜੇ ਨੋਟਿਸ ਜਾਰੀ ਕਰਨ ਤੋਂ ਬਾਅਦ 48 ਘੰਟਿਆਂ ਦੇ ਅੰਦਰ ਉਮੀਦਵਾਰ ਵਲੋਂ ਜ਼ਿਲ੍ਹਾ ਕਮੇਟੀ ਨੂੰ ਕੋਈ ਜਵਾਬ ਪ੍ਰਾਪਤ ਨਹੀਂ ਹੁੰਦਾ ਤਾਂ ਜ਼ਿਲ੍ਹਾ ਕਮੇਟੀ ਦਾ ਫੈਸਲਾ ਅੰਤਮ ਮੰਨਿਆ ਜਾਵੇਗਾ।

ਰਾਜ ਪੱਧਰੀ ਅਜਿਹੀ ਕਮੇਟੀ ਕੋਈ ਅਪੀਲ ਹਾਸਲ ਕਰਨ ਤੋਂ ਵੱਧ 96 ਘੰਟਿਆਂ ਦੇ ਅੰਦਰ ਉਮੀਦਵਾਰ ਨੂੰ ਆਪਣੇ ਫੈਸਲੇ ਦੀ ਜਾਣਕਾਰੀ ਦੇਵੇਗੀ ਤੇ ਇਸ ਦੀ ਇਕ ਕਾਪੀ ਜ਼ਿਲ੍ਹਾ ਪੱਧਰੀ ਕਮੇਟੀ ਨੂੰ ਭੇਜੀ ਜਾਵੇਗੀ।

ਜ਼ਿਲ੍ਹਾ ਪੱਧਰੀ ਕਮੇਟੀ ਵਲੋਂ ਪ੍ਰਾਪਤ ਹੁਕਮ ਦੇ 48 ਘੰਟੇ ਦੇ ਅੰਦਰ ਰਾਜ ਪੱਧਰੀ ਕਮੇਟੀ ਦੇ ਫੈਸਲੇ ਵਿਰੁੱਧ ਭਾਰਤ ਦੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਜਾਵੇਗੀ, ਜਿਸ ਦਾ ਫੈਸਲਾ ਅੰਤਮ ਹੋਵੇਗਾ। ਇਹ ਸਾਰਾ ਅਮਲ ਚੋਣ ਸਮੇਂ ਦੇ ਅੰਦਰ ਹੀ ਮੁਕੰਮਲ ਹੋਣਾ ਚਾਹੀਦਾ ਹੈ।

ਇਹ ਵੇਖਣ ਵਿਚ ਆਇਆ ਹੈ ਕਿ ਕਈ ਮਾਮਲਿਆਂ ਵਿਚ ਪੇਡ ਨਿਊਜ਼ ਬਾਰੇ ਵੱਡੀ ਗਿਣਤੀ ਵਿਚ ਨੋਟਿਸ ਜਾਰੀ ਹੁੰਦੇ ਹਨ, ਪਰ ਅਗਲੇਰੀ ਕਾਰਵਾਈ ਬਕਾਇਆ ਪਈ ਰਹਿੰਦੀ ਹੈ। ਐੱਮ ਸੀ ਐੱਮ ਸੀ ਨੂੰ ਹਰ ਇਕ ਸ਼ੱਕੀ ਪੇਡ ਨਿਊਜ਼ ਬਾਰੇ ਚੰਗੀ ਤਰ੍ਹਾਂ ਵਿਚਾਰ ਕਰਨਾ ਚਾਹੀਦਾ ਹੈ ਤਾਂ ਹੀ ਉਮੀਦਵਾਰ ਨੂੰ ਨੋਟਿਸ ਜਾਰੀ ਕਰਨ ਵਾਸਤੇ ਇਹ ਮਾਮਲਾ ਆਰ ਓ ਦੇ ਧਿਆਨ ਵਿਚ ਲਿਆਉਣਾ ਚਾਹੀਦਾ ਹੈ। ਕਮੇਟੀ ਇਸ ਗੱਲ ਨੂੰ ਵੀ ਯਕੀਨੀ ਬਣਾਵੇਗੀ ਕਿ ਅਸਲ ਪੇਡ ਨਿਊਜ਼ ਦੇ ਮਾਮਲੇ ਵਿਚ ਕੋਈ ਢਿੱਲ ਨਾ ਵਰਤੀ ਜਾਵੇ।

ਜ਼ਿਲ੍ਹਾ ਪੱਧਰੀ, ਰਾਜ ਪੱਧਰੀ ਅਤੇ ਕਮਿਸ਼ਨ ਪੱਧਰ ਦੀ ਕਮੇਟੀ ਵਲੋਂ ਜੇ ਕਿਸੇ ਸ਼ੱਕੀ ਪੇਡ ਨਿਊਜ਼ ਦੇ ਮਾਮਲੇ ਨੂੰ ਪੇਡ ਨਿਊਜ਼ ਮੰਨਣ ਦਾ ਫੈਸਲਾ ਲਿਆ ਜਾਂਦਾ ਹੈ ਤਾਂ ਅਜਿਹੀ ਸੂਰਤ ਵਿਚ ਇਸ ਦਾ ਅਸਲ ਖਰਚ ਸੰਬੰਧਿਤ ਉਮੀਦਵਾਰ ਦੇ ਚੋਣ ਖਰਚ ਦੇ ਹਿੱਸੇ ਵਜੋਂ ਮੰਨਿਆ ਜਾਵੇਗਾ ਤੇ ਇਸ ਦੇ ਉਮੀਦਵਾਰ ਜਾਂ ਉਸ ਦੇ ਏਜੰਟ ਨੂੰ ਜਾਣਕਾਰੀ ਦਿਤੀ ਜਾਵੇਗੀ।

ਜਿਥੇ ਜ਼ਿਲ੍ਹਾ/ਰਾਜ ਪੱਧਰੀ ਜਾਂ ਭਾਰਤੀ ਚੋਣ ਕਮਿਸ਼ਨ ਵਲੋਂ ਇਹੀ ਫੈਸਲਾ ਲਿਆ ਜਾਂਦਾ ਹੈ ਕਿ ਇਹ ਪੇਡ ਨਿਊਜ਼ ਦਾ ਮਾਮਲਾ ਹੈ ਤਾਂ ਇਹ ਮਾਮਲਾ ਭਾਰਤੀ ਪ੍ਰੈੱਸ ਪਰਿਸ਼ਦ ਦੇ ਧਿਆਨ ਵਿਚ ਲਿਆਂਦਾ ਜਾਵੇਗਾ ਤਾਂ ਜੋ ਸੰਬੰਧਿਤ ਮੀਡੀਆ ਨਾਲ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

ਚੋਣ ਕਮਿਸ਼ਨ ਨੇ 9 ਅਕਤੂਬਰ 1912 ਨੂੰ ਪੇਡ ਨਿਊਜ਼ ਬਾਰੇ ਸੋਧੇ ਦਿਸ਼ਾ ਨਿਰਦੇਸ਼ਾਂ ਨੂੰ ਸੰਬੰਧਿਤ ਰਾਜਾਂ ਅਤੇ ਕੇਂਦਰੀ ਪ੍ਰਬੰਧਕ ਪ੍ਰਦੇਸ਼ਾਂ ਦੇ ਮੁੱਖ ਚੋਣ ਅਫ਼ਸਰਾਂ ਨੂੰ ਭੇਜਿਆ, ਜਿਸ ਵਿਚ ਕਿਹਾ ਗਿਆ ਹੈ ਕਿ ਜ਼ਿਲ੍ਹਾ/ਰਾਜ ਪੱਧਰੀ ਐੱਮ ਸੀ ਐੱਮ ਸੀ ਕਮੇਟੀ ਵਲੋਂ ਨੋਟਿਸ ਮਿਲਣ ਦੇ 48 ਘੰਟੇ ਦੇ ਅੰਦਰ ਉਮੀਦਵਾਰ ਨੂੰ ਆਪਣਾ ਜਵਾਬ ਦੇਣਾ ਹੋਵੇਗਾ। ਜੇ ਮਿਥੇ ਸਮੇਂ ਵਿਚ ਜਵਾਬ ਨਹੀਂ ਮਿਲਦਾ ਤਾਂ ਕਮੇਟੀ ਦਾ ਫੈਸਲਾ ਅੰਤਮ ਸਮਝਿਆ ਜਾਵੇਗਾ। ਜੇ ਉਮੀਦਵਾਰ ਵਲੋਂ ਕੋਈ ਜਵਾਬ ਮਿਲਦਾ ਹੈ ਤਾਂ ਕਮੇਟੀ 48 ਘੰਟਿਆਂ ਦੇ ਅੰਦਰ ਇਸ 'ਤੇ ਕਾਰਵਾਈ ਕਰਦਿਆਂ ਆਪਣੇ ਅੰਤਮ ਫੈਸਲੇ ਦੀ ਜਾਣਕਾਰੀ ਉਮੀਦਵਾਰ/ਪਾਰਟੀ ਨੂੰ ਦੇਵੇਗੀ।

## ਆਦਰਸ਼ ਚੋਣ ਜ਼ਾਬਤਾ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

*ਸਵਾਲ-1 : ਆਦਰਸ਼ ਚੋਣ ਜ਼ਾਬਤਾ ਕੀ ਹੈ?*

ਜਵਾਬ – ਆਦਰਸ਼ ਚੋਣ ਜ਼ਾਬਤਾ ਰਾਜਨੀਤਕ ਪਾਰਟੀਆਂ ਤੇ ਉਮੀਦਵਾਰਾਂ ਦੇ ਦਿਸ਼ਾ ਨਿਰਦੇਸ਼ਾਂ ਵਾਸਤੇ ਨਿਯਮਾਂ ਦਾ ਇਕ ਗੁੱਛਾ ਹੈ, ਜਿਸ ਨੂੰ ਰਾਜਨੀਤਕ ਪਾਰਟੀਆਂ ਦੀ ਆਮ ਸਹਿਮਤੀ ਨਾਲ ਤਿਆਰ ਕੀਤਾ ਗਿਆ ਹੈ ਤੇ ਜਿਨ੍ਹਾਂ ਨੇ ਇਸ ਨੂੰ ਸਹੀ ਅਰਥਾਂ ਵਿਚ ਇਸ ਦੀ ਭਾਵਨਾ ਅਨੁਸਾਰ ਚੋਣਾਂ ਦੌਰਾਨ ਅਪਣਾਉਣ ਦੀ ਸਹਿਮਤੀ ਦਿਤੀ ਹੈ।

*? ਅਜਿਹੇ ਆਦਰਸ਼ ਚੋਣ ਜਾਬਤੇ ਦੀ ਲੋੜ ਕਿਉਂ ਸੀ?*

– ਇਸ ਦਾ ਮੰਤਵ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਚੋਣ ਪ੍ਰਚਾਰ ਦੌਰਾਨ ਨਿਰਪੱਖ ਤੇ ਸੁਖਾਵੇਂ ਵਾਤਾਵਰਨ ਲਈ ਸਾਰਿਆਂ ਨੂੰ ਇਕੋ ਜਿਹਾ ਮਾਹੌਲ ਪ੍ਰਦਾਨ ਕਰਨਾ, ਅਮਨ ਤੇ ਕਾਨੂੰਨ ਨੂੰ ਯਕੀਨੀ ਬਣਾਈ ਰਖਣਾ ਤੇ ਰਾਜਨੀਤਕ ਪਾਰਟੀਆਂ ਵਿਚਾਲੇ ਵਿਵਾਦਾਂ ਤੇ ਤਣਾਅ ਨੂੰ ਰੋਕਣਾ। ਇਸ ਦਾ ਮੁੱਖ ਮੰਤਵ ਇਸ ਗੱਲ ਨੂੰ ਯਕੀਨੀ ਬਣਾਉਣਾ ਵੀ ਹੈ ਤੇ ਸੱਤਾਧਾਰੀ ਪਾਰਟੀ ਭਾਵੇਂ ਉਹ ਕੇਂਦਰ ਵਿਚ ਹੋਵੇ ਜਾਂ ਰਾਜਾਂ ਵਿਚ, ਚੋਣਾਂ ਦੌਰਾਨ ਕੋਈ ਗ਼ੈਰ ਵਾਜਬ ਢੰਗ ਨਾਲ ਲਾਭ ਉਠਾਉਣ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਨੂੰ ਵੀ ਘੱਟ ਕਰਨਾ, ਇਸ ਦਾ ਮੰਤਵ ਹੈ।

*? ਇਸ ਸੰਬੰਧ ਵਿਚ ਚੋਣ ਕਮਿਸ਼ਨ ਦੀ ਕੀ ਭੂਮਿਕਾ ਹੈ?*

– ਚੋਣ ਕਮਿਸ਼ਨ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਕੇਂਦਰ ਅਤੇ ਰਾਜਾਂ ਵਿਚ ਸੱਤਾਧਾਰੀ ਪਾਰਟੀਆਂ ਸਮੇਤ ਚੋਣ ਲੜ ਰਹੇ ਉਮੀਦਵਾਰ ਭਾਰਤੀ ਸੰਵਿਧਾਨ ਦੇ ਆਰਟੀਕਲ 324 ਹੇਠ ਸੰਸਦ ਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਆਜ਼ਾਦ, ਨਿਰਪੱਖ ਤੇ ਅਮਨ ਪੂਰਵਕ ਢੰਗ ਨਾਲ ਕਰਾਉਣ ਲਈ ਸੰਵਿਧਾਨਿਕ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ। ਇਹ ਇਸ ਗੱਲ ਨੂੰ ਵੀ ਯਕੀਨੀ ਬਣਾਉਂਦਾ ਹੈ ਕਿ ਚੋਣ ਮੰਤਵ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਨਾ ਹੋਵੇ। ਚੋਣ ਕਮਿਸ਼ਨ ਚੋਣਾਂ ਦੌਰਾਨ ਇਸ ਗੱਲ ਨੂੰ ਵੀ ਯਕੀਨੀ ਬਣਾਉਂਦਾ ਹੈ ਕਿ ਕੋਈ ਪਾਰਟੀ ਜਾਂ ਉਮੀਦਵਾਰ ਭ੍ਰਿਸ਼ਟ ਢੰਗ ਤਰੀਕਿਆਂ ਜਿਵੇਂ ਵੋਟਰਾਂ ਨੂੰ ਰਿਸ਼ਵਤ ਦੇਣੀ, ਉਨ੍ਹਾਂ ਨੂੰ ਡਰਾਉਣਾ, ਧਮਕਾਉਣਾ ਜਾਂ ਕੋਈ ਹੋਰ ਲਾਲਚ ਦੇ ਕੇ ਚੋਣਾਂ ਨੂੰ ਪ੍ਰਭਾਵਿਤ ਨਾ ਕਰੇ। ਉਲੰਘਣਾ ਦੇ ਮਾਮਲੇ ਵਿਚ ਲੋੜੀਂਦੇ ਕਦਮ ਚੁੱਕੇ ਜਾਂਦੇ ਹਨ।

***? ਆਦਰਸ਼ ਚੋਣ ਜ਼ਾਬਤਾ ਕਿਸ ਮਿਤੀ ਤੋਂ ਲਾਗੂ ਹੁੰਦਾ ਹੈ ਤੇ ਕਦੋਂ ਤਕ ਜਾਰੀ ਰਹਿੰਦਾ ਹੈ?***

– ਚੋਣ ਕਮਿਸ਼ਨ ਵਲੋਂ ਚੋਣਾਂ ਦਾ ਐਲਾਨ

ਕੀਤੇ ਜਾਣ ਵਾਲੇ ਦਿਨ ਤੋਂ ਹੀ ਆਦਰਸ਼ ਚੋਣ ਜ਼ਾਬਤਾ ਪ੍ਰਭਾਵੀ ਹੋ ਜਾਂਦਾ ਹੈ ਤੇ ਚੋਣ ਅਮਲ ਖ਼ਤਮ ਹੋਣ ਤਕ ਲਾਗੂ ਰਹਿੰਦਾ ਹੈ।

*? ਆਮ ਚੋਣਾਂ ਅਤੇ ਜ਼ਿਮਨੀ ਚੋਣਾਂ ਵਿਚ ਇਹ ਜ਼ਾਬਤਾ ਕਿਥੇ-ਕਿਥੇ ਲਾਗੂ ਹੁੰਦਾ ਹੈ।*

– ਲੋਕ ਸਭਾ ਦੀਆਂ ਆਮ ਚੋਣਾਂ ਦੌਰਾਨ ਆਦਰਸ਼ ਚੋਣ ਜ਼ਾਬਤਾ ਪੂਰੇ ਦੇਸ਼ ਵਿਚ ਲਾਗੂ ਹੁੰਦਾ ਹੈ :

● ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਚੋਣ ਜ਼ਾਬਤਾ ਪੂਰੇ ਰਾਜ ਵਿਚ ਲਾਗੂ ਹੁੰਦਾ ਹੈ।

● ਜ਼ਿਮਨੀ ਚੋਣ ਦੌਰਾਨ ਇਹ ਜ਼ਾਬਤਾ ਪੂਰੇ ਜ਼ਿਲ੍ਹੇ ਜਾਂ ਜਿਨ੍ਹਾਂ ਜ਼ਿਲ੍ਹਿਆਂ ਵਿਚ ਚੋਣ ਹਲਕਾ ਪੈਂਦਾ ਹੋਵੇ, ਉਨ੍ਹਾਂ ਵਿਚ ਆਦਰਸ਼ ਚੋਣ ਜ਼ਾਬਤਾ ਲਾਗੂ ਹੁੰਦਾ ਹੈ।

*? ਆਦਰਸ਼ ਚੋਣ ਜਾਬਤੇ ਦੀਆਂ ਖ਼ਾਸ ਵਿਸ਼ੇਸ਼ਤਾਵਾਂ ਕੀ ਹਨ?*

– ਇਸ ਦੀਆਂ ਖ਼ਾਸ ਵਿਸ਼ੇਸ਼ਤਾਵਾਂ ਵਿਚ ਸ਼ਾਮਿਲ ਹੈ ਕਿ ਰਾਜਨੀਤਕ ਪਾਰਟੀਆਂ ਚੋਣ ਲੜ ਰਹੇ ਉਮੀਦਵਾਰ ਤੇ ਸੱਤਾਧਾਰੀ ਪਾਰਟੀਆਂ ਚੋਣ ਅਮਲ ਦੌਰਾਨ ਇਸ ਦੀ ਪਾਲਣਾ ਕਰਨ, ਜਿਵੇਂ ਕਿ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਦਾ ਆਮ ਰਵੱਈਆ ਮੀਟਿੰਗਾਂ ਤੇ ਜਲੂਸ ਆਯੋਜਿਤ ਕਰਨ, ਮਤਦਾਨ ਵਾਲੇ ਦਿਨ ਸਰਗਰਮੀਆਂ ਅਤੇ ਸੱਤਾਧਾਰੀ ਪਾਰਟੀ ਦੇ ਕੰਮਕਾਜ ਆਦਿ।

*? ਕੀ ਕੋਈ ਮੰਤਰੀ ਚੋਣ ਪ੍ਰਚਾਰ ਨਾਲ ਆਪਣਾ ਸਰਕਾਰੀ ਕੰਮਕਾਜ ਜੋੜ ਸਕਦਾ ਹੈ?*

– ਕੋਈ ਵੀ ਮੰਤਰੀ ਚੋਣ ਨਾਲ ਸੰਬੰਧਿਤ ਕੰਮਕਾਜ ਲਈ ਆਪਣੇ ਸਰਕਾਰੀ ਦੌਰੇ ਨੂੰ ਨਾਲ ਨਹੀਂ ਜੋੜ ਸਕਦਾ ਤੇ ਉਸ ਨੂੰ ਸਰਕਾਰੀ ਮਸ਼ੀਨਰੀ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ।

*? ਕੀ ਚੋਣ ਪ੍ਰਚਾਰ ਲਈ ਸਰਕਾਰੀ ਵਾਹਨ ਦਾ ਇਸਤੇਮਾਲ ਹੋ ਸਕਦਾ ਹੈ?*

– ਨਹੀਂ, ਕਿਸੇ ਰਾਜਨੀਤਕ ਪਾਰਟੀ ਜਾਂ ਉਮੀਦਵਾਰ ਦੇ ਹਿੱਤਾਂ ਲਈ ਸਰਕਾਰੀ ਹਵਾਈ ਜਹਾਜ਼ ਸਮੇਤ ਕਿਸੇ ਵੀ ਸਰਕਾਰੀ ਵਾਹਨ ਦਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ।

*? ਚੋਣ ਅਮਲ ਨਾਲ ਜੁੜੇ ਅਧਿਕਾਰੀਆਂ ਦਾ ਸਰਕਾਰ ਵਲੋਂ ਤਬਾਦਲਾ ਜਾਂ ਨਿਯੁਕਤੀ ਕੀਤੀ ਜਾ ਸਕਦੀ ਹੈ?*

– ਚੋਣਾਂ ਕਰਾਉਣ ਦੇ ਅਮਲ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਜੁੜੇ ਅਧਿਕਾਰੀਆਂ, ਕਰਮਚਾਰੀਆਂ ਦੇ ਤਬਾਦਲੇ ਕਰਨ ਉਪਰ ਪੂਰਨ ਪਾਬੰਦੀ ਹੁੰਦੀ ਹੈ ਜੇ ਕਿਸੇ ਦੀ ਨਿਯੁਕਤੀ ਜਾਂ ਤਬਾਦਲਾ ਕਰਨਾ ਜ਼ਰੂਰੀ ਸਮਝਿਆ ਜਾਵੇ ਤਾਂ ਇਸ ਲਈ ਚੋਣ ਕਮਿਸ਼ਨ ਦੀ ਅਗਾਉਂ ਪ੍ਰਵਾਨਗੀ ਲੈਣੀ ਲੋੜੀਂਦੀ ਹੈ।

*? ਸੱਤਾਧਾਰੀ ਪਾਰਟੀ ਵਲੋਂ ਆਪਣੀਆਂ ਸੰਭਾਵਨਾਵਾਂ ਨੂੰ ਮਜ਼ਬੂਤੀ ਦੇਣ ਲਈ ਆਪਣੀਆਂ ਪ੍ਰਾਪਤੀਆਂ ਬਾਰੇ ਸਰਕਾਰੀ ਖਰਚੇ ਉਪਰ ਇਸ਼ਤਿਹਾਰ ਦੇਣ ਉਪਰ ਕੀ ਕੋਈ ਪਾਬੰਦੀ ਹੈ?*

– ਜੀ ਹਾਂ, ਸਰਕਾਰੀ ਖਰਚੇ ਉਪਰ ਪ੍ਰਿੰਟ ਅਤੇ ਬਿਜਲਈ ਮੀਡੀਆ ਵਿਚ ਪ੍ਰਾਪਤੀਆਂ ਦੇ ਇਸ਼ਤਿਹਾਰ ਦੇਣ ਉਪਰ ਮਨਾਹੀ ਹੈ। ਚੋਣਾਂ ਦੌਰਾਨ ਸਰਕਾਰੀ ਮਾਸ ਮੀਡੀਆ ਦੀ ਦੁਰਵਰਤੋਂ ਉਪਰ ਵੀ ਪਾਬੰਦੀ ਹੈ।

*? ਕੀ ਕੇਂਦਰ ਜਾਂ ਰਾਜ ਵਿਚਲੀ ਸੱਤਾਧਾਰੀ ਪਾਰਟੀ ਵਲੋਂ ਸਰਕਾਰੀ ਖਰਚੇ ਉਪਰ ਪ੍ਰਾਪਤੀਆਂ ਨੂੰ ਦਰਸਾਉਂਦੇ ਹੋਰਡਿੰਗ/ਇਸ਼ਤਿਹਾਰ ਵਗੈਰਾ ਜਾਰੀ ਰਹਿ ਸਕਦੇ ਹਨ ?*

– ਬਿਲਕੁਲ ਨਹੀਂ, ਅਜਿਹੇ ਸਾਰੇ ਹੋਰਡਿੰਗ ਅਤੇ ਇਸ਼ਤਿਹਾਰ ਸੰਬੰਧਿਤ ਅਧਿਕਾਰੀਆਂ ਵਲੋਂ ਉਤਾਰ ਦਿਤੇ ਜਾਣਗੇ। ਸਰਕਾਰੀ ਖਰਚੇ ਦੀ ਕੀਮਤ ਉਪਰ ਬਿਜਲਈ ਮੀਡੀਆ ਸਮੇਤ ਹੋਰ ਮੀਡੀਆ ਅਤੇ ਅਖ਼ਬਾਰਾਂ ਵਿਚ ਇਸ਼ਤਿਹਾਰ ਨਹੀਂ ਦਿਤੇ ਜਾ ਸਕਣਗੇ।

*? ਕੀ ਕੋਈ ਮੰਤਰੀ ਜਾਂ ਕੋਈ ਹੋਰ ਅਥਾਰਿਟੀ ਆਪਣੇ ਅਖਤਿਆਰੀ ਫ਼ੰਡ ਵਿਚੋਂ ਗਰਾਂਟ ਆਦਿ ਮਨਜ਼ੂਰ ਕਰ ਸਕਦੇ ਹਨ?*

– ਜਿਸ ਸਮੇਂ ਤੋਂ ਚੋਣਾਂ ਦਾ ਐਲਾਨ ਹੋ ਜਾਵੇ ਉਸ ਮਗਰੋਂ ਮੰਤਰੀ ਅਤੇ ਦੂਸਰੀਆਂ ਅਥਾਰਿਟੀਆਂ ਅਖ਼ਤਿਆਰੀ ਫ਼ੰਡੋਂ ਵਿਚੋਂ ਗਰਾਂਟ ਜਾਂ ਅਦਾਇਗੀ ਆਦਿ ਮਨਜ਼ੂਰ ਨਹੀਂ ਕਰ ਸਕਦੀਆਂ।

*? ਚੋਣ ਮੁਹਿੰਮ ਵਾਸਤੇ ਰਾਜਨੀਤਕ ਪਾਰਟੀਆਂ ਤੇ ਉਮੀਦਵਾਰਾਂ ਲਈ ਕੀ ਮੁੱਖ ਦਿਸ਼ਾ ਨਿਰਦੇਸ਼ ਹਨ?*

– ਚੋਣ ਮੁਹਿੰਮ ਦੌਰਾਨ ਕੋਈ ਪਾਰਟੀ ਜਾਂ ਉਮੀਦਵਾਰ ਅਜਿਹੀ ਸਰਗਰਮੀ ਵਿਚ ਸ਼ਾਮਿਲ ਨਹੀਂ ਹੋਵੇਗਾ, ਜਿਸ ਨਾਲ ਆਪਸੀ ਨਫ਼ਰਤ ਪੈਦਾ ਹੋਵੇ। ਵੱਖ-ਵੱਖ ਜਾਤਾਂ ਤੇ ਫਿਰਕਿਆਂ ਵਿਚਾਲੇ ਤਣਾਅ ਪੈਦਾ ਹੋਵੇ। ਧਾਰਮਿਕ ਤੇ ਭਾਸ਼ਾਈ ਭਾਵਨਾ ਦੀ ਨੁਕਤਾਚੀਨੀ ਦੀ ਥਾਂ ਤੇ ਪਾਰਟੀਆਂ ਅਤੇ ਆਪਣੇ ਆਪ ਨੂੰ ਨੀਤੀਆਂ ਪ੍ਰੋਗਰਾਮਾਂ, ਆਪਣੇ ਕੰਮਕਾਜ ਤੇ ਪਿਛਲੇ ਰਿਕਾਰਡ ਤਕ ਸੀਮਤ ਰੱਖਣ। ਪਾਰਟੀਆਂ ਤੇ ਉਮੀਦਵਾਰ ਕਿਸੇ ਦੀ ਨਿੱਜੀ ਜ਼ਿੰਦਗੀ ਨਾਲ ਸੰਬੰਧਿਤ ਵੱਖ-ਵੱਖ ਪਹਿਲੂਆਂ ਦੀ ਆਲੋਚਨਾ ਕਰਨ ਤੋਂ ਦੂਰ ਰਹਿਣ। ਦੂਜੀਆਂ ਪਾਰਟੀਆਂ ਜਾਂ ਉਸ ਦੇ ਵਰਕਰਾਂ ਉਪਰ ਗਲਤ ਬਿਆਨਬਾਜ਼ੀ ਤੇ ਅਪੁਸ਼ਟ ਇਲਜ਼ਾਮ ਲਗਾਉਣ ਤੋਂ ਪ੍ਰਹੇਜ਼ ਕਰਨ।

*? ਕੀ ਚੋਣ ਪ੍ਰਚਾਰ ਲਈ ਧਾਰਮਿਕ ਸਥਾਨਾਂ ਦੀ ਵਰਤੋਂ ਕਰਨ ਉਪਰ ਕੋਈ ਪਾਬੰਦੀਆਂ ਹਨ?*

– ਹਾਂ, ਧਾਰਮਿਕ ਅਸਥਾਨ ਜਿਵੇਂ ਕਿ ਮੰਦਰ, ਮਸਜਿਦ, ਚਰਚ, ਗੁਰਦੁਆਰਾ ਜਾਂ ਪੂਜਾ ਵਾਲੇ ਕਿਸੇ ਹੋਰ ਸਥਾਨਾਂ ਦੀ ਵਰਤੋਂ ਚੋਣ ਪ੍ਰਚਾਰ ਲਈ ਨਹੀਂ ਕੀਤੀ ਜਾ ਸਕਦੀ। ਵੋਟਾਂ ਹਾਸਲ ਕਰਨ ਵਾਸਤੇ ਜਾਤ ਜਾਂ ਫ਼ਿਰਕੇ ਦੀ ਲੀਹ ਉਪਰ ਅਪੀਲ ਵੀ ਨਹੀਂ ਕੀਤੀ ਜਾ ਸਕਦੀ।

*? ਜੇ ਕੋਈ ਉਮੀਦਵਾਰ ਜਾਂ ਰਾਜਨੀਤਕ ਪਾਰਟੀ ਆਦਰਸ਼ ਚੋਣ ਜਾਬਤੇ ਦੀ ਪਾਲਣਾ ਨਹੀਂ ਕਰਦੀ ਤਾਂ ਕੀ ਹੁੰਦਾ ਹੈ?*

– ਅਜਿਹੇ ਮਾਮਲੇ ਚੋਣ ਕਮਿਸ਼ਨ ਦੇ ਧਿਆਨ ਵਿਚ ਆਉਣ ਮਗਰੋਂ ਇਨ੍ਹਾਂ ਉਪਰ ਨਿਰੀਖਣ ਕੀਤਾ ਜਾਂਦਾ ਹੈ ਤੇ ਇਸ ਬਾਰੇ ਪੂਰੀ ਰਿਪੋਰਟ ਮੰਗੀ ਜਾਂਦੀ ਹੈ। ਜੇ ਜ਼ਰੂਰੀ ਹੋਵੇ ਤਾਂ ਕਿਸੇ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਵਾਸਤੇ ਨੋਟਿਸ ਜਾਰੀ ਕੀਤਾ ਜਾਂਦਾ ਹੈ, ਜੇ ਕਿਸੇ ਮਾਮਲੇ ਵਿਚ ਆਦਰਸ਼ ਚੋਣ ਜਾਬਤੇ ਦੀ ਉਲੰਘਣਾ ਪਾਈ ਜਾਂਦੀ ਹੈ ਤਾਂ ਉਮੀਦਵਾਰ ਨੂੰ ਚਿਤਾਵਨੀ ਦਿਤੀ ਜਾਂਦੀ ਹੈ ਤੇ ਭਵਿੱਖ ਵਿਚ ਸੁਚੇਤ ਰਹਿਣ ਦੀ ਸਲਾਹ ਦਿਤੀ ਜਾਂਦੀ ਹੈ, ਭਾਵੇਂ ਕਿ ਆਦਰਸ਼ ਚੋਣ ਜਾਬਤੇ ਨੂੰ ਕੋਈ ਕਾਨੂੰਨੀ ਸਮਰਥਨ ਹਾਸਲ ਨਹੀਂ ਹੈ, ਪਰ ਇਸ ਬਾਰੇ ਚੋਣ ਕਮਿਸ਼ਨ ਦੇ ਹੁਕਮ ਰਾਜਨੀਤਕ ਪਾਰਟੀਆਂ ਤੇ ਉਮੀਦਵਾਰਾਂ ਦੇ ਚੋਣ ਉੱਪਰ ਗਹਿਰਾ ਪ੍ਰਭਾਵ ਰੱਖਦੇ ਹਨ।

## ਆਦਰਸ਼ ਚੋਣ ਜ਼ਾਬਤਾ ਅਤੇ ਇਸ ਦਾ ਵਿਕਾਸ

ਆਜ਼ਾਦ ਅਤੇ ਨਿਰਪੱਖ ਚੋਣਾਂ ਲੋਕਤੰਤਰ ਦਾ ਮੂਲ ਸਿਧਾਂਤ ਹੈ, ਜੋ ਮਤਦਾਤਾਵਾਂ ਵਿਚਾਲੇ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਰੱਖਣ

ਲਈ ਸਾਰੇ ਉਮੀਦਵਾਰਾਂ ਅਤੇ ਸਾਰੇ ਰਾਜਨੀਤਕ ਸੰਗਠਨਾਂ ਨੂੰ ਬਰਾਬਰ ਦੇ ਮੌਕੇ ਅਤੇ ਬਰਾਬਰੀ ਦਾ ਪੱਧਰ ਪ੍ਰਦਾਨ ਕਰਦਾ ਹੈ। ਇਸ ਸੰਬੰਧ ਵਿਚ ਆਦਰਸ਼ ਚੋਣ ਜਾਬਤੇ ਦਾ ਇਕ ਖ਼ਾਸ ਮਹੱਤਵ ਹੈ, ਜੋ ਸਾਰੇ ਰਾਜਨੀਤਕ ਸਮੂਹਾਂ ਲਈ ਬਰਾਬਰੀ ਦਾ ਇਕੋ ਜਿਹਾ ਪੱਧਰ ਉਪਲਬਧ ਕਰਾਉਣ, ਪ੍ਰਚਾਰ ਅਭਿਆਨ ਨੂੰ ਨਿਰਪੱਖ ਅਤੇ ਸਿਹਤਮੰਦ ਰੱਖਣਾ ਅਤੇ ਸਮੂਹਾਂ ਵਿਚਾਲੇ ਝਗੜਿਆਂ ਅਤੇ ਵਿਵਾਦਾਂ ਨੂੰ ਟਾਲਣਾ ਹੈ। ਇਸ ਦਾ ਉਦੇਸ਼ ਕੇਂਦਰ ਜਾਂ ਰਾਜਾਂ ਦੀ ਸੱਤਾਧਾਰੀ ਪਾਰਟੀ ਨੂੰ ਆਮ ਚੋਣਾਂ ਵਿਚ ਅਨੁਚਿਤ ਲਾਹਾ ਲੈਣ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਨੂੰ ਰੋਕਣਾ ਹੈ। ਲੋਕਤੰਤਰ ਲਈ ਭਾਰਤੀ ਚੋਣ ਪ੍ਰਣਾਲੀ ਵਿਚ ਆਦਰਸ਼ ਚੋਣ ਜ਼ਾਬਤਾ ਮੁੱਖ ਯੋਗਦਾਨ ਪਾ ਰਿਹਾ ਹੈ।

ਐਮ ਸੀ ਸੀ ਰਾਜਨੀਤਕ ਦਲਾਂ ਅਤੇ ਖ਼ਾਸ ਕਰਕੇ ਉਮੀਦਵਾਰਾਂ ਲਈ ਆਚਰਣ ਅਤੇ ਵਿਵਹਾਰ ਦਾ ਮਾਨਕ ਹੈ। ਇਸ ਦੀ ਖ਼ੂਬੀ ਇਹ ਹੈ ਕਿ ਇਹ ਦਸਤਾਵੇਜ਼ ਰਾਜਨੀਤਕ ਦਲਾਂ ਦੀ ਸਹਿਮਤੀ ਨਾਲ ਹੋਂਦ ਵਿਚ ਆਇਆ ਅਤੇ ਵਿਕਸਤ ਹੋਇਆ। ਭਾਰਤ ਵਿਚ ਇਹ 1960 ਵਿਚ ਹੋਂਦ ਵਿਚ ਆਇਆ ਜਦ ਕੇਰਲ ਵਿਧਾਨ ਸਭਾ ਚੋਣਾਂ ਲਈ ਪਹਿਲੀ ਵਾਰ ਆਦਰਸ਼ ਵਿਹਾਰ ਦੇ ਨਿਯਮ ਤੈਅ ਕੀਤੇ ਗਏ, ਜਿਸ ਵਿਚ ਦੱਸਿਆ ਗਿਆ ਕਿ ਚੋਣਾਂ ਦੌਰਾਨ ਕੀ ਕਰੀਏ ਤੇ ਕੀ ਨਾ ਕਰੀਏ। ਇਸ ਜਾਬਤੇ ਵਿਚ ਜਲਸੇ, ਜਲੂਸ, ਭਾਸ਼ਨ, ਨਾਅਰੇ, ਪੋਸਟਰ ਅਤੇ ਪੱਟੀਆਂ ਸ਼ਾਮਿਲ ਸਨ। 1962 ਵਿਚ ਲੋਕ ਸਭਾ ਦੀਆਂ ਆਮ ਚੋਣਾਂ ਵਿਚ ਕਮਿਸ਼ਨ ਵਲੋਂ ਇਹ ਜ਼ਾਬਤਾ ਸਾਰੀਆਂ ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀਆਂ ਨੂੰ ਭੇਜਿਆ ਗਿਆ ਅਤੇ ਰਾਜ ਸਰਕਾਰਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਰਾਜਨੀਤਕ ਦਲਾਂ ਵਲੋਂ ਇਸ ਜਾਬਤੇ ਦੀ ਸਵੀਕਾਰਤਾ ਨੂੰ ਹਾਸਲ ਕਰਨ। 1962 ਦੀਆਂ ਆਮ ਚੋਣਾਂ ਮਗਰੋਂ ਪ੍ਰਾਪਤ ਰਿਪੋਰਟਾਂ ਤੋਂ ਇਹ ਉਜਾਗਰ ਹੋਇਆ ਕਿ ਵਧੇਰੇ ਕਰਕੇ ਇਸ ਜਬਤੇ ਦੀ ਪਾਲਣਾ ਕੀਤੀ ਗਈ ਹੈ। 1967 ਵਿਚ ਇਸ ਜਾਬਤੇ ਨੂੰ ਲੋਕ ਸਭਾ ਤੇ ਹੋਰ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਲਾਗੂ ਕੀਤਾ ਗਿਆ।

## ਆਦਰਸ਼ ਚੋਣ ਜ਼ਾਬਤਾ ਦਾ ਵਿਕਾਸ ਅਤੇ 1967 ਵਿਚ ਇਸ ਦਾ ਅਮਲ

1968 ਵਿਚ ਚੋਣ ਕਮਿਸ਼ਨ ਨੇ ਰਾਜ ਪੱਧਰ ਦੇ ਸਾਰੇ ਰਾਜਨੀਤਕ ਦਲਾਂ ਨਾਲ ਬੈਠਕਾਂ ਕੀਤੀਆਂ ਅਤੇ ਆਜ਼ਾਦ ਅਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਉਣ ਲਈ ਵਿਵਹਾਰ ਤੇ ਘੱਟੋ-ਘੱਟ ਮਾਨਕ ਦੇ ਪਾਲਨ ਸੰਬੰਧੀ ਆਦਰਸ਼ ਚੋਣ ਜ਼ਾਬਤਾ ਦੀ ਵੰਡ ਕੀਤੀ ਗਈ।

ਇਸ ਤੋਂ ਬਾਅਦ 1971-72 ਦੀਆਂ ਲੋਕ ਸਭਾ ਤੇ ਕੁਝ ਰਾਜਾਂ ਦੀਆਂ ਵਿਧਾਨ ਸਭਾ ਦੀਆਂ ਆਮ ਚੋਣਾਂ ਲਈ ਆਦਰਸ਼ ਚੋਣ ਜ਼ਾਬਤਾ ਬਾਰੇ ਸਰਕੂਲਰ ਮੁੜ ਜਾਰੀ ਕੀਤਾ ਗਿਆ।

1974 ਵਿਚ ਕੁਝ ਰਾਜ ਵਿਧਾਨ ਸਭਾਵਾਂ ਦੀਆਂ ਆਮ ਚੋਣਾਂ ਦੇ ਸਮੇਂ ਕਮਿਸ਼ਨ ਨੇ ਇਨ੍ਹਾਂ ਰਾਜਾਂ ਦੀਆਂ ਰਾਜਨੀਤਕ ਪਾਰਟੀਆਂ ਨੂੰ ਆਦਰਸ਼ ਚੋਣ ਜ਼ਾਬਤਾ ਜਾਰੀ ਕੀਤਾ। ਕਮਿਸ਼ਨ ਨੇ ਜ਼ਿਲ੍ਹਾ ਪੱਧਰ ਉਤੇ ਕਮੇਟੀਆਂ ਬਣਾਉਣ ਦਾ ਮਸ਼ਵਰਾ ਦਿਤਾ, ਜਿਸ ਵਿਚ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਨੁਮਾਇੰਦੇ ਸ਼ਾਮਿਲ ਹੋਣ, ਜੋ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਇਸ ਦੀ ਪਾਲਣਾ ਕਰਨਗੀਆਂ ਤੇ ਇਸ ਦੀ ਉਲੰਘਣਾ ਦੇ ਮਾਮਲੇ ਵੀ ਵੇਖਣ।

1977 ਦੀਆਂ ਲੋਕ ਸਭਾ ਦੀਆਂ ਆਮ ਚੋਣਾਂ ਦੌਰਾਨ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਚੋਣ ਜ਼ਾਬਤਾ ਮੁੜ ਤੋਂ ਜਾਰੀ ਕੀਤਾ ਗਿਆ।

1979 ਵਿਚ ਚੋਣ ਕਮਿਸ਼ਨ ਨੇ ਰਾਜਨੀਤਕ ਪਾਰਟੀਆਂ ਨਾਲ ਸਲਾਹ ਮਸ਼ਵਰਾ ਕਰਕੇ ਇਸ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਦੇ ਹੋਏ ਇਸ ਵਿਚ ਇਕ ਨਵਾਂ ਹਿੱਸਾ ਜੋੜਿਆ ਤਾਂ ਜੋ ਸੱਤਾਧਾਰੀ ਦਲ ਵਲੋਂ ਚੋਣਾਂ ਦੌਰਾਨ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਅਨੁਚਿਤ ਲਾਹਾ ਲੈਣ 'ਤੇ ਰੋਕ ਲਗਾਈ ਜਾ ਸਕੇ।

1991 ਵਿਚ ਆਦਰਸ਼ ਚੋਣ ਜਾਬਤੇ ਨੂੰ ਅੱਜ ਦੇ ਮੌਜੂਦਾ ਰੂਪ ਵਿਚ ਮੁੜ ਜਾਰੀ ਕੀਤਾ ਗਿਆ। ਮੌਜੂਦਾ ਜਾਬਤੇ ਵਿਚ ਰਾਜਨੀਤਕ ਪਾਰਟੀਆਂ ਤੇ ਉਮੀਦਵਾਰਾਂ ਦੇ ਆਮ ਵਿਵਹਾਰ ਬਾਰੇ ਵੱਖ-ਵੱਖ ਦਿਸ਼ਾ ਨਿਰਦੇਸ਼ ਹਨ। ਕਿਸੇ ਦੇ ਨਿੱਜੀ ਜੀਵਨ 'ਤੇ ਹਮਲਾ ਨਾ ਕਰਨਾ, ਫਿਰਕੂ ਭਾਵਨਾ ਉਪਰ ਵੋਟਾਂ ਦੀ ਅਪੀਲ ਨਾ ਕਰਨਾ। ਮੀਟਿੰਗਾਂ, ਜਲਸਿਆਂ, ਜਲੂਸਾਂ ਦੌਰਾਨ ਅਨੁਸ਼ਾਸਨ ਨੂੰ ਬਣਾਈ ਰੱਖਣਾ, ਸੱਤਾਧਾਰੀ ਪਾਰਟੀ ਵਲੋਂ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਨੂੰ ਰੋਕਣਾ। ਮੰਤਰੀਆਂ ਤੇ ਦੂਜੀਆਂ ਅਥਾਰਿਟੀਆਂ ਵਲੋਂ ਗਰਾਂਟ ਤੇ ਨਵੀਆਂ ਸਕੀਮਾਂ 'ਤੇ ਰੋਕ ਆਦਿ ਸ਼ਾਮਿਲ ਹਨ। ਸਰਕਾਰੀ ਖਰਚੇ ਉਪਰ ਇਸ਼ਤਿਹਾਰ ਦੇਣ 'ਤੇ ਪਾਬੰਦੀ ਹੈ ਤੇ ਮੰਤਰੀ ਆਪਣੇ ਸਰਕਾਰੀ ਦੌਰੇ ਨੂੰ ਚੋਣ ਪ੍ਰੋਗਰਾਮ ਨਾਲ ਨਹੀਂ ਜੋੜ ਸਕਦੇ। ਇਨ੍ਹਾਂ ਸਭ ਦਾ ਮੰਤਵ ਇਹੋ ਹੈ ਕਿ ਚੋਣ ਮੈਦਾਨ ਵਿਚ ਨਿੱਤਰੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਤੇ ਉਮੀਦਵਾਰਾਂ ਨੂੰ ਬਰਾਬਰ ਦੇ ਮੌਕੇ ਤੇ ਬਰਾਬਰੀ ਦਾ ਪੱਧਰ ਦਿਤਾ ਜਾਵੇ।

ਆਦਰਸ਼ ਚੋਣ ਜਾਬਤੇ ਨੂੰ ਦੇਸ਼ ਦੀ ਸਰਵਉੱਚ ਅਦਾਲਤ ਦੀ ਨਿਆਂਇਕ ਮਾਨਤਾ ਹਾਸਲ ਹੈ। ਭਾਰਤ ਸਰਕਾਰ ਬਨਾਮ, ਹਰਬੰਸ ਸਿੰਘ ਜਲਾਲ ਅਤੇ ਹੋਰਨਾਂ ਵਲੋਂ ਦਾਇਰ ਵਿਸ਼ੇਸ਼ ਲੀਵ ਪਟੀਸ਼ਨ 12 ਹਜ਼ਾਰ 724, ਜਿਸ ਦਾ ਫੈਸਲਾ 26 ਅਪ੍ਰੈਲ 2001 ਵਿਚ ਸੁਣਾਇਆ ਗਿਆ। ਅਦਾਲਤ ਨੇ ਇਹ ਫੈਸਲਾ ਦਿਤਾ ਕਿ ਆਦਰਸ਼ ਚੋਣ ਜ਼ਾਬਤਾ ਉਸ ਦਿਨ ਤੋਂ ਹੀ ਅਮਲ ਵਿਚ ਆਵੇਗਾ, ਜਿਸ ਦਿਨ ਚੋਣ ਕਮਿਸ਼ਨ ਚੋਣਾਂ ਸੰਬੰਧੀ ਐਲਾਨ ਕਰਦਾ ਹੈ। ਇਸ ਫੈਸਲੇ ਨਾਲ ਇਹ ਵਿਵਾਦ ਹਮੇਸ਼ਾ ਲਈ ਖ਼ਤਮ ਹੋ ਗਿਆ ਕਿ ਚੋਣ ਜ਼ਾਬਤਾ ਕਦੋਂ ਤੋਂ ਅਮਲ ਵਿਚ ਆਉਣਾ ਚਾਹੀਦਾ ਹੈ।

## ਚੋਣ ਕਮਿਸ਼ਨ ਦੇ ਨਜ਼ਰੀਏ ਵਿਚ ਆਦਰਸ਼ ਜਾਬਤੇ ਦੀ ਕਾਨੂੰਨੀ ਸਥਿਤੀ

ਕੁਝ ਵਰਗਾਂ ਵਿਚ ਇਹ ਵਿਚਾਰ ਹੈ ਕਿ ਆਦਰਸ਼ ਚੋਣ ਜਾਬਤੇ ਨੂੰ ਕਾਨੂੰਨੀ ਦਰਜਾ ਦਿਤਾ ਜਾਵੇ। ਚੋਣ ਕਮਿਸ਼ਨ ਨੇ ਇਸ ਨੂੰ ਅਜਿਹਾ ਦਰਜਾ ਦੇਣ ਦੇ ਵਿਰੁੱਧ ਫੈਸਲਾ ਲਿਆ ਹੈ। ਕਮਿਸ਼ਨ ਦਾ ਵਿਚਾਰ ਹੈ ਕਿ ਅਜਿਹਾ ਕਰਨ ਨਾਲ ਇਸ ਦੇ ਨਤੀਜੇ ਉਲਟੇ ਸਾਬਤ ਹੋ ਸਕਦੇ ਹਨ। ਸਾਡੇ ਦੇਸ਼ ਵਿਚ ਚੋਣਾਂ ਬਹੁਤ ਹੀ ਘੱਟ ਸਮੇਂ ਵਿਚ ਮੁਕੰਮਲ ਕਰਵਾਈਆਂ ਜਾਂਦੀਆਂ ਹਨ। ਚੋਣ ਪ੍ਰੋਗਰਾਮ ਦਾ ਐਲਾਨ ਹੋਣ ਮਗਰੋਂ ਆਮ ਚੋਣਾਂ 45 ਦਿਨਾਂ ਦੇ ਅੰਦਰ ਮੁਕੰਮਲ ਹੋ ਜਾਂਦੀਆਂ ਹਨ। ਇਸ ਲਈ ਇਸੇ ਸਮੇਂ ਦੌਰਾਨ ਹੀ ਚੋਣ ਜਾਬਤੇ ਦੀ ਉਲੰਘਣਾ ਸੰਬੰਧੀ ਮਾਮਲਿਆਂ ਨੂੰ ਨਿਪਟਾਉਣ ਦਾ ਉਚਿਤ ਸਮਾਂ ਤੇ ਮਹੱਤਵ ਹੈ, ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਚੋਣ ਜਾਬਤੇ ਦੀ ਭਾਵਨਾ ਦਬ ਕੇ ਰਹਿ ਜਾਵੇਗੀ, ਜੇ ਆਦਰਸ਼ ਚੋਣ ਜਾਬਤੇ ਨੂੰ ਕਾਨੂੰਨ ਵਿਚ ਬਦਲ ਦਿਤਾ ਗਿਆ ਤਾਂ ਇਸ ਦਾ ਮਤਲਬ ਹੋਵੇਗਾ ਕਿ ਸ਼ਿਕਾਇਤ ਪਹਿਲਾਂ ਪੁਲਿਸ ਦੇ ਮੈਜਿਸਟਰੇਟ ਕੋਲ ਜਾਵੇਗੀ। ਨਿਆਂ ਅਮਲ ਵਿਚੋਂ ਲੰਘਦਿਆਂ ਬਹੁਤ

ਦੇਰ ਹੋ ਜਾਵੇਗੀ ਤੇ ਇਸ ਦਾ ਮਤਲਬ ਇਹ ਹੋਵੇਗਾ ਕਿ ਇਨ੍ਹਾਂ ਸ਼ਿਕਾਇਤਾਂ ਦਾ ਫੈਸਲਾ ਉਦੋਂ ਆਵੇਗਾ ਜਦੋਂ ਚੋਣਾਂ ਦਾ ਅਮਲ ਮੁਕੰਮਲ ਹੋ ਚੁੱਕਾ ਹੋਵੇਗਾ।

## ਚੋਣ ਜ਼ਾਬਤਾ ਵਿਕਾਸ ਸਗਰਮੀਆਂ ਵਿਚ ਰੁਕਾਵਟ ਨਹੀਂ

ਅਕਸਰ ਇਹ ਸ਼ਿਕਾਇਤਾਂ ਸੁਣਨ ਨੂੰ ਮਿਲਦੀਆਂ ਹਨ ਕਿ ਆਦਰਸ਼ ਚੋਣ ਜ਼ਾਬਤਾ ਵਿਕਾਸ ਸਰਗਰਮੀਆਂ ਵਿਚ ਰੋੜਾ ਬਣਦਾ ਹੈ, ਪਰ ਜਾਬਤੇ ਦੇ ਅਮਲ ਸਮੇਂ ਚੱਲ ਰਹੇ ਵਿਕਾਸ ਕਾਰਜ ਬਿਨਾਂ ਕਿਸੇ ਰੁਕਾਵਟ ਜਾਰੀ ਰਹਿ ਸਕਦੇ ਹਨ ਪਰ ਨਵੇਂ ਵਿਕਾਸ ਪ੍ਰਜੈਕਟ ਸ਼ੁਰੂ ਨਹੀਂ ਕੀਤੇ ਜਾ ਸਕਦੇ ਤੇ ਇਹ ਚੋਣ ਅਮਲ ਮੁਕੰਮਲ ਹੋਣ ਦੇ ਬਾਅਦ ਹੀ ਹੱਥ ਵਿਚ ਲਏ ਜਾ ਸਕਦੇ ਹਨ, ਪਰ ਕੋਈ ਅਜਿਹਾ ਕਾਰਜ ਜਿਵੇਂ ਆਫ਼ਤ ਦੀ ਸਥਿਤੀ ਵਿਚ ਰਾਹਤ ਕਾਰਜ ਵਰਗੇ, ਜਿਨ੍ਹਾਂ ਨੂੰ ਟਾਲਿਆ ਨਹੀਂ ਜਾ ਸਕਦਾ, ਉਨ੍ਹਾਂ ਨੂੰ ਪ੍ਰਵਾਨਗੀ ਲਈ ਚੋਣ ਕਮਿਸ਼ਨ ਨੂੰ ਭੇਜਿਆ ਜਾ ਸਕਦਾ ਹੈ।

ਇਥੇ ਇਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਵਲੋਂ ਡਾਕਟਰ ਨੂਤਨ ਠਾਕੁਰ ਬਨਾਮ ਭਾਰਤ ਦਾ ਚੋਣ ਕਮਿਸ਼ਨ ਰਿੱਟ ਪਟੀਸ਼ਨ ਨੰਬਰ 1361 ਬਾਰੇ 16 ਫ਼ਰਵਰੀ 2012 ਨੂੰ ਦਿਤੇ ਗਏ ਫੈਸਲੇ ਦਾ ਜ਼ਿਕਰ ਕਰਨਾ ਉੱਚਿਤ ਹੋਵੇਗਾ। ਫੈਸਲੇ ਵਿਚ ਕਿਹਾ ਗਿਆ ਕਿ ਇਕ ਜਨ ਪ੍ਰਤਿਨਿਧੀ ਨੂੰ ਚੋਣਾਂ ਮਗਰੋਂ ਪੰਜ ਸਾਲਾਂ ਲਈ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦਾ ਮੌਕਾ ਮਿਲਦਾ ਹੈ। ਚੋਣਾਂ ਪਾਰਲੀਮੈਂਟ ਜਾਂ ਅਸੈਂਬਲੀ ਨੂੰ ਪਹਿਲਾਂ ਭੰਗ ਨਾ ਕੀਤੇ ਜਾਣ ਦੀ ਸੂਰਤ ਵਿਚ ਆਮ ਤੌਰ ਤੇ ਇਨ੍ਹਾਂ ਦਾ ਕਾਰਜਕਾਲ ਖਤਮ ਹੋਣ ਦੇ ਨੇੜੇ ਕਰਵਾਈਆਂ ਜਾਂਦੀਆਂ ਹਨ।

ਇਸ ਤਰ੍ਹਾਂ ਜਨ ਪ੍ਰਤਿਨਿਧੀ ਨੂੰ ਰਾਸ਼ਟਰ ਪ੍ਰਤਿ ਆਪਣੀਆਂ ਸੇਵਾਵਾਂ ਈਮਾਨਦਾਰੀ ਤੇ ਨਿਰਪੱਖਤਾ ਨਾਲ ਨਿਭਾਉਣ ਦਾ ਪੂਰਾ ਮੌਕਾ ਮਿਲਦਾ ਹੈ ਤੇ ਜੇ ਕਿਸੇ ਮਾਮਲੇ ਵਿਚ ਉਹ ਅਜਿਹੇ ਸਮੇਂ ਵਿਚ ਕਿਸੇ ਅਹੁਦੇ ਜਾਂ ਵਿਰੋਧੀ ਧਿਰ ਵਿਚ ਰਹਿੰਦਿਆਂ ਅਜਿਹਾ ਕਰਨ ਵਿਚ ਅਸਫਲ ਰਹਿੰਦਾ ਹੈ ਤਾਂ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਹੋਣ ਮਗਰੋਂ ਜੇ ਲੋਕਾਂ ਨੂੰ ਭਰਮਾਉਣ ਲਈ ਜਾਂ ਕੋਈ ਲਾਲਚ ਦੇਣ ਵਾਸਤੇ ਕੋਈ ਬਿਆਨਬਾਜ਼ੀ ਕਰਦਾ ਹੈ ਤਾਂ ਇਹ ਉਸ ਦੇ ਅਨੁਚਿਤ ਵਿਵਹਾਰ ਦੀ ਉਦਾਹਰਨ ਹੋਵੇਗੀ।

## ਰਾਜਸੀ ਪਾਰਟੀਆਂ ਤੇ ਉਮੀਦਵਾਰਾਂ ਲਈ ਆਦਰਸ਼ ਚੋਣ ਜ਼ਾਬਤਾ

***ਆਮ ਵਿਵਹਾਰ :*** (ੳ) ਕੋਈ ਵੀ ਪਾਰਟੀ ਜਾਂ ਉਮੀਦਵਾਰ ਅਜਿਹੀ ਕਿਸੇ ਸਰਗਰਮੀ ਵਿਚ ਸ਼ਾਮਿਲ ਨਹੀਂ ਹੋਵੇਗਾ, ਜਿਸ ਨਾਲ ਆਪਸੀ ਨਫ਼ਰਤ ਪੈਦਾ ਹੋਵੇ ਜਾਂ ਜਿਸ ਨਾਲ ਤਣਾਅ ਪੈਦਾ ਹੋਵੇ। ਭਾਈਚਾਰਕ, ਧਾਰਮਿਕ ਅਤੇ ਭਾਸ਼ਾਈ ਜਾਂ ਜਾਤੀ ਦੇ ਤੌਰ ਤੇ ਮਤਭੇਦ ਪੈਦਾ ਹੋਣ।

(ਅ) ਚੋਣ ਮੁਹਿੰਮ ਦੌਰਾਨ ਕੋਈ ਪਾਰਟੀ ਜਾਂ ਉਮੀਦਵਾਰ ਅਜਿਹੀ ਸਰਗਰਮੀ ਵਿਚ ਸ਼ਾਮਿਲ ਨਹੀਂ ਹੋਵੇਗਾ ਜਿਸ ਨਾਲ ਆਪਸੀ ਨਫ਼ਰਤ ਪੈਦਾ ਹੋਵੇ। ਵੱਖ-ਵੱਖ ਜਾਤਾਂ ਤੇ ਫ਼ਿਰਕਿਆਂ ਵਿਚਾਲੇ ਤਣਾਅ ਪੈਦਾ ਹੋਵੇ। ਧਾਰਮਿਕ ਤੇ ਭਾਸ਼ਾਈ ਭਾਵਨਾ ਦੀ ਉਲੰਘਣਾ ਹੋਵੇ। ਦੂਜੀਆਂ ਰਾਜਨੀਤਕ ਪਾਰਟੀਆਂ ਦੀ ਨੁਕਤਾਚੀਨੀ ਦੀ ਥਾਂ ਤੇ ਪਰਟੀਆਂ ਆਪਣੇ ਆਪ ਨੂੰ ਨੀਤੀਆਂ ਪ੍ਰੋਗਰਾਮਾਂ, ਆਪਣੇ ਕੰਮਕਾਜ ਤੇ ਪਿਛਲੇ ਰਿਕਾਰਡ ਤਕ ਸੀਮਤ ਰੱਖਣ। ਪਾਰਟੀਆਂ ਤੇ ਉਮੀਦਵਾਰ ਕਿਸੇ ਦੀ ਨਿੱਜੀ ਜ਼ਿੰਦਗੀ ਨਾਲ ਸੰਬੰਧਿਤ ਵੱਖ-ਵੱਖ ਪਹਿਲੂਆਂ ਦੀ ਆਲੋਚਨਾ ਕਰਨ ਤੋਂ ਦੂਰ ਰਹਿਣ। ਦੂਜੀਆਂ ਪਾਰਟੀਆਂ ਜਾਂ ਉਨ੍ਹਾਂ ਦੇ ਵਰਕਰਾਂ ਉਪਰ ਗਲਤ ਬਿਆਨਬਾਜ਼ੀ ਤੇ ਅਪੁਸ਼ਟ ਇਲਜ਼ਾਮ ਲਗਾਉਣ ਤੋਂ ਪ੍ਰਹੇਜ਼ ਕਰਨ।

(ੲ) ਵੋਟਾਂ ਪ੍ਰਾਪਤ ਕਰਨ ਦੇ ਮੰਤਵ ਨਾਲ ਜਾਤ ਜਾਂ ਫ਼ਿਰਕੇ ਦੇ ਆਧਾਰ ਉਪਰ ਕੋਈ ਅਪੀਲ ਨਹੀਂ ਕੀਤੀ ਜਾ ਸਕਦੀ। ਚੋਣ ਪ੍ਰਚਾਰ ਵਾਸਤੇ ਧਾਰਮਿਕ ਅਸਥਾਨਾਂ ਮੰਦਰ, ਮਸਜਿਦ, ਚਰਚ, ਗੁਰਦੁਆਰਾ ਆਦਿ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।

(ਸ) ਸਾਰੀਆਂ ਪਾਰਟੀਆਂ ਤੇ ਉਮੀਦਵਾਰ ਚੋਣ ਕਾਨੂੰਨ ਹੇਠ ਭ੍ਰਿਸ਼ਟ ਤਰੀਕਿਆਂ ਨਾਲ ਸੰਬੰਧਿਤ ਸਾਰੀਆਂ ਸਰਗਰਮੀਆਂ ਤੋਂ ਗੁਰੇਜ਼ ਕਰਨਗੇ, ਜਿਵੇਂ ਕਿ ਵੋਟਰਾਂ ਨੂੰ ਰਿਸ਼ਵਤ ਦੇਣੀ, ਉਨ੍ਹਾਂ ਨੂੰ ਡਰਾਉਣਾ, ਧਮਕਾਉਣਾ, ਭਰਮਾਉਣਾ ਆਦਿ। ਮਤਦਾਨ ਕੇਂਦਰਾਂ ਦੇ 100 ਮੀਟਰ ਦੇ ਦਾਇਰੇ ਵਿਚ ਪ੍ਰਚਾਰ ਨਾ ਕਰਨਾ। ਮਤਦਾਨ ਖਤਮ ਹੋਣ ਦੇ ਸਮੇਂ ਤੋਂ ਪਹਿਲਾਂ ਦੇ 48 ਘੰਟਿਆਂ ਦੇ ਸਮੇਂ ਦੌਰਾਨ ਜਨਤਕ ਮੀਟਿੰਗਾਂ ਕਰਨ ਤੋਂ ਗੁਰੇਜ਼ ਕਰਨਾ ਤੇ ਮਤਦਾਨ ਕੇਂਦਰਾਂ ਤਕ ਵੋਟਰਾਂ ਨੂੰ ਲਿਜਾਉਣ ਤੇ ਵਾਪਸ ਲਿਆਉਣ ਲਈ ਟ੍ਰਾਂਸਪੋਰਟ ਆਦਿ ਮੁਹੱਈਆ ਨਾ ਕਰਾਉਣਾ।

(ਹ) ਰਾਜਨੀਤਕ ਪਾਰਟੀਆਂ ਤੇ ਉਮੀਦਵਾਰ ਆਪਣੀਆਂ ਸਰਗਰਮੀਆਂ ਇਸ ਢੰਗ ਨਾਲ ਚਲਾਉਣ ਕਿ ਕਿਸੇ ਵਿਅਕਤੀ ਦੇ ਅਮਨ ਪੂਰਵਕ ਤੇ ਨਿਰਵਿਘਨ ਘਰੇਲੂ ਜੀਵਨ ਦੇ ਹੱਕ ਦਾ ਪੂਰਾ ਸਨਮਾਨ ਕੀਤਾ ਜਾਵੇ। ਕਿਸੇ ਦੇ ਵਿਚਾਰਾਂ ਜਾਂ ਸਰਗਰਮੀਆਂ ਦੇ ਵਿਰੋਧ ਵਿਚ ਕਿਸੇ ਵਿਅਕਤੀ ਦੇ ਘਰ ਅੱਗੇ ਪ੍ਰਦਰਸ਼ਨ ਆਦਿ ਕਰਨ ਤੋਂ ਹਰ ਹਾਲਤ ਵਿਚ ਬਚਿਆ ਜਾਵੇ।

(ਕ) ਕੋਈ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਆਪਣੇ ਵਰਕਰਾਂ ਨੂੰ ਕਿਸੇ ਨਿੱਜੀ ਜ਼ਮੀਨ, ਇਮਾਰਤ ਤੇ ਕੰਪਊਂਡ ਦੇ ਮਾਲਕ ਦੀ ਇਜਾਜ਼ਤ ਤੋਂ ਬਿਨਾਂ ਆਪਣੇ ਵਰਕਰਾਂ ਨੂੰ ਇਨ੍ਹਾਂ ਥਾਵਾਂ ਉਪਰ ਝੰਡੇ, ਬੈਨਰ, ਪੋਸਟਰ ਤੇ ਕੰਧਾਂ ਉਪਰ ਨਾਅਰੇ ਲਿਖਣ ਆਦਿ ਦੀ ਪ੍ਰਵਾਨਗੀ ਨਹੀਂ ਦੇਣਗੇ।

(ਖ) ਰਾਜਨੀਤਕ ਪਾਰਟੀਆਂ ਅਤੇ ਉਮੀਦਵਾਰ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਸਮਰਥਕ ਦੂਜੀਆਂ ਪਾਰਟੀਆਂ ਵਲੋਂ ਆਯੋਜਿਤ ਬੈਠਕਾਂ ਜਾਂ ਜਲੂਸਾਂ ਵਿਚ ਵਿਘਨ ਨਾ ਪਾਉਣ। ਕਿਸੇ ਰਾਜਨੀਤਕ ਪਾਰਟੀ ਦੇ ਕਾਰਜਕਰਤਾ ਜਾਂ ਹਮਾਇਤੀ ਕਿਸੇ ਦੂਸਰੇ ਰਾਜਨੀਤਕ ਪਾਰਟੀ ਦੀ ਬੈਠਕ ਵਿਚ ਸਵਾਲ ਪੁੱਛ ਕੇ ਜਾਂ ਆਪਣੀ ਪਾਰਟੀ ਦੇ ਇਸ਼ਤਿਹਾਰ ਵਗੈਰਾ ਵੰਡ ਕੇ ਗੜਬੜੀ ਪੈਦਾ ਕਰਨ ਦੇ ਯਤਨ ਨਹੀਂ ਕਰਨਗੇ, ਜਿਸ ਥਾਂ ਉਪਰ ਕਿਸੇ ਹੋਰ ਪਾਰਟੀ ਵਲੋਂ ਬੈਠਕ ਚੱਲ ਰਹੀ ਹੋਵੇ ਦੂਸਰੀ ਪਾਰਟੀ ਨੂੰ ਉਸ ਪਾਸੇ ਜਲੂਸ ਲੈ ਕੇ ਨਹੀਂ ਜਾਣਾ ਚਾਹੀਦਾ। ਕਿਸੇ ਇਕ ਪਾਰਟੀ ਵਲੋਂ ਲਗਾਏ ਗਏ ਪੋਸਟਰ ਦੂਜੀ ਪਾਰਟੀ ਦੇ ਕਾਰਜ-ਕਰਤਾਵਾਂ ਵਲੋਂ ਹਟਾਏ ਨਾ ਜਾਣ।

### ਜਨਤਕ ਸਭਾਵਾਂ

(ੳ) ਕੋਈ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਆਪਣੀ ਪ੍ਰਸਤਾਵਿਤ ਬੈਠਕ ਦੀ ਥਾਂ ਅਤੇ ਸਮੇਂ ਬਾਰੇ ਅਗੇਤੀ ਜਾਣਕਾਰੀ ਸਥਾਨਕ ਪੁਲਿਸ ਨੂੰ ਦੇਣਗੇ ਤਾਂ ਜੋ ਅਮਨ ਤੇ ਕਾਨੂੰਨ ਨੂੰ ਕਾਇਮ ਰੱਖਣ ਵਾਸਤੇ ਤੇ ਟ੍ਰੈਫਿਕ 'ਤੇ ਕਾਬੂ ਪਾਉਣ ਲਈ ਪੁਲਿਸ ਵਲੋਂ ਲੋੜੀਂਦੇ ਪ੍ਰਬੰਧ ਕੀਤੇ ਜਾਣ।

(ਅ) ਰਾਜਨੀਤਕ ਪਾਰਟੀਆਂ ਤੇ ਉਮੀਦਵਾਰ ਅਗਾਊਂ ਤੋਂ ਇਹ ਜਾਣਕਾਰੀ ਹਾਸਲ ਕਰਨ ਕਿ ਜਿਥੇ ਬੈਠਕ ਆਯੋਜਿਤ ਕੀਤੀ ਜਾਣੀ ਹੈ ਉਥੇ ਕੋਈ ਪਾਬੰਦੀ ਦੇ ਹੁਕਮ ਤਾਂ ਲਾਗੂ ਨਹੀਂ ਹਨ।

ਜੇ ਅਜਿਹੇ ਕੋਈ ਹੁਕਮ ਹੋਣ ਤਾਂ ਉਸ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। ਜੇ ਕੋਈ ਇਸ ਪਾਬੰਦੀ ਤੋਂ ਛੋਟ ਚਾਹੁੰਦਾ ਹੈ ਤਾਂ ਉਸ ਨੂੰ ਸਮੇਂ ਰਹਿੰਦਿਆਂ ਹੀ ਇਸ ਲਈ ਬੇਨਤੀ ਤੇ ਇਜਾਜ਼ਤ ਲੈਣ ਹੋਵੇਗੀ।

(ੲ) ਪ੍ਰਸਤਾਵਿਤ ਬੈਠਕ ਦੇ ਸੰਬੰਧ ਵਿਚ ਲਾਊਡ ਸਪੀਕਰ ਦੇ ਇਸਤੇਮਾਲ ਜਾਂ ਕਿਸੇ ਹੋਰ ਸਹੂਲਤ ਬਾਰੇ ਜੇ ਇਜਾਜ਼ਤ ਜਾਂ ਲਾਇਸੰਸ ਲੋੜੀਂਦਾ ਹੈ ਤਾਂ ਪਾਰਟੀ ਜਾਂ ਉਮੀਦਵਾਰ ਨੂੰ ਸੰਬੰਧਿਤ ਅਥਾਰਿਟੀ ਕੋਲੋਂ ਪਹਿਲਾਂ ਬੇਨਤੀ ਕਰਕੇ ਅਜਿਹੀ ਇਜਾਜ਼ਤ ਜਾਂ ਲਾਇਸੰਸ ਲੈਣਾ ਚਾਹੀਦਾ ਹੈ।

(ਸ) ਜਨਸਭਾ ਦੇ ਆਯੋਜਕ ਬੈਠਕ ਵਿਚ ਗੜਬੜੀ ਕਰਨ ਜਾਂ ਅਫ਼ਰਾ-ਤਫ਼ਰੀ ਦਾ ਮਾਹੌਲ ਪੈਦਾ ਕਰਨ ਦੇ ਯਤਨ ਨਾਲ ਨਜਿੱਠਣ ਵਾਸਤੇ ਡਿਊਟੀ 'ਤੇ ਤੈਨਾਤ ਪੁਲਿਸ ਦੀ ਸਹਾਇਤਾ ਲੈਣਗੇ। ਅਜਿਹੇ ਵਿਅਕਤੀਆਂ ਵਿਰੁੱਧ ਆਯੋਜਕ ਆਪਣੇ ਤੌਰ ਤੇ ਕੋਈ ਕਦਮ ਨਹੀਂ ਚੁੱਕਣਗੇ।

### ਜਲੂਸ

(ੳ) ਕਿਸੇ ਵੀ ਪਾਰਟੀ ਜਾਂ ਉਮੀਦਵਾਰ ਵਲੋਂ ਜਲੂਸ ਕੱਢਣ ਦੇ ਸਮੇਂ, ਥਾਂ ਅਤੇ ਰਸਤੇ ਦਾ ਪਹਿਲਾਂ ਹੀ ਫੈਸਲਾ ਕਰਨਾ ਚਾਹੀਦਾ ਹੈ ਤੇ ਜਲੂਸ ਸਮੇਂ ਇਸ ਪ੍ਰੋਗਰਾਮ ਦੀ ਪਾਲਣਾ ਕਰਨੀ ਚਾਹੀਦੀ ਹੈ।

(ਅ) ਪ੍ਰਬੰਧਕ ਸੰਬੰਧਿਤ ਜਲੂਸ ਬਾਰੇ ਆਗਾਊਂ ਜਾਣਕਾਰੀ ਸਥਾਨਕ ਪੁਲਿਸ ਅਧਿਕਾਰਜ਼ੀਆਂ ਨੂੰ ਦੇਣਗੇ ਤਾਂ ਜੋ ਉਹ ਲੋੜੀਂਦੇ ਪ੍ਰਬੰਧ ਕਰਨ ਦੇ ਸਮਰਥ ਹੋ ਸਕੇ।

(ੲ) ਪ੍ਰਬੰਧਕਾਂ ਵਲੋਂ ਇਹ ਪਤਾ ਲਗਾਇਆ ਜਾਣਾ ਚਾਹੀਦਾ ਹੈ ਕਿ ਜਿਸ ਰਸਤੇ ਤੋਂ ਜਲੂਸ ਜਾਣਾ ਹੈ, ਉਸ ਦੀ ਕਿਸੇ ਆਬਾਦੀ ਵਿਚ ਕੋਈ ਪਾਬੰਦੀ ਦੇ ਹੁਕਮ ਤਾਂ ਨਹੀਂ ਹਨ, ਜੇ ਯੋਗ ਅਧਿਕਾਰੀ ਵਲੋਂ ਵਿਸ਼ੇਸ਼ ਛੋਟ ਨਹੀਂ ਦਿਤੀ ਜਾਂਦੀ ਤਾਂ ਮਨਾਹੀ ਦੇ ਹੁਕਮਾਂ ਦੀ ਪਾਲਣਾ ਕੀਤੀ ਜਾਵੇ। ਟ੍ਰੈਫ਼ਿਕ ਨਿਯਮਾਂ ਜਾਂ ਕਿਸੇ ਹੋਰ ਪਾਬੰਦੀ ਦਾ ਵੀ ਪੂਰਾ ਧਿਆਨ ਰੱਖਿਆ ਜਾਵੇ।

(ਸ) ਪ੍ਰਬੰਧਕ ਅਗਾਊਂ ਹੀ ਅਜਿਹੇ ਪ੍ਰਬੰਧ ਕਰਨਗੇ, ਜਿਸ ਨਾਲ ਜਲੂਸ ਦੇ ਸਮੇਂ ਟ੍ਰੈਫ਼ਿਕ ਵਿਚ ਕੋਈ ਵਿਘਨ ਨਾ ਪਵੇ, ਜੇ ਜਲੂਸ ਬਹੁਤ ਲੰਬਾ ਹੋਵੇ ਤਾਂ ਉਸ ਨੂੰ ਟੁਕੜਿਆਂ ਵਿਚ ਇਸ ਹਿਸਾਬ ਨਾਲ ਵੰਡਿਆ ਜਾਵੇ ਕਿ ਲਾਂਘੇ ਵਾਲੀਆਂ ਸੜਕਾਂ 'ਤੇ ਇਨ੍ਹਾਂ ਨੂੰ ਕੁਝ ਦੇਰ ਵਾਸਤੇ ਰੋਕ ਕੇ ਟ੍ਰੈਫ਼ਿਕ ਨੂੰ ਲੰਘਾਇਆ ਜਾ ਸਕੇ।

(ਹ) ਜਿਥੋਂ ਤਕ ਸੰਭਵ ਹੋਵੇ ਜਲੂਸ ਨੂੰ ਸੜਕ ਦੇ ਸੱਜੇ ਪਾਸੇ ਰੱਖਿਆ ਜਾਵੇ ਤੇ ਇਸ ਸੰਬੰਧ ਵਿਚ ਪੁਲਿਸ ਦੀ ਸਲਾਹ ਅਤੇ ਨਿਰਦੇਸ਼ਾਂ ਦੀ ਪੂਰੀ ਪਾਲਣਾ ਕੀਤੀ ਜਾਵੇ।

(ਕ) ਜੇ ਦੋ ਜਾਂ ਉਸ ਤੋਂ ਵਧੇਰੇ ਰਾਜਨੀਤਕ ਪਾਰਟੀਆਂ ਜਾਂ ਉਮੀਦਵਾਰ ਇਕੋ ਹੀ ਰਸਤੇ 'ਤੇ ਜਾਂ ਉਸ ਦੇ ਕਿਸੇ ਹਿੱਸੇ ਵਿਚ ਇਕੋ ਹੀ ਸਮੇਂ ਜਲੂਸ ਕੱਢਣ ਦੀ ਤਜਵੀਜ਼ ਰੱਖਦੇ ਹੋਣ ਤਾਂ ਪ੍ਰਬੰਧਕ ਇਸ ਤਰ੍ਹਾਂ ਦੇ ਪ੍ਰਬੰਧ ਨੂੰ ਯਕੀਨੀ ਬਣਾਉਣਗੇ ਤੇ ਅਜਿਹੇ ਕਦਮ ਚੁੱਕਣਗੇ ਤੇ ਇਸ ਤਰ੍ਹਾਂ ਦਾ ਪ੍ਰਬੰਧ ਕਰਨਗੇ ਕਿ ਦੋਵੇਂ ਜਲੂਸਾਂ ਦਾ ਆਪਸ ਵਿਚ ਸਾਹਮਣਾ ਨਾ ਹੋਵੇ ਤੇ ਟ੍ਰੈਫ਼ਿਕ ਵਿਚ ਰੁਕਾਵਟ ਨਾ ਆਵੇ। ਤਸੱਲੀਯੋਗ ਪ੍ਰਬੰਧਾਂ ਤੇ ਪਹੁੰਚਣ ਵਾਸਤੇ ਸਥਾਨਕ ਪੁਲਿਸ ਦੀ ਸਹਾਇਤੀ ਲਈ ਜਾਵੇ। ਇਸ ਮੰਤਵ ਲਈ ਪਾਰਟੀਆਂ ਪਹਿਲਾਂ ਉਪਲਬਧ ਮੌਕੇ 'ਤੇ ਪੁਲਿਸ ਨਾਲ ਸੰਪਰਕ ਕਰਨਗੀਆਂ।

(ਖ) ਰਾਜਨੀਤਕ ਪਾਰਟੀਆਂ ਤੇ ਉਮੀਦਵਾਰ ਜਲੂਸ ਵਿਚ ਸ਼ਾਮਿਲ ਲੋਕਾਂ ਕੋਲ ਸਮੱਗਰੀ ਨੂੰ ਘੱਟ ਤੋਂ ਘੱਟ ਰੱਖਣਗੇ ਖ਼ਾਸ ਕਰਕੇ ਅਜਿਹੀ ਸਮੱਗਰੀ ਨੂੰ ਜਿਸ ਦੀ ਉਤੇਜਨਾ ਦੇ ਸਮੇਂ ਅਣਚਾਹੇ ਅਨਸਰਾਂ ਵਲੋਂ ਗਲਤ ਵਰਤੋਂ ਕੀਤੀ ਜਾ ਸਕਦੀ ਹੈ। ਕਿਸੇ ਵੀ ਪਾਰਟੀ ਜਾਂ ਉਮੀਦਵਾਰ ਵਲੋਂ ਦੂਜੀਆਂ ਪਾਰਟੀਆਂ ਦੀ ਨੁਮਾਇੰਦਗੀ ਕਰ ਰਹੇ ਮੈਂਬਰ ਜਾਂ ਉਸ ਦੇ ਨੇਤਾਵਾਂ ਦੇ ਪੁਤਲੇ ਜਨਤਕ ਤੌਰ ਤੇ ਸਾੜਨ ਵਰਗੀਆਂ ਕਾਰਵਾਈਆਂ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ।

### ਮਤਦਾਨ ਵਾਲੇ ਦਿਨ

(ੳ) ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਉਮੀਦਵਾਰ ਅਮਨ ਪੂਰਵਕ ਚੋਣਾਂ ਨੂੰ ਯਕੀਨੀ ਬਣਾਉਣ ਲਈ ਚੋਣ ਡਿਊਟੀ 'ਤੇ ਤੈਨਾਤ ਅਮਲੇ ਨਾਲ ਪੂਰਾ ਸਹਿਯੋਗ ਕਰਨਗੇ। ਵੋਟਰਾਂ ਨੂੰ ਬਿਨਾਂ ਕਿਸੇ ਰੁਕਾਵਟ ਆਪਣੇ ਵੋਟ ਦਾ ਹੱਕ ਪੂਰੀ ਆਜ਼ਾਦੀ ਨਾਲ ਇਸਤੇਮਾਲ ਕਰਨ ਵਿਚ ਵੀ ਸਹਿਯੋਗ ਦੇਣਗੇ।

(ਅ) ਰਾਜਨੀਤਕ ਪਾਰਟੀਆਂ ਤੇ ਉਮੀਦਵਾਰ ਆਪਣੇ ਅਧਿਕਾਰਤ ਕਾਰਜ ਕਰਤਾਵਾਂ ਨੂੰ ਢੁਕਵੇਂ ਬੈਜ ਜਾਂ ਸ਼ਨਾਖ਼ਤੀ ਕਾਰਡ ਮੁਹੱਈਆ ਕਰਨਗੇ।

(ੲ) ਇਸ ਗੱਲ 'ਤੇ ਵੀ ਸਹਿਮਤ ਹੋਣਗੇ ਕਿ ਵੋਟਰਾਂ ਨੂੰ ਦਿਤੀ ਜਾਣ ਵਾਲੀ ਸ਼ਨਾਖ਼ਤੀ ਪਰਚੀ ਸਾਦੇ ਚਿੱਟੇ ਪੇਪਰ ਉਪਰ ਹੋਵੇਗੀ ਤੇ ਇਸ ਉਪਰ ਚੋਣ ਨਿਸ਼ਾਨ ਉਮੀਦਵਾਰ ਜਾਂ ਪਾਰਟੀ ਦਾ ਨਾਂ ਨਹੀਂ ਹੋਵੇਗਾ।

(ਸ) ਮਤਦਾਨ ਵਾਲੇ ਦਿਨ ਤੇ ਇਸ ਦੇ 24 ਘੰਟੇ ਤਕ ਉਮੀਦਵਾਰ ਤੇ ਪਾਰਟੀਆਂ ਸ਼ਰਾਬ ਵੰਡਣ ਤੋਂ ਗੁਰੇਜ਼ ਕਰਨਗੀਆਂ।

(ਹ) ਪਾਰਟੀਆਂ ਤੇ ਉਮੀਦਵਾਰਾਂ ਦੇ ਕਾਰਜਕਰਤਾਵਾਂ ਤੇ ਹਿਮਾਇਤੀਆਂ ਵਿਚਾਲੇ ਕਿਸੇ ਤਰ੍ਹਾਂ ਦੇ ਵਿਵਾਦ ਤੇ ਤਣਾਅ ਨੂੰ ਰੋਕਣ ਲਈ ਮਤਦਾਨ ਕੇਂਦਰਾਂ ਨੇੜੇ ਬਣਾਏ ਗਏ ਕੈਂਪਾਂ ਨੇੜੇ ਭੀੜ ਇਕੱਠੀ ਹੋਣ ਦੀ ਇਜਾਜ਼ਤ ਨਹੀਂ ਦੇਣਗੇ।

(ਕ) ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇਗਾ ਕਿ ਉਮੀਦਵਾਰ ਦੇ ਕੈਂਪ ਸਾਧਾਰਨ ਹੋਣਗੇ। ਇਥੇ ਕੋਈ ਪੋਸਟਰ, ਝੰਡੇ ਜਾਂ ਨਿਸ਼ਾਨ ਜਾਂ ਕੋਈ ਹੋਰ ਪ੍ਰਚਾਰ ਸਮੱਗਰੀ ਪ੍ਰਦਰਸ਼ਿਤ ਨਹੀਂ ਹੋਵੇਗੀ। ਕੁਝ ਖਾਣ-ਪੀਣ ਨੂੰ ਨਹੀਂ ਦਿਤਾ ਜਾਵੇਗਾ ਤੇ ਕੈਂਪ ਲਾਗੇ ਭੀੜ ਇਕੱਠੀ ਨਹੀਂ ਹੋਣ ਦਿਤੀ ਜਾਵੇਗੀ।

(ਖ) ਮਤਦਾਨ ਵਾਲੇ ਦਿਨ ਇਸਤੇਮਾਲ ਕੀਤੇ ਜਾਣ ਵਾਲੇ ਵਾਹਨਾਂ 'ਤੇ ਲੱਗੀ ਪਾਬੰਦੀ ਨੂੰ ਅਮਲ ਵਿਚ ਲਿਆਉਣ ਲਈ ਅਧਿਕਾਰੀਆਂ ਨਾਲ ਸਹਿਯੋਗ ਕੀਤਾ ਜਾਵੇਗਾ ਤੇ ਅਜਿਹੇ ਵਾਹਨਾਂ ਉਪਰ ਹਾਸਿਲ ਕੀਤਾ ਗਿਆ ਪਰਮਿਟ ਲਗਾਉਣਾ ਹੋਵੇਗਾ।

### ਮਤਦਾਨ ਬੂਥ

ਮਤਦਾਤਾ ਤੇ ਚੋਣ ਕਮਿਸ਼ਨ ਤੋਂ ਜਾਰੀ ਕੀਤੇ ਗਏ ਯੋਗ ਪਾਸ ਧਾਰਕ ਤੋਂ ਇਲਾਵਾ ਕਿਸੇ ਹੋਰ ਨੂੰ ਮਤਦਾਨ ਕੇਂਦਰਾਂ ਅੰਦਰ ਪ੍ਰਵੇਸ਼ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।

### ਅਬਜ਼ਰਵਰ

ਚੋਣ ਕਮਿਸ਼ਨ ਵਲੋਂ ਅਬਜ਼ਰਵਰ ਨਿਯੁਕਤ ਕੀਤੇ ਜਾਂਦੇ ਹਨ ਜੋ ਉਮੀਦਵਾਰ ਜਾਂ ਉਸ ਦੇ ਏਜੰਟ ਨੂੰ ਚੋਣਾਂ ਦੇ ਸੰਬੰਧ ਵਿਚ ਕੋਈ ਵਿਸ਼ੇਸ਼ ਸ਼ਿਕਾਇਤ ਹੋਵੇ ਤਾਂ ਉਹ ਇਸ ਨੂੰ ਅਬਜ਼ਰਵਰ ਦੇ ਧਿਆਨ ਵਿਚ ਲਿਆ ਸਕਦੇ ਹਨ।

*– ਪੀ.ਆਈ.ਬੀ. ਜਲੰਧਰ*

# ਭਾਰਤ ਵਿਚ ਅੰਗ ਦਾਨ : ਪਰਉਪਕਾਰ ਤੇ ਕੰਮ ਵਿਚਾਲੇ ਕਠਿਨ ਰਸਤਾ

ਸੁਭੱਦਰਾ ਮੈਨਨ

ਅਸੀਂ ਬੜੇ ਅਧੂਰੇ, ਅਪੂਰਣ ਸੰਸਾਰ ਵਿਚ ਰਹਿ ਰਹੇ ਹਾਂ। ਹਰ ਰੋਜ਼ ਅਜਿਹੇ ਲੋਕ ਸਾਹਮਣੇ ਆਉਂਦੇ ਹਨ ਕਿ ਜੇ ਉਨ੍ਹਾਂ ਦੇ ਖਰਾਬ ਅੰਗਾਂ ਦੀ ਥਾਂ ਨਵੇਂ ਅਤੇ ਸਿਹਤਮੰਦ ਅੰਗ ਬਦਲੇ ਜਾ ਸਕਦੇ ਤਾਂ ਉਨ੍ਹਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਸਨ। ਵਿਭਿੰਨ ਪ੍ਰਕਾਰ ਦੀਆਂ ਬੀਮਾਰੀਆਂ ਅਤੇ ਦੁਰਘਨਾਵਾਂ ਕਰਕੇ ਲੋਕਾਂ ਨੂੰ ਅਜਿਹੀ ਭਿਆਨਕ ਹਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਵਿਚ ਜਾਂ ਤਾਂ ਉਹ ਕਿਸੇ ਲੰਮੀ ਡਾਕਟਰੀ ਹਾਲਤ ਦੇ ਸ਼ਿਕਾਰ ਹੋਣਗੇ ਜਿਸ ਕਰਕੇ ਉਨ੍ਹਾਂ ਦੇ ਗੁਰਦੇ, ਜਿਗਰ ਜਾ ਦਿਲ ਨੂੰ ਨੁਕਸਾਨ ਪਹੁੰਚ ਸਕਦਾ ਹੈ ਜਾਂ ਸੜਕੀ ਦੁਰਘਟਨਾ ਜੋ ਕਿਸੇ ਵਿਸ਼ੇਸ਼ ਅੰਗ ਨੂੰ ਨੁਕਸਾਨ ਪਹੁੰਚਾਉਂਦੀ ਹੈ ਜਾਂ ਵਿਅਕਤੀ ਨੂੰ ਪੂਰਨ ਰੂਪ ਵਿਚ ਦੁਰਬਲ ਜਾਂ ਅਪੰਗ ਬਣਾ ਦਿੰਦੀ ਹੈ। ਉਦਾਹਰਣ ਵਜੋਂ, ਆਖ਼ਰੀ ਪੜਾਅ ਦੇ ਗੁਰਦੇ ਜਾਂ ਜਿਗਰ ਦੀ ਬੀਮਾਰੀ ਦਾ ਇਕ ਪ੍ਰਭਾਵੀ ਇਲਾਜ ਅੰਗਾਂ ਦਾ ਬਦਲਨਾ ਹੈ। ਫਿਰ, ਤੰਦਰੁਸਤ ਦਿਲ, ਫੇਫੜੇ, ਅੱਖਾਂ, ਪੈਂਕਰੀਆਜ਼ ਅਤੇ ਅੰਤੜੀਆਂ ਦੀ ਵੀ ਹੋਰਨਾਂ ਦੇ ਨਾਲ-ਨਾਲ ਲੋੜ ਪੈਂਦੀ ਹੈ। ਬੀਮਾਰੀਆਂ ਦਾ ਵਧਦਾ ਬੋਝ ਉਨ੍ਹਾਂ ਲੋਕਾਂ, ਜੋ ਕਾਲ ਵੱਸ ਹੋ ਗਏ ਹਨ, ਜਿਉਂਦਿਆਂ ਲਈ ਸਿਹਤਮੰਦ ਅੰਗ ਦਾਨ ਕਰਨ ਦੀ ਮੰਗ ਬਣਦੀ ਜਾ ਰਹੀ ਹੈ ਤਾਂ ਕਿ ਲੋੜਵੰਦਾਂ ਨੂੰ ਇਕ ਨਵੀਂ ਜ਼ਿੰਦਗੀ ਮਿਲ ਸਕੇ ਜੋ ਵਰ੍ਹਿਆਂ ਬੱਧੀ ਤਲਾਸ਼ ਨਾਲ ਅੰਗ ਬਦਲਣ ਦੀ ਉਡੀਕ ਵਿਚ ਰਹਿੰਦੇ ਹਨ। ਜਿਵੇਂ ਕਿ ਹਮੇਸ਼ਾ ਹੁੰਦਾ ਹੈ। ਕਿਸੇ ਵੀ ਤਸੱਲੀ ਵਾਲੀ ਨੀਤੀ ਜਾਂ ਕਾਰਜਕ੍ਰਮ ਸੁਧਾਰ ਸੰਬੰਧੀ ਸਬੂਤ ਇਕੱਠੇ ਕਰਨ ਦੇ ਰਾਹ ਵਿਚ ਭਰੋਸੇਯੋਗ ਅਤੇ ਪੂਰਵ ਅੰਕੜਿਆਂ ਦੀ ਕਮੀ ਰੋੜਾ ਬਣਦੀ ਹੈ। ਭਾਰਤ ਕੋਲ ਛੁਟਪੁਟ ਅੰਕੜਿਆਂ ਦਾ ਭੰਡਾਰ ਹੈ ਜੋ ਵੱਖ-ਵੱਖ ਹਾਲਾਤ ਵਿਚ ਵਿਭਿੰਨ ਧਿਰਾਂ ਵਲੋਂ ਇਸਤੇਮਾਲ ਕੀਤਾ ਜਾਂਦਾ ਹੈ। ਉਦਾਹਰਣ ਲਈ, ਇਕ ਪੜਚੋਲ ਇਹ ਕਹਿੰਦੀ ਹੈ ਕਿ ਭਾਰਤ ਵਿਚ 10 ਪਿੱਛੇ 1 ਬਾਲਗ ਵਿਅਕਤੀ ਗੁਰਦੇ ਦੀ ਪੁਰਾਣੀ ਬੀਮਾਰੀ ਦਾ ਸ਼ਿਕਾਰ ਹੈ ਜਿਸ ਨੂੰ ਜਾਂ ਤਾਂ ਡਾਇਲਿਸਿਸ ਦੀ ਲੋੜ ਪੈਂਦੀ ਹੈ ਜਾਂ ਨਵੇਂ ਗੁਰਦੇ ਦੀ। ਇਸ ਹਿਸਾਬ ਨਾਲ ਇਕ ਸਮੇਂ ਪੰਜ ਲੱਖ ਇਨਸਾਨ ਇਸ ਬੀਮਾਰੀ ਤੋਂ ਪੀੜਤ ਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤ ਥੋੜ੍ਹੇ, ਸਿਰਫ਼ 6000 ਵਿਅਕਤੀਆਂ ਨੂੰ ਗੁਰਦਾ ਦਾਨ ਵਿਚ ਮਿਲਦਾ ਹੈ ਅਤੇ ਸਿਰਫ਼ 30,000 ਡਾਇਲਿਸਿਸ ਕਰਵਾ ਸਕਣ ਦੇ ਸਮਰਥ ਹੁੰਦੇ ਹਨ। ਬਾਕੀ ਬਚੇ ਸਾਢੇ ਚਾਰ ਲੱਖ ਮਰੀਜ਼ਾਂ ਦਾ ਕੋਈ ਵਾਲੀ ਵਾਰਸ ਨਹੀਂ ਹੁੰਦਾ।

***ਇਹ ਸਪੱਸ਼ਟ ਹੈ ਕਿ ਸੁਯੋਗ ਪ੍ਰਬੰਧ ਅਤੇ ਪਾਰਦਰਸ਼ੀ ਤਰੀਕੇ ਨਾਲ ਗੁਰਦਾ ਵਿਅਕਤੀਆਂ ਦੇ ਅੰਗ ਦੂਜਿਆਂ ਲੋੜਵੰਦਾਂ ਨੂੰ ਦਾਨ ਕਰਨ ਦਾ ਪ੍ਰੋਗਰਾਮ ਇਕ ਵੱਡੀ ਤਬਦੀਲੀ ਦਾ ਕਾਰਨ ਬਣ ਸਕਦਾ ਹੈ ਜੋ ਭਾਰਤੀ ਲੋਕਾਂ ਦੇ ਇਕ ਵੱਡੇ ਹਿੱਸੇ ਲਈ ਜ਼ਿੰਦਗੀ ਅਤੇ ਮੌਤ ਵਿਚਕਾਰ ਫ਼ਰਕ ਬਣ ਸਕਦਾ ਹੈ। ਉਨਾ ਹੀ ਮਹੱਤਵਪੂਰਨ ਹੈ ਮਨੁੱਖੀ ਸੈੱਲ ਅਤੇ ਮੰਗਾਂ ਦਾ ਜਿਉਂਦੇ ਵਿਅਕਤੀਆਂ ਵਲੋਂ ਦਾਨ, ਜਿਵੇਂ ਕਿ ਸਟੈਮ ਸੈੱਲ ਜੋ ਕਿ ਲਿਊਕੀਮੀਆ ਜਾਂ ਖ਼ੂਨ ਦੇ ਕੈਂਸਰ ਤੋਂ ਪੀੜਤ ਵਿਅਕਤੀ ਲਈ ਨਾਯਾਬ ਤੋਹਫ਼ਾ ਸਾਬਤ ਹੋ ਸਕਦੇ ਹਨ।***

*ਇਸ ਕਰਕੇ ਸਪੱਸ਼ਟਤਾ ਦੀ ਡਾਢੀ ਜ਼ਰੂਰਤ ਹੈ :* ਅੰਗ ਦਾਨ ਜ਼ਿੰਦਗੀਆਂ ਬਚਾ ਸਕਦਾ ਹੈ ਅਤੇ ਅਜਿਹੇ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਜਾਂਦੀ ਹੈ ਜਿਨ੍ਹਾਂ ਦੇ ਅੰਗ ਬਿਲਕੁਲ ਸਹੀ ਸਲਾਮਤ ਹੁੰਦੇ ਹਨ। ਪਰ ਸਾਦਗੀ ਇਥੇ ਹੀ ਖ਼ਤਮ ਹੋ ਜਾਂਦੀ ਹੈ ਅਤੇ ਅੰਗ ਦਾਨ ਦੇ ਮਾਮਲੇ ਵਿਚ ਭਾਰਤ ਦੀ ਦਰ ਸਭ ਤੋਂ ਘੱਟ ਦਰ ਵਾਲੇ ਦੇਸ਼ਾਂ ਅਨੁਸਾਰ ਹੈ। ਅਸਲ ਦਰ ਨੂੰ ਵੱਖ-ਵੱਖ ਤਰ੍ਹਾਂ ਨਾਲ ਪੇਸ਼ ਕੀਤਾ ਜਾਂਦਾ ਹੈ, ਫਿਰ ਉਹੀ ਕਮੀ ਜਿਸ ਤਰ੍ਹਾਂ ਅਸੀਂ ਸਿਹਤ ਸੰਬੰਧੀ ਅੰਕੜਿਆਂ ਦਾ ਪ੍ਰਬੰਧਨ ਕਰਦੇ ਹਾਂ। ਕੁੱਝ ਅੰਕੜਿਆਂ ਅਨੁਸਾਰ, ਅੰਗ ਦਾਨ ਦੀ ਭਾਰਤ ਵਿਚ ਦਰ ਕਾਫ਼ੀ ਘੱਟ ਯਾਨਿ ਇਕ ਮਿਲੀਅਨ ਵਸੋਂ ਪਿੱਛੇ ਸਿਰਫ਼ 0.16 ਹੈ। ਇਸ ਦਾ ਮਤਲਬ ਇਕ ਮਿਲੀਅਨ ਵਸੋਂ ਲਈ ਸਿਰਫ਼ ਇਕ ਦਾਨਕਰਤਾ ਜਾਂ ਅੰਗਦਾਨੀ ਹੈ, ਜੋ ਕਿ ਅੰਗਦਾਨ ਬਹੁਤ ਹੀ ਨਿਗੂਣੀ ਅਤੇ ਨਿਰਾਸ਼ਾਜਨਕ ਦਰ ਹੈ। ਇਹ ਦਰ ਯੂ.ਕੇ. ਵਿਚ 27, ਅਮਰੀਕਾ ਵਿਚ 20-25 ਅਤੇ ਸਪੇਨ ਵਿਚ 35 ਹੈ। ਇਹ ਭਾਲੀਭਾਂਤ ਜਾਣ ਸਕਦੇ ਹਾਂ ਕਿ ਭਾਰਤ ਵਿਚ ਹਰ ਸਾਲ 25000 ਅੰਗਦਾਨੀਆਂ ਦੀ ਜ਼ਰੂਰਤ ਹੁੰਦੀ ਹੈ। ਪਰ ਇਹ ਅੰਕੜਾ ਮੁਸ਼ਕਿਲ ਨਾਲ ਸੈਂਕੜਿਆਂ ਵਿਚ ਹੈ। ਹਰ ਸਾਲ ਲਗਭਗ ਇਕ ਲੱਖ ਸੜਕ ਹਾਦਸੇ ਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਵੱਡੀ ਗਿਣਤੀ ਵਿਚ ਅੰਗ ਦਾਨ ਕਰਨ ਵਾਲੇ ਮੌਜੂਦ ਹੁੰਦੇ ਹਨ ਕਿਉਂਕਿ ਸੜਕ ਹਾਦਸੇ ਅਕਸਰ ਦਿਮਾਗ਼ ਦੀ ਮ੍ਰਿਤੂ ਦਾ ਕਾਰਨ ਬਣਦੇ ਹਨ। ਜੇ ਭਾਰਤ ਵਿਚ ਅੰਗਾਂ ਨੂੰ ਦੁਬਾਰਾ ਲਾਉਣਾ ਸੁਚਾਰੂ ਹੋ ਜਾਵੇ ਤਾਂ ਹਰ ਸਾਲ ਘੱਟੋ-ਘੱਟ ਪੰਜ ਲੱਖ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਪਰ ਇਹ ਲੋਕ ਮਰ ਰਹੇ ਹਨ। ਇਸ ਸਚਾਈ ਨੂੰ ਬਦਲਣ ਦੀ ਲੋੜ ਹੈ ਅਤੇ ਇਸ ਨੂੰ ਦਰੁਸਤ ਕਰਨ ਲਈ ਵੱਖ-ਵੱਖ ਪੱਧਰਾਂ 'ਤੇ ਅਨੇਕ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

*ਨਿਪੁੰਨ ਪ੍ਰਣਾਲੀਗਤ ਹੁੰਗਾਰੇ ਦੀ ਲੋੜ :* ਪਰ ਇਸ ਦੀ ਕਿਸਮ 'ਤੇ ਹੀ, ਅੰਗ ਦਾਨ

ਕਰਨਾ ਅਤੇ ਲੋੜਵੰਦ ਨੂੰ ਲਾਉਣਾ ਇਕ ਜਟਿਲ ਚਿਕਿਤਸਕ ਵਿਧੀਗਤ ਪ੍ਰਕਿਰਿਆ ਹੈ, ਜੋ ਪਰਉਪਕਾਰ 'ਤੇ ਬਹੁਤ ਜ਼ਿਆਦਾ ਨਿਰਭਰ ਹੈ ਜੋ ਮਨੁੱਖੀ ਸੁਭਾਅ ਦਾ ਇਕ ਟੇਢਾ ਲੱਛਣ ਹੈ ਜੋ ਦਲੀਲ ਜਾਂ ਪਰਿਭਾਸ਼ਾ ਨੂੰ ਨਹੀਂ ਮੰਨਦਾ। ਮੁਰਦਾ ਵਿਅਕਤੀ ਦੇ ਅੰਗ ਦਾਨ ਕਰਨ ਨਾਲ, ਇਹ ਦਇਆ ਭਰੀ ਕਾਰਵਾਈ ਆਖਰ ਨੂੰ ਮਰਨ ਵਾਲੇ ਵਿਅਕਤੀ ਦੇ ਸਕੇ ਸੰਬੰਧੀਆਂ ਵਲੋਂ ਹੀ ਕੀਤੀ ਜਾਣੀ ਹੁੰਦੀ ਹੈ ਜੋ ਆਪਣੇ ਪਿੱਛੇ ਸਿਹਤਮੰਦ ਅੰਗਾਂ ਵਾਲਾ ਸਰੀਰ ਛੱਡ ਕੇ ਜਾਂਦਾ ਹੈ। ਇਹ ਕਿਸੇ ਵਿਅਕਤੀ ਦੇ ਅਚਨਚੇਤ ਚਲਾਣੇ ਦੀ ਹਾਲਾਤ ਵਿਚ ਉਸ ਦੀ ਇੱਛਾ ਜਾਂ ਲਿਖਤੀ ਵਸੀਅਤ ਦਾ ਆਦਰ ਕਰਨਾ ਵੀ ਹੋ ਸਕਦਾ ਹੈ। ਜਿਉਂਦੇ ਵਿਅਕਤੀਆਂ ਨੂੰ ਅੰਗ ਦਾਨ ਕਰਨਾ, ਦਇਆ ਦਾਨ ਕਰਨ ਵਾਲੇ ਵਿਅਕਤੀ ਵਲੋਂ ਲਏ ਜਾਣ ਵਾਲੇ ਕਠਿਨ ਡਾਕਟਰੀ ਫ਼ੈਸਲੇ ਦਾ ਆਧਾਰ ਹੋ ਸਕਦੀ ਹੈ।

ਇਤਿਹਾਸਕ ਪੱਖ ਤੋਂ ਵੇਖੀਏ, ਇਕ ਕੀਮਤੀ ਜ਼ਿੰਦਗੀ ਨੂੰ ਬਚਾਉਣ ਦੀ ਜੱਦੋਜਹਿਦ ਅਤੇ ਅਤਿ ਦੀ ਗਰੀਬੀ ਖ਼ਿਲਾਫ਼ ਸੰਘਰਸ਼ ਨਾਲ ਵੱਡੇ ਪੱਧਰ 'ਤੇ ਅੰਗਾਂ ਦਾ ਗ਼ੈਰ-ਕਾਨੂੰਨੀ ਕਾਰੋਬਾਰ ਸ਼ੁਰੂ ਹੋ ਗਿਆ ਹੈ। ਇਸ ਨੂੰ ਖਰਚੇ, ਇੰਤਜ਼ਾਰ ਦਾ ਸਮਾਂ ਜੋ ਕਾਨੂੰਨੀ ਅਤੇ ਡਾਕਟਰੀ ਪ੍ਰਕਿਰਿਆਵਾਂ ਵਿਚ ਲਗਦਾ ਹੈ ਅਤੇ ਚੀਰਫਾੜ, ਜੋ ਸਫਲ ਅੰਗ ਸਥਾਪਤੀ ਲਈ ਜ਼ਰੂਰੀ ਹੈ, ਨੇ ਹੋਰ ਦੁਸ਼ਵਾਰ ਬਣਾ ਦਿਤਾ ਹੈ। ਕਾਨੂੰਨੀ ਤੰਤਰ ਦੇ ਪ੍ਰਤਿਬੰਧਕ ਪੱਖ ਅਤੇ ਹਦਾਇਤਾਂ, ਜਿਨ੍ਹਾਂ ਦਾ ਅਸਲ ਮਕਸਦ ਅੰਗ ਦਾਨ ਦੇ ਅਸਲੀ ਮਾਮਲਿਆਂ ਨੂੰ ਉਤਸ਼ਾਹਿਤ ਕਰਨਾ ਹੁੰਦਾ ਹੈ, ਉਹ ਵੀ ਇਸ ਦੇ ਰਾਹ ਦਾ ਰੋੜਾ ਹੀ ਬਣ ਨਿਬੜਦੇ ਹਨ। ਇਕ ਪਾਸੇ ਲੋਕਾਂ ਦੀ ਦਇਆ ਭਾਵਨਾ 'ਤੇ ਨਿਰਭਰ ਕਰਦਿਆਂ ਅਤੇ ਦੂਜੇ ਪਾਸੇ ਸੁਚਾਰੂ ਪ੍ਰਬੰਧਨ ਪ੍ਰਣਾਲੀ ਦੀ ਯੋਗਤਾ 'ਤੇ ਨਿਰਭਰ ਹੁੰਦਿਆਂ, ਅੰਗ ਦਾਨ ਅਤੇ ਸਥਾਪਿਤ ਕਰਨ ਦਾ ਖੇਤਰ, ਚਾਹੇ ਉਹ ਮੁਰਦਿਆਂ ਤੋਂ ਹੋਵੇ ਜਾਂ ਜਿਉਂਦਿਆਂ ਤੋਂ, ਇਕ ਅਤਿ ਟੇਢਾ ਅਤੇ ਕਠਿਨ ਕੰਮ ਹੋ ਨਿਬੜਦਾ ਹੈ। ਇਸ ਪਿੱਠਭੂਮੀ ਵਿਚ, ਇਹ ਸਪੱਸ਼ਟ ਹੈ ਕਿ ਸੰਬੰਧਿਤ ਧਿਰਾਂ ਅਤੇ ਜੋ ਸਖਤ ਅਤੇ ਹਾਂ-ਪੱਖੀ ਫ਼ੈਸਲੇ ਲੈ ਸਕਦੇ ਹਨ, ਉਨ੍ਹਾਂ ਦੀ ਪਹੁੰਚ ਵੀ ਸ਼ਤਰਮੁਰਗ ਵਾਲੀ ਹੀ ਹੁੰਦੀ ਹੈ ਜਿਸ ਕਰਕੇ ਪੁਰਾਣੇ ਲੰਮੇ ਸਮੇਂ ਦੇ ਅੰਗ ਫੇਲ੍ਹ ਹੁੰਦੇ ਹਨ ਅਤੇ ਇਸ ਨੂੰ ਠੀਕ ਕਰਨ ਲਈ ਯਤਨਾਂ ਨੂੰ ਬਹੁਤ ਘੱਟ ਧਿਆਨ ਦਿਤਾ ਗਿਆ ਹੈ।

ਇਸ ਦੁਨੀਆਂ ਵਿਚ ਦਾਖ਼ਲ ਹੋਣ ਵਾਲਾ ਕੋਈ ਵੀ ਵਿਅਕਤੀ, ਜਿਸ ਨੂੰ ਅਖੀਰਲੇ ਪੜਾਅ ਦੀ ਬੀਮਾਰੀ ਦੇ ਇਲਾਜ ਜਾਂ ਦੁਰਘਟਨਾ ਵਿਚ ਦੁਰਬਲ ਹੋਏ ਅੰਗ ਦੇ ਇਲਾਜ ਦੀ ਲੋੜ ਪੈਂਦੀ ਹੈ, ਤਾਂ ਉਸ ਨੂੰ ਹੇਠਾਂ ਦਿਤੀਆਂ ਸਾਰੀਆਂ ਨਹੀਂ ਤਾਂ ਘੱਟੋ-ਘੱਟ ਇਕ ਔਕੜ ਦਾ ਤਾਂ ਸਾਹਮਣਾ ਕਰਨਾ ਹੀ ਪੈਂਦਾ ਹੈ :

- ਕਿਸੇ ਵੀ ਅੰਗ ਲਈ ਕਲਿਨੀਕਲ ਜ਼ਰੂਰਤ ਅਕਸਰ ਮਨੁੱਖ ਦੀ ਇਕ ਅਤਿ ਜ਼ਰੂਰੀ ਲੋੜ ਹੁੰਦੀ ਹੈ ਜੋ ਉਸ ਲਈ ਜ਼ਿੰਦਗੀ ਮੌਤ ਦਾ ਸਵਾਲ ਹੁੰਦੀ ਹੈ, ਜਿਥੇ ਸਮਾਂ ਬਹੁਤ ਕੀਮਤੀ ਹੁੰਦਾ ਹੈ।

- ਅੰਗਾਂ ਦੀ ਮੁੜ ਸਥਾਪਨਾ ਜਾਂ ਤਾਂ ਬਿਲਕੁਲ ਵੱਸੋਂ ਬਾਹਰ ਵਾਲੀ ਗੱਲ ਹੈ ਜਾਂ ਵਿਸ਼ਾਲ ਵਿੱਤੀ ਰੁਕਾਵਟਾਂ ਬਹੁਤੇ ਲੋਕਾਂ ਦਾ ਰਸਤਾ ਰੋਕ ਲੈਂਦੀਆਂ ਹਨ।

- ਇਤਿਹਾਸਕ ਤੌਰ ਤੇ, ਅੰਗਾਂ ਦਾ ਵਪਾਰ ਗ਼ੈਰ ਕਾਨੂੰਨੀ ਤੌਰ ਤੇ ਬਹੁਤ ਜ਼ਿਆਦਾ ਫੈਲ ਗਿਆ ਹੈ ਜੋ ਗਰੀਬਾਂ ਦਾ ਸ਼ੋਸ਼ਣ ਕਰਦਾ ਹੈ। ਇਸ ਨਾਲ ਕਿਸੇ ਕਾਨੂੰਨ ਨੂੰ ਲਾਗੂ ਕਰਨਾ ਇਕ ਪੂਰਵ-ਵਿਆਪੀ ਕੰਮ ਬਣ ਜਾਂਦਾ ਹੈ ਜਿਸ ਦਾ ਜ਼ਬਰਦਸਤ ਵਿਰੋਧ ਹੁੰਦਾ ਹੈ।

- ਇਕ ਦਾਨੀ ਪੰਜ ਜਾਨਾਂ ਬਚਾ ਸਕਦਾ ਹੈ ਪਰ ਅੰਗ ਦਾਨ ਕਰਨ ਵਾਲੀਆਂ ਬਹੁਤ ਘੱਟ ਸੰਸਥਾਵਾਂ ਅਤੇ ਸਿਸਟਮ ਹਨ ਜੋ ਜਨਤਕ, ਨਿੱਜੀ, ਚੰਗੇ ਨਾਮ ਵਾਲੀਆਂ ਸੰਸਥਾਵਾਂ ਨਾਲ ਜੁੜੇ ਹੋਣ ਜੋ ਅੰਗਾਂ ਦੀ ਬਹਾਲੀ ਕਰਵਾ ਸਕਣ।

- ਰਸਮੀ ਪ੍ਰਣਾਲੀਆਂ ਦੀ ਘਾਟ ਅੰਗ ਪ੍ਰਤਿਰੋਪਣ ਦੀਆਂ ਲੋੜਾਂ ਦੇ ਮੁੱਲੰਕਣ ਨੂੰ ਮੁਸ਼ਕਿਲ ਬਣਾ ਦਿੰਦੀ ਹੈ, ਜੋ ਨਾਲ ਹੀ ਨਾਲ ਸੁਚੱਜੇ ਅੰਗ ਦਾਨ ਅਤੇ ਪ੍ਰਤਿਰੋਪਣ ਪ੍ਰਬੰਧਨ ਦੇ ਰਾਹ ਵਿਚ ਰੁਕਾਵਟਾਂ ਖੜ੍ਹੀਆਂ ਕਰਦੀ ਹੈ।

- ਜਾਣਕਾਰੀ ਸੰਬੰਧੀ ਖੱਪੇ ਲੋਕਾਂ ਦਰਮਿਆਨ ਆਪਸੀ ਸਮਝਦਾਰੀ ਦੀ ਘਾਟ ਪੈਦਾ ਕਰਦੇ ਹਨ, ਖ਼ਾਸ ਕਰਕੇ ਦਿਮਾਗ਼ ਦੀ ਮੌਤ ਦੀ ਪੂਰਨਤਾ ਨੂੰ ਪਛਾਣਨਾ ਅਤੇ ਸਵੀਕਾਰ ਕਰਨਾ। ਜਦ ਕਿ ਦਿਲ ਧੜਕਦਾ ਰਹਿੰਦਾ ਹੈ, ਲੋਕ ਦਿਮਾਗ਼ ਦੀ ਮੌਤ ਨੂੰ ਮੰਨਣ ਤੋਂ ਮੁਨਕਰ ਹੋ ਜਾਂਦੇ ਹਨ ਜਦ ਕਿ ਇਸ ਲਈ ਇਕ ਕਾਨੂੰਨ ਵੀ ਹੈ।

ਅੰਗ ਦਾਨ ਅਤੇ ਪ੍ਰਤਿਰੋਪਣ, ਉਪਰੋਕਤ ਸਾਰੇ ਕਾਰਨਾਂ ਲਈ ਜਨਤਕ ਸਿਹਤ ਦਾ ਇਕ ਵੱਡਾ ਅਣਗੌਲਿਆ ਖੇਤਰ ਹੈ ਜੋ ਧਿਆਨ ਵਿਚ ਤਾਂ ਆਉਂਦਾ ਹੈ ਪਰ ਕਦੇ-ਕਦੇ ਉਹ ਵੀ ਨਿੱਜੀ ਹਾਨੀ ਦੀ ਚਿੰਤਾ ਅਤੇ ਮੌਤ ਰਾਹੀਂ। ਪਿਛਲੇ ਸਾਲਾਂ ਵਿਚ ਇਨ੍ਹਾਂ ਮਸਲਿਆਂ ਦੇ ਹੱਲ ਲਈ ਕੋਸ਼ਿਸ਼ਾਂ ਤਾਂ ਕੀਤੀਆਂ ਗਈਆਂ ਹਨ ਤਾਂ ਜੋ ਮਦਦਗਾਰ ਤੰਤਰ ਬਣਾਇਆ ਜਾ ਸਕੇ। ਇਸੇ ਕਰਕੇ, ਭਾਵੇਂ ਅੰਗਦਾਨ ਇਕ ਤੋਹਫ਼ੇ ਵਾਂਗ ਹੀ ਹੈ, ਵਰਤਮਾਨ ਵਿਚ ਇਸ ਲਈ ਵੀ ਨਿਯਮ ਕਾਨੂੰਨ ਹਨ ਤਾਂ ਜੋ ਚਿਕਿਤਸਾ ਸੰਬੰਧੀ ਇਸ ਆਧੁਨਿਕ ਪੱਖ 'ਤੇ ਨਿਯੰਤ੍ਰਣ ਕੀਤਾ ਜਾ ਸਕੇ। ਇਨ੍ਹਾਂ ਨਿਯਮਾਂ ਦੀ ਆਲੋਚਨਾ ਕਰਨਾ ਬਹੁਤ ਆਸਾਨ ਹੈ, ਕਿਉਂਕਿ ਮਨੁੱਖਾਂ ਦੁਆਰਾ ਪਰਉਪਕਾਰੀ ਕਾਰਜ ਨਹੀਂ ਕੀਤੇ ਜਾਂਦੇ ਕਿਉਂਕਿ ਅਜਿਹਾ ਕਰਨ ਲਈ ਇਕ ਕਾਨੂੰਨ ਹੈ ਜੋ ਇਸ ਨੂੰ ਜ਼ਰੂਰੀ ਬਣਾਉਂਦਾ ਹੈ, ਪਰ ਅਜਿਹਾ ਵਾਪਰਦਾ ਹੈ ਕਿਉਂਕਿ ਕੁਝ ਲੋਕ ਕਿਸੇ ਨੂੰ ਇਕ ਤੋਹਫ਼ਾ ਦੇਣ ਦੀ ਲੋੜ ਮਹਿਸੂਸ ਕਰਦੇ ਹਨ। ਪਰ ਅਸਲ ਸਚਾਈ ਪੂਰਤੀ ਨੂੰ ਪਿੱਛੇ ਛੱਡਣਾ ਅਤੇ ਨਾ ਮੁੱਕਣ ਵਾਲੀ ਇੰਤਜ਼ਾਰ ਸੂਚੀ ਨੂੰ ਖਤਮ ਕਰਨਾ ਹੈ।

## ਕਾਨੂੰਨੀ ਢਾਂਚਾ ਅਤੇ ਪ੍ਰਕਿਰਿਆ

20 ਸਾਲ ਪਹਿਲਾਂ, 1994 ਵਿਚ ਭਾਰਤ ਦੀ ਸੰਸਦ ਵਲੋਂ ਮਨੁੱਖੀ ਅੰਗਾਂ ਦੇ ਪ੍ਰਤਿਰੋਪਣ ਬਾਰੇ ਐਕਟ (ਟੀ ਐੱਚ ਓ ਏ) ਪਾਸ ਕੀਤਾ ਗਿਆ ਜਿਸ ਦਾ ਉਦੇਸ਼ ਮਨੁੱਖੀ ਅੰਗਾਂ ਨੂੰ ਕੱਢਣ, ਭੰਡਾਰਨ ਅਤੇ ਪ੍ਰਤਿਰੋਪਣ ਨੂੰ ਇਲਾਜ ਦੇ ਮਕਸਦ ਲਈ ਨਿਯੰਤ੍ਰਿਤ ਕਰਨਾ ਸੀ। ਫ਼ਰਵਰੀ 1995 ਵਿਚ, ਨਿਯਮ ਬਣਨ ਤੋਂ ਬਾਅਦ ਇਹ ਐਕਟ ਲਾਗੂ ਹੋ ਗਿਆ। ਇਹ ਐਕਟ ਪਹਿਲਾਂ ਗੋਆ, ਹਿਮਾਚਲ ਪ੍ਰਦੇਸ਼, ਮਹਾਂਰਾਸ਼ਟਰ ਅਤੇ ਸਾਰੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਵਿਚ ਲਾਗੂ ਹੋਇਆ, ਜਿਸ ਨੂੰ ਬਾਅਦ ਵਿਚ ਜੰਮੂ-ਕਸ਼ਮੀਰ ਅਤੇ ਆਂਧਰ ਪ੍ਰਦੇਸ਼ ਨੂੰ ਛੱਡ ਕੇ ਸਾਰੇ ਰਾਜਾਂ ਵਲੋਂ ਲਾਗੂ ਕੀਤਾ ਗਿਆ। ਇਨ੍ਹਾਂ ਦੋ ਰਾਜਾਂ ਦੇ ਅੰਗ ਦਾਨ ਅਤੇ ਪ੍ਰਤਿਰੋਪਣ ਨੂੰ ਨਿਯੰਤ੍ਰਿਤ ਕਰਨ ਲਈ ਆਪਣੇ ਕਾਨੂੰਨ ਹਨ। ਇਸ ਐਕਟ ਦੀ ਮੁਢਲੀ ਜ਼ਰੂਰਤ ਵਪਾਰੀਕਰਨ ਨੂੰ ਰੋਕਣਾ ਸੀ ਜੋ ਮਨੁੱਖੀ ਅੰਗਾਂ ਦੇ ਮਾਮਲੇ ਵਿਚ ਬਹੁਤ ਸਥਾਪਿਤ ਹੋ ਰਿਹਾ ਸੀ। ਇਸ ਐਕਟ ਅੰਦਰ ਮਨੁੱਖੀ ਅੰਗ ਕੱਢਣ, ਸੰਭਾਲਣ, ਅੰਗ ਕੱਢਣ ਵਾਲੇ ਹਸਪਤਾਲਾਂ 'ਤੇ ਨਿਯੰਤ੍ਰਣ, ਮਨੁੱਖੀ ਅੰਗਾਂ ਦਾ ਪ੍ਰਤਿਰੋਪਣ,

ਉੱਚਿਤ ਅਥਾਰਿਟੀ ਦੇ ਕੰਮ, ਹਸਪਤਾਲਾਂ ਦੀ ਰਜਿਸਟ੍ਰੇਸ਼ਨ, ਸਜ਼ਾ ਜੋ ਉੱਕਤ ਮਾਮਲਿਆਂ ਵਿਚ ਦਿਤੇ ਜਾਂਦੇ ਹਨ, ਬਾਰੇ ਪ੍ਰਾਵਧਾਨ ਹਨ। ਉਸ ਸਮੇਂ ਤੋਂ ਇਸ ਐਕਟ ਵਿਚ ਕੁਝ ਸੋਧਾਂ ਕੀਤੀਆਂ ਗਈਆਂ ਹਨ ਅਤੇ ਭਾਰਤ ਸਰਕਾਰ ਵਲੋਂ ਟੀ ਐੱਚ ਓ ਸੋਧ ਐਕਟ, 2011 ਨੂੰ ਨੋਟੀਫਾਈ ਕੀਤਾ ਗਿਆ ਹੈ ਜਿਸ ਵਿਚ ਬਹੁਤ ਵਿਸਤਾਰ ਸਹਿਤ ਟਿਸ਼ੂ ਪ੍ਰਤਿਰੋਪਣ, ਜਿਵੇਂ ਹੱਡੀਆਂ, ਚਮੜੀ, ਦਿਲ ਦੇ ਵਾਲਵ ਅਤੇ ਨੇਤਰ ਪਟਲ ਤੋਂ ਇਲਾਵਾ ਦਿਲ, ਜਿਗਰ, ਪੈਂਕਰੀਆਜ਼ ਅਤੇ ਗੁਰਦਿਆਂ ਦੇ ਪ੍ਰਤਿਰੋਪਣ ਸੰਬੰਧੀ ਮਾਨਕ ਨਿਸ਼ਚਿਤ ਕੀਤੇ ਗਏ ਹਨ।

***2013 ਵਿਚ ਭਾਰਤ ਸਰਕਾਰ ਨੇ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਦੀ ਮਦਦ ਨਾਲ ਸੋਧੇ ਹੋਏ ਨਿਯਮ ਜਾਰੀ ਕੀਤੇ ਜਿਨ੍ਹਾਂ ਨੂੰ ਟ੍ਰਾਂਸਪਲਾਂਟੇਸ਼ਨ ਆਫ਼ ਹਿਊਮਨ ਆਰਗਨਜ਼ ਐਂਡ ਟਿਸ਼ੂ ਰੂਲਜ਼, 2013 ਕਿਹਾ ਜਾਂਦਾ ਹੈ। ਇਸ ਦਾ ਉਦੇਸ਼ ਪਹਿਲਾਂ ਜਾਰੀ ਹੋਏ ਨਿਯਮਾਂ ਨੂੰ ਹੋਰ ਵਧੀਆ ਬਣਾਉਣਾ ਸੀ, ਮਰੀਜ਼ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ। ਅਜਿਹਾ ਵੱਖ-ਵੱਖ ਧਿਰਾਂ, ਸੰਬੰਧਿਤ ਲੋਕਾਂ ਅਤੇ ਅਦਾਰਿਆਂ ਵਲੋਂ ਸੈਂਕੜੇ ਸਾਲਾਂ ਤੋਂ ਕੀਤੀ ਜਾ ਰਹੀ ਵਕਾਲਤ ਕਰਕੇ ਸੰਭਵ ਹੋ ਸਕਿਆ ਕਿਉਂਕਿ ਇਹ ਐਕਟ ਆਪਣੇ ਪਹਿਲੇ ਰੂਪ ਵਿਚ ਅੰਗਾਂ ਦੇ ਗ਼ੈਰ-ਕਾਨੂੰਨੀ ਵਪਾਰ ਨੂੰ ਤਾਂ ਘੱਟ ਰੋਕਦਾ ਸੀ ਪਰ ਸਹੀ ਮਾਮਲਿਆਂ ਵਿਚ ਰੋੜੇ ਵੱਧ ਅਟਕਾਉਂਦਾ ਸੀ ਜਿਸ ਨਾਲ ਅੰਗ ਦਾਨ ਅਤੇ ਪ੍ਰਤਿਰੋਪਣ ਦੀ ਪ੍ਰਕਿਰਿਆ ਗ਼ੈਰ ਜ਼ਰੂਰੀ ਤੌਰ ਤੇ ਮੱਠੀ ਹੋ ਜਾਂਦੀ ਹੈ।***

ਕੁੱਲ ਮਿਲਾ ਕੇ, ਕਾਨੂੰਨੀ ਢਾਂਚਾ ਤਾਂ ਹੈ। ਇਹ ਪ੍ਰਣਾਲੀਗਤ ਪ੍ਰਕਿਰਿਆਵਾਂ, ਪ੍ਰਬੰਧਕ ਸਭਾਵਾਂ ਅਤੇ ਉੱਚਿਤ ਅਥਾਰਿਟੀ ਨੂੰ ਸਪੱਸ਼ਟ ਕਰਦਾ ਹੈ ਜੋ ਕਾਨੂੰਨੀ ਅੰਗ ਦਾਨ ਲਈ ਸਹਾਇਕ ਢਾਂਚਾ ਬਣਦਾ ਹੈ। ਪਰ ਭਾਰਤ ਦੇ ਸਮਾਜਿਕ ਅਤੇ ਮਨੁੱਖੀ ਵਿਕਾਸ ਵਿਚ ਜੇ ਅਸੰਭਵ ਨਹੀਂ ਤਾਂ ਸਮਾਜਿਕ ਕਾਨੂੰਨਾਂ ਦਾ ਕੰਮ ਕਰਨਾ ਕਠਿਨ ਜ਼ਰੂਰ ਬਣ ਜਾਂਦਾ ਹੈ। ਇਸੇ ਕਰਕੇ ਹੀ ਟੀ ਐੱਚ ਓ ਏ ਇਸ ਗ਼ੈਰ ਕਾਨੂੰਨੀ ਕਾਰੋਬਾਰ ਨੂੰ ਰੋਕਣ ਵਿਚ ਜ਼ਿਆਦਾ ਪ੍ਰਭਾਵੀ ਨਹੀਂ ਰਿਹਾ ਜਿਵੇਂ ਕਿ ਵਾਜਬ ਮਾਮਲਿਆਂ ਦੇ ਰਾਹ ਵਿਚ ਰੁਕਾਵਟਾਂ ਖੜ੍ਹੀਆਂ ਕਰਨ ਵੇਲੇ ਰਿਹਾ ਹੈ। ਇਸ ਐਕਟ ਦੁਆਰਾ ਅੰਗ ਦਾਨ ਦੇ ਮਾਮਲੇ ਵਿਚ ਸਭ ਤੋਂ ਸੰਵੇਦਨਸ਼ੀਲ ਖੇਤਰ ਦਿਮਾਗ਼ ਦੀ ਮੌਤ ਦੇ ਮਾਮਲੇ ਨੂੰ ਹੱਲ ਕਰਨ ਵੱਲ ਕਦਮ ਹੈ। ਸੁਚਾਰੂ ਅੰਗ ਦਾਨ ਅਤੇ ਪ੍ਰਤਿਰੋਪਣ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਭਵਿੱਖੀ ਦਾਨੀ ਦੇ ਦਿਮਾਗ਼ ਨੂੰ ਮ੍ਰਿਤ ਐਲਾਨਣਾ ਹੈ, ਜਦ ਕਿ ਦਿਲ ਹਾਲੇ ਧੜਕ ਰਿਹਾ ਹੁੰਦਾ ਹੈ। ਇਹ ਐਲਾਨ ਮਾਨਤਾ ਪ੍ਰਾਪਤ ਹਸਪਤਾਲਾਂ ਦਾ ਹੀ ਸਵੀਕਾਰ ਕੀਤਾ ਜਾਂਦਾ ਹੈ ਜੋ ਅੰਗ ਪ੍ਰਤਿਰੋਪਣ ਲਈ ਅਧਿਕਾਰਤ ਹਨ। ਅਕਸਰ ਮ੍ਰਿਤ ਦਿਮਾਗ਼ ਵਾਲੇ ਵਿਅਕਤੀਆਂ ਦਾ ਦਿਲ 48 ਘੰਟਿਆਂ ਤਕ ਧੜਕਦਾ ਰਹਿੰਦਾ ਹੈ, ਇਹ ਸਥਿਤੀ ਅੰਗ ਦਾਨ ਲਈ ਬਹੁਤ ਕਠਿਨ ਹੁੰਦੀ ਹੈ ਕਿਉਂਕਿ ਪਰਿਵਾਰ ਅਤੇ ਮਿੱਤਰ ਪਿਆਰੇ ਮਹਿਸੂਸ ਕਰਨਗੇ ਕਿ ਇਹ ਇੱਛਾ ਮ੍ਰਿਤੂ ਵਾਲੀ ਸਥਿਤੀ ਹੋਵੇਗੀ ਕਿ ਅਜਿਹੇ ਵਿਅਕਤੀ ਦੇ ਅੰਗ ਕੱਢਣ ਦੀ ਇਜਾਜ਼ਤ ਦਿਤੀ ਜਾਵੇ।

ਇਹ ਪ੍ਰਕਿਰਿਆ ਬਹੁਤ ਬੋਝਲ ਹੈ, ਖ਼ਾਸ ਕਰਕੇ ਜੇ ਬੀਮਾਰ ਵਿਅਕਤੀ ਦੇ ਪਰਿਵਾਰ ਜਾਂ ਪਿਆਰਿਆਂ ਦੀ ਨਜ਼ਰ ਤੋਂ ਵੇਖੀਏ ਜੋ ਇਕ ਸਿਹਤਮੰਦ ਅੰਗ ਦੀ ਤਲਾਸ਼ ਵਿਚ ਭਟਕ ਰਹੇ ਹੁੰਦੇ ਹਨ। ਪਰ ਫੌਰੀ ਲੋੜ ਜਟਿਲਤਾ ਨੂੰ ਜਨਮ ਦਿੰਦੀ ਹੈ। ਪਹਿਲਾ, ਕਿਸੇ ਅਧਿਕਾਰਤ ਅਥਾਰਿਟੀ ਤੋਂ ਦਿਮਾਗ਼ ਦੀ ਮੌਤ ਦੀ ਪੁਸ਼ਟੀ, ਫਿਰ ਮਰਨ ਵਾਲੇ ਦੇ ਪਰਿਵਾਰਕ ਮੈਂਬਰ ਦੀ ਰਸਮੀ ਪਰ ਪੂਰੀ ਸਹਿਮਤੀ ਅਤੇ ਅੰਤ ਵਿਚ ਦਸਤਾਵੇਜ਼ੀ ਪ੍ਰਕਿਰਿਆ ਜੋ ਰਾਜ ਦੀ ਉੱਚਿਤ ਅਥਾਰਿਟੀ ਕੋਲੋਂ ਪੂਰੇ ਕਰਵਾਉਣੇ ਪੈਂਦੇ ਹਨ, ਜੋ ਮਾਨਤਾ ਪ੍ਰਾਪਤ ਹਸਪਤਾਲ ਦੇ ਨਾਮ ਹੁੰਦੇ ਹਨ। ਕਿਸੇ ਵਿਅਕਤੀ ਨੂੰ ਦਿਮਾਗ਼ੀ ਤੌਰ ਤੇ ਮ੍ਰਿਤ ਐਲਾਨਣ ਲਈ, ਐਕਟ ਕਹਿੰਦਾ ਹੈ ਕਿ ਚਾਰ ਡਾਕਟਰਾਂ (ਇਕ ਨਿਊਰੋਲੋਜਿਸਟ) ਇਹ ਤਸਦੀਕ ਕਰਨ ਕਿ ਦਿਮਾਗ਼ ਮ੍ਰਿਤ ਹੋ ਚੁੱਕਾ ਹੈ ਅਤੇ ਇਸ ਮੰਤਵ ਲਈ ਸਾਰੇ ਟੈਸਟ ਛੇ ਘੰਟਿਆਂ ਬਾਅਦ ਦੁਬਾਰਾ ਕੀਤੇ ਜਾਣ। ਸਮੇਂ ਦੀ ਇਹ ਬਰਬਾਦੀ ਸੁਚਾਰੂ ਅਤੇ ਸਫਲ ਅੰਗ ਪ੍ਰਤਿਰੋਪਣ ਦੇ ਰਾਹ ਦਾ ਰੋੜਾ ਬਣ ਸਕਦੀ ਹੈ।

## ਜਾਗਰੂਕਤਾ ਤੇ ਵਕਾਲਤ ਅਤੇ ਚੰਗੀ ਪ੍ਰਥਾ ਦੀ ਜ਼ਰੂਰਤ

ਅੱਜ ਅਨੇਕ ਮਾਹਰ ਕਾਨੂੰਨ ਦੇ ਜਟਿਲ ਹੋਣ ਦੀ ਬਜਾਇ ਜ਼ਿਆਦਾ ਸਹਾਇਕ ਹੋਣ ਦੀ ਵਕਾਲਤ ਕਰਦੇ ਹਨ, ਜਿਥੋਂ ਤਕ ਸੰਭਵ ਹੋ ਸਕੇ। ਭਾਵੇਂ ਕਿ ਇਹ ਸਪੱਸ਼ਟ ਹੈ ਕਿ ਕਾਨੂੰਨ ਇਹ ਵੇਖਣ ਲਈ ਕਿ ਗ਼ੈਰ-ਕਾਨੂੰਨੀ ਅੰਗਾਂ ਦੇ ਵਪਾਰ ਵਿਚ ਕੀ ਪ੍ਰਚੰਡ ਹੈ ਅਤੇ ਗਰੀਬਾਂ ਦਾ ਸ਼ੋਸ਼ਣ ਹੋ ਰਿਹਾ ਹੈ, ਇਹ ਯਕੀਨੀ ਬਣਾਉਣ ਲਈ ਉਸ ਦਾ ਪ੍ਰਤਿਬੰਧਕ ਹੋਣਾ ਜ਼ਰੂਰੀ ਹੈ। ਭਾਵੇਂ ਕਿ ਭਾਰਤੀ ਕਾਨੂੰਨ ਵਾਜਬ ਹਿੱਤਾਂ ਨੂੰ ਸੁਰੱਖਿਅਤ ਕਰਨ ਦੇ ਯਤਨ ਕਰ ਰਿਹਾ ਹੈ ਪਰ ਇਹ ਪ੍ਰਕਿਰਿਆ ਨੂੰ ਕਾਫ਼ੀ ਧੀਮਾ ਵੀ ਕਰ ਰਿਹਾ ਹੈ। ਅੰਗ ਦਾਨ ਅਤੇ ਪ੍ਰਤਿਰੋਪਣ ਦੇ ਮਾਮਲੇ ਵਿਚ ਇਹ ਬਹੁਤ ਗੰਭੀਰ ਚੁਣੌਤੀ ਹੋ ਸਕਦੀ ਹੈ ਕਿਉਂਕਿ ਪ੍ਰਭਾਵੀ ਪ੍ਰਤਿਰੋਪਣ ਅਤੇ ਕੋਈ ਜ਼ਿੰਦਗੀ ਬਚਾਉਣ ਵਿਚਲਾ ਫ਼ਰਕ ਕਈ ਵਾਰ ਹਵਾ ਜਿੰਨਾ ਹੀ ਹੁੰਦਾ ਹੈ। ਭਾਰਤ ਦੀ 1.2 ਬਿਲੀਅਨ ਵਸੋਂ ਦਾ ਬਹੁਤ ਨਿਗੂਣਾ ਹਿੱਸਾ, ਅਜਿਹੇ ਦਾਨ ਲਈ ਆਪਣੇ ਨਾਮ ਦਰਜ ਕਰਵਾਉਂਦਾ ਹੈ ਮੁਕਾਬਲਤਨ ਅਮਰੀਕਾ ਦੇ ਜਿਥੇ ਵਸੋਂ ਘੱਟ ਹੋਣ ਦੇ ਬਾਵਜੂਦ ਕਈ ਮਿਲੀਅਨ ਜ਼ਿਆਦਾ ਲੋਕ ਆਪਣਾ ਨਾਮ ਦਾਨੀ ਵਜੋਂ ਦਰਜ ਕਰਵਾਉਂਦੇ ਹਨ। ਕੀ ਤੁਸੀਂ ਪਿਛਲੇ ਸਮੇਂ ਵਿਚ ਅੰਗ ਦਾਨ ਸੰਬੰਧੀ ਕੋਈ ਆਕਰਸ਼ਿਤ ਅਤੇ ਮੋਹਕ ਸੁਨੇਹਾ ਯਾਦ ਕਰ ਸਕਦੇ ਹੋ? ਜਾਣਕਾਰੀ ਅਤੇ ਜਾਗਰੂਕਤਾ, ਹਮੇਸ਼ਾ ਵਾਂਗ ਬਹੁਤ ਅਹਿਮ ਹੁੰਦੀਆਂ ਹਨ ਅਤੇ ਇਹ ਬਦਕਿਸਮਤੀ ਹੀ ਹੈ ਕਿ ਜਨਤਕ ਖੇਤਰ ਵਿਚ ਅੰਗ ਦਾਨ ਬਾਰੇ ਸ਼ਾਇਦ ਹੀ ਕੋਈ ਮੁਹਿੰਮ ਜਾਂ ਸੁਨੇਹਾ ਦਿਤਾ ਗਿਆ ਹੋਵੇ। ਖ਼ੂਨ ਦਾਨ ਅਤੇ ਅੱਖਾਂ ਦਾ ਦਾਨ ਹੀ ਸ਼ਾਇਦ ਸਾਡੇ ਮਨ ਦੇ ਅਵਚੇਤਨ ਵਿਚ ਕਿਧਰੇ ਵਸਿਆ ਹੋਵੇ ਜਿਸ ਨਾਲ ਕੋਈ ਵਿਅਕਤੀ ਫ਼ੈਸਲਾ ਲੈਂਦਾ ਹੈ। ਕਿੰਨੇ ਅਜਿਹੇ ਵਿਅਕਤੀ ਹਨ ਜਿਹੜੇ ਆਪਣੇ ਕਿਸੇ ਦਿਮਾਗ਼ੀ ਤੌਰ ਤੇ ਮ੍ਰਿਤਕ ਹੋ ਚੁੱਕੇ ਆਪਣੇ ਰਿਸ਼ਤੇਦਾਰ ਦੇ ਸਿਹਤਮੰਦ ਅੰਗ ਦਾਨ ਕਰਨ ਦੀ ਸ਼ਕਤੀ ਬਾਰੇ ਜਾਣਦੇ ਹੋਣਗੇ? ਬਿਲਕੁਲ ਵੀ ਜ਼ਿਆਦਾ ਨਹੀਂ ਅਤੇ ਉਹ ਜਿਨ੍ਹਾਂ ਨੂੰ ਆਪਣੀਆਂ ਪਰਉਪਕਾਰੀ ਇੱਛਾਵਾਂ ਜਾਂ ਸੋਚਾਂ ਜਾਂ ਸਹੁੰਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਸ਼ਾਇਦ ਹੀ ਕਦੇ ਕੋਈ ਸੁਦ੍ਰਿੜ ਸੁਨੇਹਾ ਮਿਲਿਆ ਹੋਵੇ। ਇਹ ਕਿਹਾ ਜਾਂਦਾ ਹੈ

ਕਿ ਬੋਨ ਮੈਰੋ ਦਾ ਦਾਨ ਖ਼ੂਨ ਦਾਨ ਕਰਨ ਵਾਂਗ ਹੀ ਬਿਲਕੁਲ ਸਰਲ ਹੈ ਪਰ ਜਦੋਂ ਫ਼ੈਸਲਾ ਲੈਣ ਦਾ ਅਸਲੀ ਸਮਾਂ ਆਉਂਦਾ ਹੈ, ਕਈ ਸੰਭਾਵੀ ਦਾਨੀ ਮੂੰਹ ਫੇਰ ਲੈਂਦੇ ਹਨ ਕਿਉਂਕਿ ਉਹ ਸੰਭਵ ਤੌਰ ਤੇ ਹੋਣ ਵਾਲੀ ਬੇਆਰਾਮੀ ਬਾਰੇ ਸੁਣਦੇ ਹਨ ਜਾਂ ਆਪਣੇ ਸਟੈਮ ਸੈੱਲ ਦਾਨ ਕਰਨ ਦੇ ਗੰਭੀਰ ਪ੍ਰਭਾਵਾਂ ਬਾਰੇ ਸੋਚਦੇ ਹਨ ਜਦ ਕਿ ਮ੍ਰਿਤ ਵਿਅਕਤੀ ਦੇ ਅੰਗ ਦਾਨ ਕਰਨ ਨਾਲ ਦਾਨੀ 'ਤੇ ਕੋਈ ਅਸਰ ਨਹੀਂ ਪੈਂਦਾ, ਜਿਉਂਦੇ ਵਿਅਕਤੀ ਵਲੋਂ ਸੈੱਲ ਦਾਨ ਕਰਨਾ ਇਕ ਚੁਣੌਤੀ ਹੈ।

***ਭਾਵੇਂ ਕਿ ਪੈਰੀਫਰਲ ਖ਼ੂਨ ਸਟੈਮ ਦਾਨ ਬਿਨਾਂ ਕਿਸੇ ਚੀਰਫਾੜ ਦੀ ਪ੍ਰਕਿਰਆ ਹੈ, ਫਿਰ ਵੀ ਕਿਸੇ ਵਿਅਕਤੀ ਨੂੰ ਕਈ ਵਾਰ ਹਸਪਤਾਲ ਜਾਣਾ ਪੈਂਦਾ ਹੈ ਅਤੇ ਸਟੈਮ ਸੈੱਲ ਦੇਣ ਤੋਂ ਰਤਾ ਪਹਿਲਾਂ ਇਕ ਦਵਾਈ ਲੈਣੀ ਪੈਂਦੀ ਹੈ ਤਾਂ ਕਿ ਦਾਨੀ ਦੀ ਸਟੈਮ ਸੈੱਲ ਉਤਪਾਦਨ ਦਰ ਵਧਾਈ ਜਾ ਸਕੇ ਅਤੇ ਫਿਲਗ੍ਰੈਸਟਿਮ ਦਵਾਈ ਜੋ ਡੀ ਐੱਨ ਏ ਤਕਨੀਕ ਦੁਆਰਾ ਬਣਾਈ ਜਾਂਦੀ ਹੈ, ਇਸ ਦੇ ਕੁਝ ਸਾਈਡ ਇਫੈਕਟ ਵੀ ਹੁੰਦੇ ਹਨ, ਜੋ ਕਿ ਜ਼ਿਆਦਾ ਵੱਡੇ ਨਹੀਂ ਹੁੰਦੇ। ਔਖੀ ਹਾਲਤ ਵਿਚ ਵੀ, ਤਿੱਲੀ ਤੇ ਅਸਰ ਪੈਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਸੋ, ਜਾਣਕਾਰੀ ਇਕ ਬਹੁਤ ਅਹਿਮ ਪੱਖ ਹੈ ਅਤੇ ਜੇ ਲੋਕਾਂ ਨੂੰ ਇਸ ਪ੍ਰਕਿਰਿਆ ਬਾਰੇ ਜਾਣਕਾਰੀ ਹੋ ਜਾਵੇ ਤਾਂ ਕੋਈ ਸਮੱਸਿਆ ਨਹੀਂ ਹੋਵੇਗੀ।***

ਇਹ ਦੁਨੀਆਂ ਭਰ ਵਿਚ ਵੇਖਿਆ ਜਾ ਚੁੱਕਾ ਹੈ ਪਰ ਜਾਣਕਾਰੀ ਅਤੇ ਜਾਗਰੂਕਤਾ ਫੈਲਾਉਣ ਦੀ ਬਹੁਤ ਵੱਡੀ ਲੋੜ ਮਹਿਸੂਸ ਹੁੰਦੀ ਹੈ। ਇਹ ਸਮੱਸਿਆ ਪਿੱਛੇ ਜਿਹੇ ਦੁਨੀਆਂ ਭਰ ਵਿਚ ਉਜਾਗਰ ਕੀਤੀ ਗਈ ਜਦੋਂ ਪ੍ਰੋਫੈਸਰ ਨਲਿਨੀ ਅੰਬਾਦੀ ਦੀ ਮੌਤ ਹੋਈ ਜੋ ਸਟੈਨਫਰਡ ਯੂਨੀਵਰਸਿਟੀ, ਅਮਰੀਕਾ ਵਿਚ ਸਾਈਕੋਲੋਜੀ ਪੜ੍ਹਾਉਂਦੇ ਸਨ ਅਤੇ ਬਲੱਡ ਕੈਂਸਰ ਦੇ ਇਕ ਰੂਪ, ਐਕਿਊਟ ਮਿਉਲੋਇਡ ਲੁਕੇਮੀਆ ਦਾ ਸ਼ਿਕਾਰ ਹੋ ਗਏ। ਅੰਬਾਦੀ ਦਾ ਭਾਰਤੀ-ਅਮਰੀਕੀ ਪਰਿਵਾਰ ਅਤੇ ਦੋਸਤਾਂ ਵਲੋਂ ਸਟੈਮ ਸੈੱਲ ਦੀ ਭਾਲ ਲਈ ਇਕ ਵੱਡੀ ਖੋਜ ਸ਼ੁਰੂ ਕੀਤੀ ਗਈ ਜੋ ਉਸ ਦੇ ਸਰੀਰ ਦੇ ਅਨੁਕੂਲ ਹੋਵੇ। ਇਸ ਸੰਘਰਸ਼ ਵਿਚ ਇਕ ਦਾਨੀ ਲੱਭਣਾ ਸੀ ਜਿਸ ਦੀ ਬੋਨ ਮੈਰੋ ਅਤੇ ਇਸ ਦੇ ਸਿਹਤਮੰਦ ਖ਼ੂਨ ਦੇ ਸਟੈਮ ਸੈੱਲ (ਉਹ ਸੈੱਲ ਜੋ ਮਨੁੱਖੀ ਸਰੀਰ ਦੇ ਸਾਰੇ ਖ਼ੂਨ ਦੇ ਸੈੱਲ ਨਿਰਮਿਤ ਕਰਦੇ ਹਨ) ਮੁੜ ਉਤਪਤੀ ਇਲਾਜ ਦੇ ਲਈ ਇਸਤੇਮਾਲ ਕੀਤੇ ਜਾ ਸਕਣ। ਸਟੈਮ ਸੈੱਲ ਦੇ ਪ੍ਰਤਿਰੋਪਣ ਦੁਆਰਾ ਤਾਜ਼ਾ ਅਤੇ ਸਿਹਤਮੰਦ ਖ਼ੂਨ ਦੇ ਸੈੱਲ ਦੀ ਮੁੜ ਉਤਪਤੀ ਮਨੁੱਖੀ ਇਲਾਜ ਦੀ ਪ੍ਰਗਤੀਸ਼ੀਲ ਕਹਾਣੀ ਦੇ ਮਾਮਲੇ ਵਿਚ ਇਕ ਬੇ ਹੱਦ ਅਹਿਮ ਕਦਮ ਹੈ, ਜਦ ਕਿ ਬੀਮਾਰੀਆਂ ਦੀ ਸੂਚੀ ਲੰਮੀ ਹੈ ਜਿਨ੍ਹਾਂ ਦਾ ਇਲਾਜ ਸਿਰਫ਼ ਸਟੈਮ ਸੈੱਲ ਪੱਧਤੀ ਹੀ ਹੈ। ਅੰਬਾਦੀ ਦੇ ਮਾਮਲੇ ਵਿਚ ਇਲਾਜ ਦਾ ਸਿਰਫ਼ ਇਹ ਹੀ ਪ੍ਰਮੁੱਖ ਵਿਕਲਪ ਸੀ। ਉਸ ਦੀ ਮੌਤ ਤੋਂ ਪਹਿਲਾਂ ਦੇ ਕੁੱਝ ਮਹੀਨਿਆਂ ਦੌਰਾਨ ਦਰਜਨ ਭਰ ਸੰਭਾਵੀ ਦਾਨੀ ਪਛਾਣੇ ਗਏ ਪਰ ਉਨ੍ਹਾਂ ਵਿਚੋਂ ਅੱਧੇ ਅਪੂਰਨ ਸਨ ਅਤੇ ਬਾਕੀਆਂ ਨੇ ਦਾਨ ਦੇ ਆਖ਼ਰੀ ਕਦਮ ਵੱਲ ਵਧਣ ਤੋਂ ਹੀ ਇਨਕਾਰ ਕਰ ਦਿਤਾ। ਅੰਬਾਦੀ ਅਤੇ ਉਸ ਦੇ ਪਰਿਵਾਰ ਲਈ ਇਹ ਕਿੰਨਾ ਨਿਰਾਸ਼ਾ ਅਤੇ ਉਦਾਸੀ ਭਰਿਆ ਸਮਾਂ ਹੋਵੇਗਾ, ਇਹ ਸੋਚਣ ਤੋਂ ਵੀ ਬਾਹਰਾ ਹੈ। ਹੁਣ ਸੋਚਣ ਵਾਲੀ ਗੱਲ ਹੈ ਕਿ ਮਨੁੱਖੀ ਸੰਘਰਸ਼ ਦੇ ਬੇ ਮਿਸਾਲ ਅਫਸਾਨੇ ਸਾਨੂੰ ਕਿਸੇ ਅਸਲ ਹੱਲ ਵੱਲ ਲਿਜਾਉਂਦੇ ਹਨ ਜਾਂ ਨਹੀਂ। ਸਮੱਸਿਆ ਖੋਜ ਦੀ ਸ਼ੁਰੂਆਤ ਅਤੇ ਅੰਤ ਦਰਮਿਆਨ ਬਹੁਤ ਵੱਡਾ ਅੰਧਕਾਰ ਹੈ – ਕੋਈ ਪਤਾ ਨਹੀਂ ਲਗਦਾ ਕਿ ਨਤੀਜਾ ਕੀ ਹੋਵੇਗਾ। ਜਾਂ ਸਫਲਤਾ ਦੀ ਖ਼ੁਸ਼ੀ ਭਰੀ ਕਹਾਣੀ ਜਾਂ ਫਿਰ ਲਾਚਾਰ ਅਤੇ ਚਿੰਤਾਗ੍ਰਸਤ ਮਿੱਤਰ ਪਿਆਰੇ ਅਤੇ ਪਰਿਵਾਰ। ਜਦੋਂ ਕੋਈ ਚਾਰਾ ਨਾ ਚੱਲੇ ਤਾਂ ਕੀ ਕੀਤਾ ਜਾਏ? ਜੇ ਅਸੀਂ ਅਣਿਆਈ ਮੌਤ ਤੋਂ ਵੱਧ ਤੋਂ ਵੱਧ ਜਾਨਾਂ ਨਹੀਂ ਬਚਾ ਸਕਦੇ ਤਾਂ ਇਹ ਪ੍ਰਣਾਲੀ, ਕਾਨੂੰਨ ਬਣਾਉਣ ਅਤੇ ਸੰਸਾਧਨ ਜੁਟਾਉਣ ਦਾ ਕੀ ਫ਼ਾਇਦਾ? ਇਹ ਦਿਲਾਂ ਨੂੰ ਧੂਹ ਪਾਉਣ ਵਾਲੇ ਸਵਾਲ ਜਵਾਬ ਮੰਗਦੇ ਹਨ।

ਅੱਖਾਂ ਦਾਨ ਕਰਨ ਦੇ ਮਾਮਲੇ ਵਿਚ ਵੀ, ਜੋ ਘੱਟ ਜਟਿਲ ਲਗਦਾ ਹੈ ਕਿਉਂਕਿ ਇਸ ਵਿਚ ਮਰਨ ਵਾਲੇ ਦੀ ਇੱਛਾ ਪੂਰਨ ਕਰਨ ਦੀ ਗੱਲ ਹੁੰਦੀ ਹੈ ਜਾਂ ਉਸ ਪਰਿਵਾਰ ਦੀ ਗੁਜ਼ਰ ਚੁੱਕੇ ਪਰਿਵਾਰਕ ਮੈਂਬਰਾਂ ਦੀਆਂ ਅੱਖਾਂ ਦਾਨ ਕਰਨੀਆਂ ਚਾਹੁੰਦੇ ਹਨ – ਇਹ ਵੀ ਫ਼ੈਸਲਾ ਨਾ ਲੈ ਸਕਣ ਦੇ ਅਧਰੰਗ ਦਾ ਸ਼ਿਕਾਰ ਹੈ। ਹਾਲੀਆ ਉਤਸ਼ਾਹ ਦੇਣ ਵਾਲੇ ਰੁਝਾਨਾਂ ਦੇ ਬਾਵਜੂਦ ਵੀ ਬਹੁਤ ਵੱਡੇ ਖੱਪੇ ਹਨ। ਇਸ ਖੇਤਰ ਦੇ ਇਕ ਮਾਹਰ ਨੇ ਕੁੱਝ ਸਾਲ ਪਹਿਲਾਂ ਮੈਨੂੰ ਆਖਿਆ ਸੀ, "ਦਾਨੀ ਫਾਰਮ ਅਤੇ ਸਹੁੰ ਪੱਤਰ ਆਦਿ ਭਰ ਕੇ ਬਿਲਕੁਲ ਤਿਆਰ ਹੋ ਸਕਦਾ ਹੈ। ਪਰ ਜਦੋਂ ਉਸ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਛਿਣ ਦਾ ਦੁੱਖ ਉਸ ਦੇ ਨਜ਼ਦੀਕੀ ਪਰਿਵਾਰ ਨੂੰ ਸੁੰਨ ਕਰ ਦਿੰਦਾ ਹੈ ਜਾਂ ਕਈ ਵਾਰ ਬਿਲਕੁਲ ਪ੍ਰਤਿਕੂਲ ਪ੍ਰਤਿਕਰਮ ਵੀ ਹੋ ਜਾਂਦਾ ਹੈ। ਵੇਲੇ ਸਿਰ ਕਾਰਵਾਈ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ, ਮੌਤ ਤੋਂ ਕੁੱਝ ਘੰਟਿਆਂ ਦੇ ਅੰਦਰ ਪੁਤਲੀਆਂ ਨੂੰ ਕੱਢਣਾ, ਜਿਸ ਤੋਂ ਉਪਰੰਤ ਇਹ ਬੇਕਾਰ ਹੋ ਜਾਂਦੀਆਂ ਹਨ।" ਭਰੋਸੇ ਯੋਗ ਅਤੇ ਸਪੱਸ਼ਟ ਅੰਕੜੇ ਮਿਲਣੇ ਮੁਸ਼ਕਿਲ ਹਨ, ਪਰ ਭਾਰਤ ਵਿਚ ਇਕ ਅਨੁਮਾਨ ਅਨੁਸਾਰ 12 ਮਿਲੀਅਨ ਪੁਤਲੀ ਦੇ ਅੰਨ੍ਹੇਪਨ ਦੇ ਸ਼ਿਕਾਰ ਹਨ, ਅਜਿਹੀ ਹਾਲਤ ਜਿਸ ਨੂੰ ਮ੍ਰਿਤ ਵਿਅਕਤੀ ਦੀਆਂ ਸਿਹਤਮੰਦ ਪੁਤਲੀਆਂ ਦਾ ਪ੍ਰਤਿਰੋਪਣ ਕਰਕੇ ਠੀਕ ਕੀਤਾ ਜਾ ਸਕਦਾ ਹੈ। ਇਨ੍ਹਾਂ 2 ਮਿਲੀਅਲ ਵਿਚੋਂ ਵੀ ਸਾਰੇ ਪ੍ਰਤਿਰੋਪਣ ਦੇ ਕਾਬਲ ਨਹੀਂ ਹੁੰਦੇ ਪਰ ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲਾ ਵਲੋਂ 2011–12 ਵਿਚ ਨੈਸ਼ਨਲ ਪ੍ਰੋਗਰਾਮ ਫਾਰ ਕੰਟਰੋਲ ਆਫ ਬਲਾਈਂਡਨੈਸ ਦੇ ਅੰਕੜਿਆਂ ਮੁਤਾਬਿਕ ਦੇਸ਼ ਵਿਚ 49,000 ਤੋਂ ਕੁਝ ਵੱਧ ਅੱਖਾਂ ਹੀ ਦਾਨ ਕੀਤੀਆਂ ਗਈਆਂ। ਗੁਰਦੇ, ਜਿਗਰ ਜਾਂ ਦਿਲ ਦਾਨ ਕਰਨ ਵਾਲਿਆਂ ਦੀ ਵੀ ਇਹੋ ਕਹਾਣੀ ਹੈ।

ਕੇਂਦਰ-ਰਾਜ ਸੰਬੰਧਾਂ ਅਤੇ ਤਣਾਅ ਦੇ ਚਲਦਿਆਂ ਜਦੋਂ ਜਨ ਸਿਹਤ ਦੇ ਖੇਤਰ ਵਿਚ ਕਾਨੂੰਨ ਬਣਾਉਣ ਦੀ ਗੱਲ ਆਉਂਦੀ ਹੈ ਤਾਂ ਕੁੱਝ ਰਾਜਾਂ ਵਲੋਂ ਮਿਸਾਲੀ ਕੰਮ ਕੀਤਾ ਗਿਆ ਹੈ ਕਿ ਇਸ ਨੂੰ ਕਿੰਝ ਅਮਲੀ ਜਾਮਾ ਪਹਿਨਾਇਆ ਜਾ ਸਕਦਾ ਹੈ ਤਾਂ ਜੋ ਅੰਗ ਪ੍ਰਾਪਤ ਕਰਨ ਦੇ ਲੋੜਵੰਦਾਂ ਨੂੰ ਕਿਵੇਂ ਲਾਭ ਪਹੁੰਚਾਇਆ ਜਾ ਸਕੇ। ਪਿਛਲੇ ਸਾਲਾਂ ਵਿਚ ਤਮਿਲਨਾਡੂ ਨੇ ਮੋਹਰੀ ਭੂਮਿਕਾ ਨਿਭਾਈ ਹੈ ਪ੍ਰਗਤੀਸ਼ੀਲ ਕਾਨੂੰਨ ਬਣਾ ਕੇ, ਵਿਆਪਕ ਨੈੱਟਵਰਕ ਸਥਾਪਤ ਕਰਕੇ ਅਤੇ ਸੰਗਠਿਤ ਰਜਿਸਟਰੀ ਬਣਾ ਕੇ, ਜੋ ਚੰਗੀ ਸਿਹਤ ਪ੍ਰਬੰਧਨ ਦੇ ਮੁੱਢਲੇ ਅਸੂਲ ਤਹਿਤ ਕੰਮ ਕਰਦੀ ਹੈ। ਇਸ ਵਲੋਂ ਪੂਰੇ ਭਾਰਤ ਵਿਚ ਹਰੇਕ ਸਾਲ, ਪ੍ਰਤਿ ਮਿਲੀਅਨ 0.8 ਦਾਨ ਕਰਕੇ ਅਗਵਾਈ

ਕੀਤੀ ਗਈ ਹੈ। ਉਸ ਤਾਲਮੇਲ ਅਤੇ ਸੰਗਠਨ ਨੂੰ ਮਾਨਤਾ ਦੇਣੀ ਬਹੁਤ ਅਹਿਮ ਸੀ, ਭਾਵੇਂ ਇਹ ਜਿਉਂਦੇ ਵਿਅਕਤੀ ਤੋਂ ਅੰਗ ਪ੍ਰਤਿਰੋਪਣ ਹੋਵੇ ਜਾਂ ਮ੍ਰਿਤਕ ਤੋਂ ਤਮਿਲਨਾਡੂ ਸਰਕਾਰ ਨੇ ਇਕ ਅਜਿਹਾ ਢਾਂਚਾ ਬਣਾਇਆ ਜਿਸ ਨਾਲ ਸੰਭਾਵੀ ਦਾਨੀਆਂ ਨੂੰ ਪਾਰਦਰਸ਼ੀ ਤਰੀਕੇ ਨਾਲ ਅੰਗ ਅਲਾਟ ਕੀਤੇ ਜਾ ਸਕਣ। ਇਹ ਸਾਰਾ ਕੁੱਝ ਰਾਜ ਵਲੋਂ ਮਾਹਰਾਂ ਨਾਲ ਸਲਾਹ-ਮਸ਼ਵਰੇ ਵਰਕਸ਼ਾਪ ਅਤੇ ਗਹਿਰੀ ਖੋਜ ਤੋਂ ਬਾਅਦ ਕੀਤਾ ਗਿਆ ਤਾਂ ਜੋ ਉੱਚਿਤ ਦਿਸ਼ਾ-ਨਿਰਦੇਸ਼ ਤਿਆਰ ਕੀਤੇ ਜਾ ਸਕਣ। ਅੱਜ ਮ੍ਰਿਤਕ ਵਿਅਕਤੀਆਂ ਤੋਂ ਅੰਗ ਪ੍ਰਤਿਰੋਪਣ ਦੇ ਮਾਮਲੇ ਵਿਚ ਤਮਿਲਨਾਡੂ ਮੋਹਰੀ ਹੈ। ਕੇਰਲ ਵਿਚ ਸੰਨ 2012 ਵਿਚ ਪ੍ਰਗਤੀਵਾਦੀ ਹੁਕਮ ਜਾਰੀ ਕੀਤੇ ਗਏ ਜਿਨ੍ਹਾਂ ਵਿਚ ਇਹ ਦਰਸਾਇਆ ਗਿਆ ਕਿ ਅੰਗ ਪ੍ਰਤਿਰੋਪਣ ਦੀ ਸਫਲਤਾ, ਖ਼ਾਸ ਕਰਕੇ ਮ੍ਰਿਤ ਵਿਅਕਤੀਆਂ ਤੋਂ ਅੰਗ ਪ੍ਰਤਿਰੋਪਣ ਬਾਰੇ ਸਰਕਾਰ ਜਾਗਰੂਕ ਹੈ ਜੋ ਪ੍ਰਭਾਵਸ਼ਾਲੀ ਦਾਨੀ ਪ੍ਰਬੰਧਨ ਅਤੇ ਅੰਗ ਲੈਣ ਵਾਲੇ ਕੇਂਦਰਾਂ ਅਤੇ ਅੰਗ ਪ੍ਰਤਿਰੋਪਣ ਕੇਂਦਰਾਂ ਵਿਚਾਲੇ ਸੂਖਮ ਤਾਲਮੇਲ 'ਤੇ ਨਿਰਭਰ ਹੈ। ਕੇਰਲ ਨੇ ਅੰਗ ਸਾਂਝਾ ਕਰਨ ਦਾ 'ਕੇਰਲ ਨੈੱਟਵਰਕ' ਬਣਾਇਆ ਜੋ ਤਮਿਲਨਾਡੂ ਦੀ ਤਰਜ਼ 'ਤੇ ਮ੍ਰਿਤਕ ਵਿਅਕਤੀਆਂ ਤੋਂ ਅੰਗ ਪ੍ਰਤਿਰੋਪਣ ਦੀ ਰਜਿਸਟਰੀ ਹੈ। ਕੁੱਲ ਮਿਲਾ ਕੇ, ਬਹੁਤ ਕੁੱਝ ਕੀਤਾ ਜਾ ਰਿਹਾ ਹੈ, ਪਰ ਹਾਲੇ ਬੜਾ ਕੁੱਝ ਕਰਨਾ ਬਾਕੀ ਹੈ। ਭਾਵੇਂ ਕਿ ਇਹ ਕਾਲਪਨਿਕ ਹੀ ਜਾਪੇ, ਪਰ ਕਿਸੇ ਦੇਸ਼ ਦਾ ਦ੍ਰਿਸ਼ਟੀ ਪੱਤਰ, ਜਿਥੇ ਕੋਈ ਵੀ ਵਿਅਕਤੀ ਸਿਰਫ਼ ਇਸ ਕਰਕੇ ਆਪਣੀ ਜਾਨ ਨਾ ਗੁਆਵੇ ਕਿ ਵੇਲੇ ਸਿਰ ਅੰਗ ਪ੍ਰਤਿਰੋਪਣ ਨਹੀਂ ਕੀਤਾ ਜਾ ਸਕਿਆ, ਇਸ ਬਾਰੇ ਕੰਮ ਕਰਨ ਦੀ ਲੋੜ ਹੈ। ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਪ੍ਰਨਾਲੀ ਅਤੇ ਨੈੱਟਵਰਕ ਹਨ, ਅਤੇ ਲੱਖਾਂ ਦਿਲਾਂ ਵਿਚ ਪਰਉਪਕਾਰ ਦੀ ਭਾਵਨਾ ਹੈ। ਕਰਨਾ ਸਿਰਫ਼ ਇਹ ਹੈ ਕਿ ਪ੍ਰਨਾਲੀ ਠੀਕ ਤਰੀਕੇ ਨਾਲ ਕੰਮ ਕਰੇ ਅਤੇ ਯਕੀਨੀ ਬਣਾਏ ਕਿ ਜੋ ਵੀ ਕੰਮ ਕਰਨ ਲਈ ਇਸ ਦੀ ਸਥਾਪਨਾ ਹੋਈ ਹੈ, ਉਹ ਹੋਵੇ। ਆਓ, ਇਸ ਸੰਭਾਵਨਾ ਨੂੰ ਇੰਨਾ ਦੂਰ ਨਾ ਜਾਣ ਦੇਈਏ ਕਿ ਅਸੀਂ ਚੰਗੇ ਦਿਨਾਂ ਦੇ ਸੁਪਨੇ ਲੈਣੇ ਹੀ ਛੱਡ ਬੈਠੀਏ।

*(ਲੇਖਕ ਪ੍ਰੋਫੈਸਰ, ਸਿਹਤ ਸੰਚਾਰ, ਪਬਲਿਕ ਹੈਲਥ ਫਾਊਂਡੇਸ਼ਨ ਆਫ਼ ਇੰਡੀਆ ਹੈ।)*

*e-mail:subhadra.menon@phfi.org*

## ਖ਼ਬਰਾਂ ਵਿਚੋਂ ਖ਼ਬਰਾਂ

### ਦੇਸ਼ ਅੰਦਰ 85 ਮਹੱਤਵਪੂਰਨ ਜਲ ਭੰਡਾਰਾਂ ਦੀ ਭੰਡਾਰਨ ਸਮਰੱਥਾ ਸਥਿਤੀ

12 ਜੂਨ, 2014 ਦੀ ਸਥਿਤੀ ਦੇ ਮੁਤਾਬਿਕ ਦੇਸ਼ ਵਿਚ 85 ਮਹੱਤਵਪੂਰਨ ਜਲ ਭੰਡਾਰਾਂ ਦੀ ਭੰਡਾਰਨ ਸਥਿਤੀ ਸਮਰੱਥਾ 39.32 ਬੀ ਸੀ ਐਮ ਹੈ ਜੋ ਇਨ੍ਹਾਂ ਜਲ ਭੰਡਾਰਾਂ ਦੀ ਕੁੱਲ ਮੌਜੂਦਾ ਭੰਡਾਰਨ ਸਥਿਤੀ ਸਮਰੱਥਾ ਦਾ 25 ਪ੍ਰਤਿਸ਼ਤ ਹੈ। ਇਹ ਭੰਡਾਰਨ ਸਮਰੱਥਾ ਪਿਛਲੇ ਦਸ ਸਾਲਾਂ ਦੇ 151 ਪ੍ਰਤਿਸ਼ਤ ਭੰਡਾਰਨ ਦੇ ਔਸਤਨ ਮੁਕਾਬਲੇ ਪਿਛਲੇ ਸਾਲ ਦੇ ਇਸੇ ਅਰਸੇ ਦੇ ਭੰਡਾਰਨ ਦਾ 126 ਪ੍ਰਤਿਸ਼ਤ ਹੈ। ਚਾਲੂ ਵਰ੍ਹੇ ਦੌਰਾਨ ਭੰਡਾਰਨ ਦੀ ਇਹ ਸਮਰੱਥਾ ਪਿਛਲੇ ਭੰਡਾਰਨ ਦੀ ਸਥਿਤੀ ਅਤੇ ਪਿਛਲੇ 10 ਸਾਲਾਂ ਦੀ ਔਸਤ ਭੰਡਾਰਨ ਤੋਂ ਕਿਤੇ ਬਿਹਤਰ ਹੈ। ਕੇਂਦਰੀ ਜਲ ਕਮਿਸ਼ਨ ਦੇਸ਼ ਦੇ 85 ਜਲ ਭੰਡਾਰਾਂ ਦੀ ਹਫ਼ਤਾਵਾਰੀ ਭੰਡਾਰਨ ਸਥਿਤੀ ਉਤੇ ਨਿਗਰਾਨੀ ਰੱਖਦਾ ਹੈ। ਇਨ੍ਹਾਂ ਜਲ ਭੰਡਾਰਾਂ ਵਿਚ 60 ਮੈਗਾਵਾਟ ਤੋਂ ਵੱਧ ਸਥਾਪਿਤ ਸਮਰੱਥਾ ਯੁਕਤ ਪਣ-ਬਿਜਲੀ ਵਾਲੇ 37 ਜਲ ਭੰਡਾਰ ਸ਼ਾਮਿਲ ਹਨ। ਇਨ੍ਹਾਂ ਜਲ ਭੰਡਾਰਾਂ ਦੀ ਕੁੱਲ ਭੰਡਾਰਨ ਸਮਰੱਥਾ 155.046 ਬੀ ਸੀ ਐੱਮ ਹੈ ਜੋ ਦੇਸ਼ ਵਿਚ 153.388 ਬੀ ਸੀ ਐੱਮ ਅਨੁਮਾਨਤ ਭੰਡਾਰਨ ਸਮਰੱਥਾ ਦਾ ਲਗਭਗ 61 ਪ੍ਰਤਿਸ਼ਤ ਹੈ। ਉੱਤਰੀ ਖੇਤਰ ਵਿਚ ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਰਾਜਸਥਾਨ ਸ਼ਾਮਿਲ ਹਨ। ਇਸ ਖੇਤਰ ਵਿਚ 6 ਜਲ ਭੰਡਾਰ ਹਨ ਜਿਨ੍ਹਾਂ ਦੀ ਕੁੱਲ ਭੰਡਾਰਨ ਸਮਰੱਥਾ 18.01 ਬੀ ਸੀ ਐੱਮ ਹੈ। ਇਨ੍ਹਾਂ ਦੀ ਜਲ ਭੰਡਾਰਨ ਸਮਰੱਥਾ 39 ਪ੍ਰਤਿਸ਼ਤ ਹੈ। ਇਨ੍ਹਾਂ ਜਲ ਭੰਡਾਰਾਂ ਦੀ ਪਿਛਲੇ ਦਸ ਸਾਲਾਂ ਦੌਰਾਨ ਸੰਬੰਧਿਤ ਅਰਸੇ ਲਈ ਔਸਤ ਭੰਡਾਰਨ ਸਮਰੱਥਾ 25 ਪ੍ਰਤਿਸ਼ਤ ਦੇ ਮੁਕਾਬਲੇ ਪਿਛਲੇ ਸਾਲ ਦੇ ਇਸੇ ਸਮੇਂ ਦੌਰਾਨ ਭੰਡਾਰਨ ਸਮਰੱਥਾ 34 ਪ੍ਰਤਿਸ਼ਤ ਸੀ। ਪਿਛਲੇ 10 ਸਾਲਾਂ ਦੌਰਾਨ ਔਸਤ ਭੰਡਾਰਨ ਦੇ ਮੁਕਾਬਲੇ ਚਾਲੂ ਸਾਲ ਦੌਰਾਨ ਇਹ ਕਿਤੇ ਬਿਹਤਰ ਹੈ।

### ਘੱਟ ਉੱਚਾਈ ਵਾਲੀ ਆਕਾਸ਼ ਮਿਜ਼ਾਇਲ ਦੀ ਉਡਾਣ ਦੀ ਸਫਲ ਪਰਖ

ਓਡੀਸ਼ਾ ਦੇ ਇੰਟੀਗ੍ਰੇਟਿਡ ਟੈਸਟ ਰੇਂਜ, ਬਾਲਾਸੋਰ ਤੋਂ ਬਾਉਂਡਰੀ ਮਿਸ਼ਨ ਨੇੜੇ ਕਾਫ਼ੀ ਘੱਟ ਉੱਚਾਈ ਵਿਚ ਆਕਾਸ਼ ਮਿਜ਼ਾਇਲ ਦਾ ਸਫਲਤਾ-ਪੂਰਵਕ ਪ੍ਰੀਖਣ ਕੀਤਾ ਗਿਆ। ਉਡਾਣ ਦਾ ਇਹ ਪ੍ਰੀਖਣ ਆਕਾਸ਼ ਸੁਪਰਸੋਨਿਕ ਮਿਜ਼ਾਇਲ ਦੇ ਪਹਿਲੇ ਉਤਪਦਾਨ ਮਾਡਲਾਂ ਉੱਤੇ ਸੈਨਾ ਵਲੋਂ ਸੰਚਾਲਿਤ ਮਾਨਤਾ ਪ੍ਰੀਖਣਾਂ ਵਿਚ ਅਖੀਰਲਾ ਸੀ। ਸੁਪਰਸੋਨਿਕ ਮਿਜ਼ਾਇਲ ਵਿਚ ਸਮੁੰਦਰੀ ਤਲ ਤੋਂ 30 ਮੀਟਰ ਦੀ ਉੱਚਾਈ ਉੱਤੇ ਤੇਜ਼ੀ ਨਾਲ ਜਾ ਰਹੇ ਕਾਫ਼ੀ ਛੋਟੇ ਮਨੁੱਖੀ ਰਹਿਤ ਬੰਸ਼ੀ ਜਹਾਜ਼ ਨੂੰ ਇੰਟਰਸੇਪਟ ਕੀਤਾ ਜੋ ਸਬਸੋਨਿਕ ਕਰੂਜ ਮਿਜ਼ਾਇਲ ਪ੍ਰਤਿ ਸਮਰੱਥਾਵਾਨ ਪ੍ਰਣਾਲੀ ਸਾਬਿਤ ਹੋਈ। ਅਤਿ ਆਧੁਨਿਕ ਬਹੁ ਪ੍ਰਣਾਲੀ ਰਾਡਾਰ ਨਾਲ ਜੁੜੀਆਂ ਵਿਸ਼ੇਸ਼ਤਾਵਾਂ ਦੇ ਬਲ ਉਤੇ ਇਸ ਨੇ ਘੱਟ ਉੱਚਾਈ ਤੋਂ ਉੱਡਦੇ ਟੀਚੇ ਦਾ ਨਿਰੰਤਰ ਪਤਾ ਲਗਾਇਆ। ਸਮੁੰਦਰ ਤੋਂ ਆਉਂਦੀ ਬਹੁਵਿਧੀ ਟੀਚੇ ਦੀਆਂ ਪ੍ਰਤਿਧਵਨੀਆਂ ਦਾ ਪਤਾ ਲਗਾਉਣ ਲਈ ਡੀ ਆਰ ਡੀ ਓ ਵਲੋਂ ਵਿਕਸਤ ਵਿਸ਼ੇਸ਼ ਤਕਨੀਕਾਂ ਨੇ ਇਸ ਮਿਸ਼ਨ ਵਿਚ ਚੰਗੀ ਤਰ੍ਹਾਂ ਕੰਮ ਕੀਤਾ। ਰੱਖਿਆ ਮੰਤਰੀ ਦੇ ਵਿਗਿਆਨਿਕ ਸਲਾਹਕਾਰ, ਰੱਖਿਆ ਖੋਜ ਅਤੇ ਵਿਕਾਸ ਵਿਭਾਗ ਦੇ ਸਕੱਤਰ ਅਤੇ ਡੀ ਆਰ ਡੀ ਓ ਮਹਾਂਨਿਦੇਸ਼ਕ ਸ੍ਰੀ ਅਵਿਨਾਸ਼ ਚੰਦਰ ਨੇ ਡੀ ਆਰ ਡੀ ਓ ਦੀਆਂ ਟੀਮਾਂ ਉਤਪਾਦਨ ਏਜੰਸੀਆਂ ਅਤੇ ਸੈਨਾ ਨੂੰ ਬਾਊਂਡਰੀ ਮਿਸ਼ਨ ਨੇੜੇ ਘੱਟ ਉੱਚਾਈ ਵਿਚ ਟੀਚੇ ਦਾ ਪਤਾ ਲਗਾਉਣ ਬਾਰੇ ਸਫਲਤਾਪੂਰਵਕ ਪ੍ਰਦਰਸ਼ਨ ਲਈ ਵਧਾਈ ਦਿਤੀ।

### ਕੋਲਕਾਤਾ ਹਵਾਈ ਅੱਡੇ ਨੂੰ ਮਿਲਿਆ ਸਰਵਿਸ ਕੁਆਲਿਟੀ ਐਵਾਰਡ

ਕੋਲਕਾਤਾ ਏਅਰ ਪੋਰਟ ਨੂੰ ਏਅਰ ਪੋਰਟ ਸਰਵਿਸ ਕੁਆਲਿਟੀ ਸਰਵਿਸ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਏਅਰ ਪੋਰਟ ਅਥਾਰਿਟੀ ਕੌਂਸਿਲ ਇੰਟਰਨੈਸ਼ਨਲ ਵਲੋਂ ਪ੍ਰਦਾਨ ਕੀਤਾ ਜਾਣ ਵਾਲਾ ਇਹ ਪੁਰਸਕਾਰ ਏਸ਼ੀਆ ਪ੍ਰਸ਼ਾਂਤ ਖੇਤਰ ਵਿਚ ਸਭ ਤੋਂ ਵਧੀਆ ਏਅਰਪੋਰਟ ਵਰਗ ਲਈ ਦਿਤਾ ਗਿਆ ਹੈ। ਇਸ ਵਰਗ ਵਿਚ ਉਨ੍ਹਾਂ ਏਅਰਪੋਰਟਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਨੇ ਸਾਲ 2012-13 ਦੌਰਾਨ ਆਪਣੇ ਖੇਤਰ ਵਿਚ ਏ ਐੱਸ ਕਿਊ ਪੱਧਰ ਦੇ ਮੁਤਾਬਿਕ ਸਭ ਤੋਂ ਵੱਧ ਸੁਧਾਰ ਕੀਤੇ ਹਨ।

*– ਪੀ.ਆਈ.ਬੀ. ਜਲੰਧਰ*

# ਕੀ ਖੇਤੀਬਾੜੀ ਵਿਕਾਸ, ਅਨੁਕੂਲਤਾ ਤੇ ਨੁਕਸਾਨ ਘੱਟ ਕਰਨ ਵਿਚਾਲੇ ਸਮਝੌਤਾ ਹੈ?

ਅਸ਼ਵਿਨੀ ਕੇ. ਸਵੈਨ

ਵਿਸ਼ਵ ਜਲ-ਵਾਯੂ ਸੰਬੰਧੀ ਵਿਚਾਰ-ਵਟਾਂਦਰਿਆਂ ਵਿਚ ਭਾਰਤ ਦਾ ਚਿਰਾਂ ਤੋਂ ਦ੍ਰਿਸ਼ਟੀਕੋਨ ਇਹ ਹੈ ਕਿ ਖੇਤੀਬਾੜੀ ਸੰਬੰਧੀ ਕੋਈ ਵੀ ਚਰਚਾ ਅਨੁਕੂਲਣ, ਨਾ ਕਿ ਤਕਲੀਫ਼ਾਂ ਘੱਟ ਕਰਨ ਦੇ ਖੇਤਰ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਸਰਕਾਰ ਇਸ ਖੇਤਰ ਨੂੰ ਸਪੱਸ਼ਟ ਤੌਰ ਤੇ ਪਹੁੰਚ ਤੋਂ ਬਾਹਰ ਦਾ ਖੇਤਰ ਸਮਝਦੀ ਹੈ – ਨਿਕਾਸ ਨੂੰ ਘਟਾਉਣ ਦੇ ਮਾਮਲੇ ਵਿਚ – ਕਿਉਂਕਿ ਖੇਤੀਬਾੜੀ ਇਕ ਸੰਵੇਦਨਸ਼ੀਲ ਮੁੱਦਾ ਹੈ ਅਤੇ ਨੁਕਸਾਨ ਘੱਟ ਕਰਨ ਦੇ ਚੱਕਰ ਵਿਚ ਲੋਕਾਂ ਦੇ ਰੁਜ਼ਗਾਰ 'ਤੇ ਅਸਰ ਪੈ ਸਕਦਾ ਹੈ। ਕੀ ਇਹ ਡਰ ਜਾਇਜ਼ ਹੈ? ਕੀ ਖੇਤੀਬਾੜੀ ਵਿਕਾਸ ਅਨੁਕੂਲਣ ਅਤੇ ਨੁਕਸਾਨ ਨੂੰ ਘੱਟ ਕਰਨ ਦਰਮਿਆਨ ਕੋਈ ਸਮਝੌਤਾ ਹੈ?

## ਭਾਰਤੀ ਖੇਤੀ ਤੇ ਜਲਵਾਯੂ ਪਰਿਵਰਤਨ

ਉਦਯੋਗੀਕਰਨ ਦੇ ਦਹਾਕਿਆਂ ਬਾਅਦ ਵੀ ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਭਾਵੇਂ ਕਿ ਵਿਸ਼ਵ ਵਿਚ ਇਹ ਰੁਝਾਨ ਘਟ ਰਿਹਾ ਹੈ ਤਾਂ ਵੀ ਵਰਲਡਵਾਚ ਇੰਸਟੀਚਿਊਟ ਅਨੁਸਾਰ ਭਾਰਤ ਵਿਚ 1980–2011 ਦਰਮਿਆਨ ਖੇਤੀਬਾੜੀ ਵਸੋਂ ਵਿਚ 50 ਪ੍ਰਤਿਸ਼ਤ ਦਾ ਵੱਡਾ ਵਾਧਾ ਹੋਇਆ ਹੈ। ਇਸ ਤੋਂ ਉਲਟ, ਖੇਤੀਬਾੜੀ ਦਾ ਕੁੱਲ ਘਰੇਲੂ ਉਤਪਾਦ ਵਿਚ ਯੋਗਦਾਨ ਆਜ਼ਾਦੀ ਤੋਂ ਬਾਅਦ ਹੌਲੀ-ਹੌਲੀ ਘਟ ਰਿਹਾ ਹੈ। ਫਿਰ ਵੀ, ਭਾਰਤ ਦੀ ਆਰਥਿਕਤਾ ਅਤੇ ਨੀਤੀ ਨਿਰਧਾਰਨ ਵਿਚ ਭਾਰਤੀ ਖੇਤੀ ਦੀ ਭੂਮਿਕਾ ਇਸ ਦੇ ਕੁੱਲ ਘਰੇਲੂ ਉਤਪਾਦ ਵਿਚ ਯੋਗਦਾਨ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੈ। ਇਸ ਵਿਚ ਅੱਧੇ ਤੋਂ ਵੱਧ ਕਾਮਿਆਂ ਦੀ ਗਿਣਤੀ ਰੁੱਝੀ ਹੋਈ ਹੈ, ਲਗਭਗ ਦੋ ਤਿਹਾਈ ਵਸੋਂ ਨੂੰ ਰੋਜ਼ੀ-ਰੋਟੀ ਪ੍ਰਦਾਨ ਕਰਦੀ ਹੈ ਅਤੇ ਸੈਂਕੜੇ ਸਾਲਾਂ ਤੋਂ ਅਨਾਜ ਮਹਿੰਗਾਈ ਦਾ ਸਭ ਤੋਂ ਵੱਡਾ ਕਾਰਨ ਰਿਹਾ ਹੈ, ਜਿਸ ਨੇ ਹੈਰਾਨੀਜਨਕ ਗਰੀਬੀ ਨੂੰ ਵਧਾਉਣ ਵਿਚ ਹਿੱਸਾ ਪਾਇਆ ਹੈ।

ਜਦ ਕਿ ਭਾਰਤ ਖੇਤੀ ਉਤਪਾਦਾਂ ਦਾ ਸ਼ੁੱਧ ਨਿਰਯਾਤਕ ਬਣ ਕੇ ਉੱਭਰਿਆ ਹੈ, ਜ਼ਰੂਰੀ ਖਾਣ ਦੀਆਂ ਵਸਤਾਂ ਜਿਵੇਂ ਦਾਲਾਂ ਅਤੇ ਕੁਕਿੰਗ ਤੇਲ ਲਈ ਇਹ ਹਾਲੇ ਵੀ ਆਯਾਤ 'ਤੇ ਨਿਰਭਰ ਹੈ। ਭਾਵੇਂ ਕਿ ਅਨਾਜ ਸਮਰਥਾ ਕੋਈ ਦੂਰ ਦੀ ਗੱਲ ਨਹੀਂ, ਹੇਠਲੇ ਪੱਧਰ 'ਤੇ ਅਨਾਜ ਸੁਰੱਖਿਆ ਹਾਲੇ ਵੀ ਇਕ ਵੱਡੀ ਚੁਨੌਤੀ ਹੈ। ਇਸ ਖੇਤਰ ਦੀ ਕਾਰਗੁਜ਼ਾਰੀ ਵਿਚ ਲਗਾਤਾਰ ਮੱਠਾਪਨ ਅਨਾਜ ਸੁਰੱਖਿਆ, ਆਮਦਨ ਸੁਰੱਖਿਆ ਅਤੇ ਪੇਂਡੂ ਗਰੀਬੀ ਘਟਾਉਣ ਦੇ ਏਜੰਡੇ ਲਈ ਇਕ ਚਿੰਤਾ ਦਾ ਵਿਸ਼ਾ ਹੈ।

ਜਲ-ਵਾਯੂ ਪਰਿਵਰਤਨ ਦਾ ਇਕ ਕੇਂਦਰ ਹੋਣ ਕਰਕੇ, ਤਿੱਖੇ ਮੌਸਮ ਦੇ ਹਾਲਾਤ ਦੇ ਪ੍ਰਾਥਮਿਕ ਪ੍ਰਭਾਵ ਭਾਰਤ ਵਿਚ ਖੇਤੀ ਦੀ ਬਦਹਾਲੀ ਨੂੰ ਹੋਰ ਮਾੜੀ ਦਸ਼ਾ ਵੱਲ ਲਿਜਾਉਂਦੇ ਨਜ਼ਰ ਆ ਰਹੇ ਹਨ। ਦੇਸ਼ ਵਿਚ ਵਾਹੀਯੋਗ ਜ਼ਮੀਨ ਦਾ 70 ਪ੍ਰਤਿਸ਼ਤ ਸੋਕੇ ਦੇ ਹਾਲਾਤ ਵਾਲਾ ਵਜੋਂ ਅਨੁਮਾਨ ਹੈ, 12 ਪ੍ਰਤਿਸ਼ਤ ਹੜ੍ਹਾਂ ਦਾ ਅਤੇ 8 ਪ੍ਰਤਿਸ਼ਤ ਸਮੁੰਦਰੀ ਤੂਫ਼ਾਨਾਂ ਦਾ। ਇਸੇ ਸਮੇਂ, ਤਾਪਮਾਨ ਵਿਚ ਵਾਧੇ ਕਰਕੇ ਖੇਤੀ ਉਪਜ ਵਿਚ ਕਾਫ਼ੀ ਕਮੀ ਆਉਣ ਦਾ ਕਾਰਨ ਬਣੇਗਾ। ਆਈ ਪੀ ਸੀ ਸੀ ਅਤੇ ਏ ਆਰ 5 ਦੇ ਹਾਲੀਆ ਦਾਅਵੇ, ਥੋੜ੍ਹੇ ਘੱਟ ਵਿਸ਼ਵਾਸ ਵਾਲੇ ਹਨ ਕਿ ਏਸ਼ੀਆਈ ਦੇਸ਼ਾਂ ਵਿਚ ਵੱਧ ਤਾਪਮਾਨ ਚੌਲਾਂ ਦੇ ਝਾੜ 'ਤੇ ਅਸਰ ਪਾਵੇਗਾ ਕਿਉਂਕਿ ਉੱਗਾਉਣ ਦਾ ਸਮਾਂ ਘੱਟ ਹੋ ਜਾਵੇਗਾ। ਦੱਖਣੀ ਏਸ਼ੀਆ ਦੇ ਇੰਡੋ-ਗੰਗੈਟਿਕ ਮੈਦਾਨਾਂ ਵਿਚ ਉੱਚ ਤਾਪਮਾਨ ਅਤੇ ਦੁੱਗਣੇ ਕਾਰਬਨ ਡਾਈਆਕਸਾਈਡ ਨਿਕਾਸ ਕਰਕੇ ਕਣਕ ਦੇ ਝਾੜ ਵਿਚ 50 ਪ੍ਰਤਿਸ਼ਤ ਤਕ ਦੀ ਕਮੀ ਹੋ ਸਕਦੀ ਹੈ। ਇਸੇ ਤਰ੍ਹਾਂ ਹੀ 2020 ਤਕ ਭਾਰਤ ਵਿਚ ਹਰੇ ਚਾਰੇ ਦੀ ਉੱਪਜ ਵਿਚ ਵੀ 2-4 ਪ੍ਰਤਿਸ਼ਤ ਕਮੀ ਆ ਸਕਦੀ ਹੈ ਜੋ 2050 ਅਤੇ 2080 ਤਕ ਹੋਰ ਥੱਲੇ ਡਿੱਗ ਸਕਦੀ ਹੈ। 250 ਮਿਲੀਅਨ ਵਸੋਂ ਦੀ ਅਨਾਜ ਸੁਰੱਖਿਆ ਨਾਲ, ਵਧਦੀ ਮੰਗ ਦੀ ਪੂਰਤੀ ਲਈ ਵਾਧੂ ਅਨਾਜ ਪੈਦਾ ਕਰਨਾ, ਉਹ ਵੀ ਘਟਦੇ ਸਰੋਤਾਂ (ਭੂਮੀ, ਪਾਣੀ ਅਤੇ ਊਰਜਾ) ਦੀ ਉਪਲਬਧਤਾ ਨੂੰ ਧਿਆਨ ਵਿਚ ਰੱਖਦਿਆਂ, ਇਕ ਵੱਡੀ ਚੁਨੌਤੀ ਹੋਵੇਗੀ।

ਜਦ ਕਿ ਇਹ ਖੇਤਰ ਜਲ-ਵਾਯੂ ਪਰਿਵਰਤਨ ਦੇ ਖ਼ਤਰਿਆਂ ਨਾਲ ਭਰਿਆ ਪਿਆ ਹੈ, ਖੇਤੀਬਾੜੀ ਉਤਪਾਦਨ ਇਸ ਸਮੱਸਿਆ ਵਿਚ ਵੱਡਾ ਹਿੱਸਾ ਪਾਉਂਦਾ ਹੈ। ਭਾਰਤ ਦੇ ਕੁੱਲ ਨਿਕਾਸ ਦਾ 17.6 ਪ੍ਰਤਿਸ਼ਤ ਖੇਤੀ ਤੋਂ ਆਉਂਦਾ ਹੈ। ਜੇ ਅਸੀਂ ਖੇਤੀਬਾੜੀ ਖਪਤ ਨਾਲ ਸੰਬੰਧਿਤ ਨਿਕਾਸ, ਜਿਸ ਵਿਚ ਊਰਜਾ ਦੀ ਵਰਤੋਂ ਅਤੇ ਰਸਾਇਣਕ ਖਾਦਾਂ ਦਾ ਉਤਪਾਦਨ ਸ਼ਾਮਿਲ ਹੈ, ਉਹ ਵੀ ਜੋੜ ਲਈਏ ਤਾਂ ਇਸ ਖੇਤਰ ਦਾ ਜੀ ਐੱਸ ਜੀ ਨਿਕਾਸ ਵਿਚ ਯੋਗਦਾਨ 30 ਪ੍ਰਤਿਸ਼ਤ ਤਕ ਪਹੁੰਚ ਜਾਂਦਾ ਹੈ (ਵੇਖੋ ਤਾਲਿਕਾ-1)। ਇਸ ਤਰ੍ਹਾਂ ਇਕ ਆਰਥਿਕ ਕਿਰਿਆ ਵਜੋਂ, ਖੇਤੀਬਾੜੀ ਨਾ ਸਿਰਫ਼ ਘੱਟ ਉਤਪਾਦਕ ਸਗੋਂ ਜ਼ਿਆਦਾ ਕਾਰਬਨ ਛੱਡਣ ਵਾਲੀ ਵਜੋਂ ਉੱਭਰਦੀ ਹੈ ਜੋ ਜਾਰੀ ਰਹਿਣਯੋਗ ਸਥਿਤੀ ਨਹੀਂ ਹੈ।

## ਵਰਤਮਾਨ ਰਣਨੀਤੀਆਂ

ਕੀ ਭਾਰਤ ਦੀ ਘੱਟ ਕਾਰਬਨ ਰਣਨੀਤੀ

ਤਾਲਿਕਾ-1

ਖੇਤੀਬਾੜੀ ਉਤਪਾਦਨ ਅਤੇ ਖਪਤ ਤੋਂ ਜੀ ਐੱਚ ਜੀ ਨਿਕਾਸ (ਐੱਮ ਟੀ ਸੀ $ਓ_{2ਈ}$ ਵਿਚ)

| | |
|---|---|
| ਪਸ਼ੂਧਨ | 212.10 |
| ਧਾਨ ਦੀ ਖੇਤੀ | 69.87 |
| ਮਿੱਥੇ ਪ੍ਰਬੰਧਨ | 43.40 |
| ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣਾ | 6.61 |
| ਗੋਬਰ ਖਾਦ ਪ੍ਰਬੰਧਨ | 2.44 |
| *ਉਪ-ਜੋੜ* | ***334.41*** |
| ਖੇਤੀਬਾੜੀ ਖਪਤ ਨਾਲ ਸੰਬੰਧਿਤ (ਅਸਿੱਧੇ) ਨਿਕਾਸ (ਐੱਮ ਟੀ ਸੀ $ਓ_{2ਈ}$) | |
| ਬਿਜਲੀ ਦੀ ਵਰਤੋਂ | 130.63 |
| ਦੂਸਰੀ ਊਰਜਾ ਦੀ ਵਰਤੋਂ | 33.66 |
| ਰਸਾਇਣਕ ਖਾਦਾਂ ਦੇ ਉਤਪਾਦਨ ਵਿਚ ਊਰਜਾ ਦੀ ਵਰਤੋਂ | 20.57 |
| *ਉਪ-ਜੋੜ* | ***184.86*** |
| ਕੁੱਲ ਜੋੜ | **519.27** |

ਅਤੇ ਕਿਰਿਆ ਵਿਚ ਖੇਤੀਬਾੜੀ ਨੂੰ ਬਨਦਾ ਮਹੱਤਵ ਦਿਤਾ ਗਿਆ ਹੈ? ਵਿਸ਼ਵ ਦੇ ਰੁਝਾਨਾਂ ਅਨੁਸਾਰ, ਭਾਰਤ ਬਿਜਲੀ, ਉਦਯੋਗ ਅਤੇ ਪਰਿਵਹਿਨ ਖੇਤਰਾਂ ਦਾ ਘੱਟ ਕਾਰਬਨ ਵਿਕਾਸ ਲਈ ਪਹਿਲ ਕਰ ਰਿਹਾ ਹੈ।

ਜਲ-ਵਾਯੂ ਪਰਿਵਰਤਨ ਬਾਰੇ ਰਾਸ਼ਟਰੀ ਕਾਰਜ ਯੋਜਨਾ ਦੀਆਂ ਧਾਰਾਵਾਂ ਅਨੁਸਾਰ ਨੈਸ਼ਨਲ ਮਿਸ਼ਨ ਫਾਰ ਸਸਟੇਨੇਬਲ ਐਗਰੀਕਲਚਰ ਨਾਮ ਦਾ ਇਕ ਸਮਰਪਿਤ ਮਿਸ਼ਨ ਸਥਾਪਿਤ ਕੀਤਾ ਗਿਆ ਹੈ ਜਿਸ ਦਾ ਮਕਸਦ ਉਪਯੁਕਤ ਅਨੁਕੂਲਨ ਅਤੇ ਜਲ-ਵਾਯੂ ਪਰਿਵਰਤਨ ਦੇ ਪ੍ਰਭਾਵ ਨੂੰ ਘੱਟ ਕਰਨ ਵਾਲੇ ਤਰੀਕਿਆਂ ਦੁਆਰਾ ਫ਼ਸਲਾਂ ਅਤੇ ਪਸ਼ੂ ਪਾਲਣ ਦੇ ਖੇਤਰਾਂ ਵਿਚ ਭਾਰਤੀ ਖੇਤੀ ਨੂੰ ਜਲ-ਵਾਯੂ ਅਨੁਕੂਲ ਉਤਪਾਦਨ ਪ੍ਰਣਾਲੀ ਵਿਚ ਤਬਦੀਲ ਕਰਨਾ ਹੈ। ਐੱਨ ਐੱਮ ਐੱਸ ਏ ਖੇਤੀਬਾੜੀ ਨੂੰ ਦਰਪੇਸ਼ ਚੁਨੌਤੀਆਂ ਅਤੇ ਬਦਲਦੇ ਜਲ-ਵਾਯੂ ਵਿਚ ਉਨ੍ਹਾਂ ਨਾਲ ਕਿਵੇਂ ਸਿੱਝਿਆ ਜਾ ਸਕਦਾ ਹੈ, ਨੂੰ ਪਛਾਣਨ ਵਿਚ ਅੰਸ਼ਿਕ ਤੌਰ ਤੇ ਸਫਲ ਹੋਇਆ ਹੈ। ਪਰ ਇਹ ਉਨ੍ਹਾਂ ਚੁਨੌਤੀਆਂ ਦੇ ਹੱਲ ਲਈ ਖੋਜਾਂ ਕਰਨ ਵਿਚ ਨਾਕਾਮ ਰਿਹਾ ਹੈ। ਸਰੋਤ ਕੁਸ਼ਲ ਤਕਨੀਕ ਦੀ ਪਹੁੰਚ ਨੂੰ ਉਤਸ਼ਾਹਿਤ ਕਰਨ ਨਾਲ, ਇਹ ਖੇਤੀਬਾੜੀ ਵਿਚ ਪ੍ਰਚਲਿਤ ਗ਼ੈਰ-ਸਿਹਤਮੰਦ ਰਵਾਇਤਾਂ ਨੂੰ ਹੱਲ ਕਰਨ ਵਿਚ ਉੱਕ ਗਿਆ ਹੈ। ਜਦ ਕਿ ਪਾਣੀ ਦੀ ਵਰਤੋਂ ਦੀ ਨਿਪੁੰਨਤਾ 'ਤੇ ਜ਼ੋਰ ਦਿਤਾ ਜਾਂਦਾ ਹੈ, ਰਸਾਇਣਕ ਖਾਦਾਂ ਦੀ ਅਸਾਵੀਂ ਵਰਤੋਂ ਨੂੰ ਅੱਖੋਂ ਓਹਲੇ ਕਰ ਦਿਤਾ ਜਾਂਦਾ ਹੈ; ਪਿਛਲਾ ਵਧਦੀ ਸਿੰਜਾਈ ਦੇ ਪਾਣੀ ਦੀ ਮੰਗ ਦਾ ਮੁੱਖ ਕਾਰਨ ਹੈ। ਹੋਰ, ਬਹੁਤ ਸਾਰੀਆਂ ਪ੍ਰਸਤਾਵਿਤ ਰਣਨੀਤੀਆਂ ਵੱਡੇ ਕਿਸਾਨਾਂ ਨੂੰ ਧਿਆਨ ਵਿਚ ਰੱਖ ਕੇ ਬਣਾਈਆਂ ਗਈਆਂ ਹਨ, ਜੋ ਨਵੇਂ ਸੰਦ ਖਰੀਦ ਸਕਦੇ ਹਨ ਜਦ ਕਿ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿਤਾ ਜਾਂਦਾ ਹੈ। ਭਾਵੇਂ ਕਿ ਮਿਸ਼ਨ ਤਕਨੀਕ ਭਰਪੂਰ ਹੈ ਪਰ ਇਹ ਸਪੱਸ਼ਟ ਨਹੀਂ ਕਰਦਾ ਕਿਵੇਂ ਤਕਨੀਕਾਂ ਦਾ ਸਾਧਨ ਹੋਵੇਗਾ, ਨਾ ਹੀ ਕਮਜ਼ੋਰ ਖੇਤੀਬਾੜੀ ਪਸਾਰ ਸੇਵਾਵਾਂ ਦੀ ਗੱਲ ਕਰਦਾ ਹੈ। ਹੋਰ ਅੱਗੇ, ਉਪਯੁਕਤ ਕਰਜ਼ੇ ਅਤੇ ਬੀਮਾ ਸਹੂਲਤ ਦੀ ਅਣਹੋਂਦ, ਖ਼ਾਸ ਕਰਕੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ, ਇਨ੍ਹਾਂ ਤਕਨੀਕਾਂ ਨੂੰ ਅਪਣਾਉਣ ਦੇ ਰਾਹ ਵਿਚ ਰੁਕਾਵਟ ਬਣੇਗੀ। ਅੰਤ ਵਿਚ, ਕਮਜ਼ੋਰ ਢਾਂਚਾਗਤ ਅਤੇ ਮਨੁੱਖੀ ਸਮਰੱਥਾ ਖੇਤੀਬਾੜੀ ਨੀਤੀ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਨ ਵਿਚ ਇਕ ਮੁੱਖ ਚੁਨੌਤੀ ਹੋਵੇਗੀ। ਅਜਿਹੀ ਅਸਪੱਸ਼ਟ ਨੀਤੀ ਜੋ ਸਿਰਫ਼ ਅਨੁਕੂਲਣ ਦੇ ਕੁੱਝ ਤੌਖਲਿਆਂ ਦਾ ਹੀ ਹੱਲ ਕਰਦੀ ਹੈ, ਯਕੀਨਨ ਇਕ ਸਮਾਨ ਖੇਤੀਬਾੜੀ ਵਿਕਾਸ ਦੇ ਟੀਚੇ ਤੋਂ ਪਿੱਛੇ ਰਹਿੰਦੀ ਲਗਦੀ ਹੈ।

ਪਾਣੀ ਅਤੇ ਊਰਜਾ ਦੀ ਵਰਤੋਂ ਦੀਆਂ ਨਿਪੁੰਨਤਾ ਸੰਬੰਧਿਤ ਦੂਜੀਆਂ ਸਕੀਮਾਂ ਵੀ ਜ਼ਿਆਦਾ ਸਫਲ ਨਹੀਂ ਹੋਈਆਂ। ਸੂਖਮ ਸਿੰਜਾਈ ਤਕਨੀਕਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਾਰੀਆਂ ਸਕੀਮਾਂ, ਜਿਨ੍ਹਾਂ ਦਾ ਖੇਤੀਬਾੜੀ ਵਿਚ ਪਾਣੀ ਦੀ ਵਰਤੋਂ ਨੂੰ ਘੱਟ ਕਰਨ ਵਿਚ ਬਹੁਤ ਜ਼ਿਆਦਾ ਭਵਿੱਖ ਹੈ, ਪਰ ਇਹ ਸਕੀਮਾਂ ਬਿਖਰੀਆਂ ਹੋਈਆਂ ਹਨ ਅਤੇ ਕੁੱਝ ਰਾਜਾਂ ਵਿਚ ਇਨ੍ਹਾਂ ਨੂੰ ਬਹੁਤ ਸੀਮਤ ਸਫਲਤਾ ਮਿਲੀ ਹੈ। ਜਦ ਕਿ ਰਾਜ ਸਰਕਾਰਾਂ ਨੇ ਕਾਫ਼ੀ ਨਿਵੇਸ਼ ਸਬਸਿਡੀਆਂ ਦੇਣ ਲਈ ਪ੍ਰਾਵਧਾਨ ਕੀਤੇ ਹਨ, ਇਨ੍ਹਾਂ ਸਬਸਿਡੀਆਂ ਦਾ ਲਾਭ ਪ੍ਰਾਪਤ ਕਰਨ ਲਈ ਉੱਚ ਲਾਗਤ ਖਰਚਿਆਂ ਕਰਕੇ, ਕਿਸਾਨਾਂ ਨੂੰ ਇਨ੍ਹਾਂ ਤਕਨੀਕਾਂ ਨੂੰ ਅਪਣਾਉਣ ਲਈ ਬਹੁਤ ਘੱਟ ਉਤਸ਼ਾਹ ਦਿਤਾ ਜਾਂਦਾ ਹੈ।

ਨੈਸ਼ਨਲ ਮਿਸ਼ਨ ਆਨ ਐਨਹੈਂਸਡ ਐਨਰਜੀ ਐਫੀਸ਼ੈਂਸੀ ਦੇ ਤਹਿਤ, ਭਾਰਤ ਵਲੋਂ ਖੇਤੀਬਾੜੀ ਵਿਚ ਬਿਜਲੀ ਦੀ ਮੰਗ ਨੂੰ ਘਟਾਉਣ ਲਈ ਐਗਰੀਕਲਚਰਲ ਡਿਮਾਂਡ-ਸਾਈਡ ਮੈਨੇਜਮੈਂਟ ਦੀ ਸ਼ੁਰੂਆਤ ਕੀਤੀ ਗਈ। ਖੇਤੀਬਾੜੀ ਜੀ ਐੱਚ ਜੀ ਨਿਕਾਸ ਵਿਚ ਬਿਜਲੀ ਖਪਤ ਦੇ ਵੱਡੇ ਯੋਗਦਾਨ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ, ਜ਼ਰੂਰੀ ਹੋ ਜਾਂਦਾ ਹੈ ਕਿ ਮੰਗ 'ਤੇ ਕਾਬੂ ਪਾਇਆ ਜਾਵੇ। ਪਰ, ਇਕ ਸੂਖਮ ਅਤੇ ਤਕਨੀਕ ਕੇਂਦਰਿਤ ਪਹੁੰਚ ਨਾਲ, ਇਹ ਪ੍ਰੋਗਰਾਮ ਮੌਜੂਦਾ ਪੰਪਾਂ ਨੂੰ 5 ਸਟਾਰ ਊਰਜਾ ਕੁਸ਼ਲ ਪੰਪਾਂ ਨਾਲ ਤਬਦੀਲ ਕਰਕੇ ਪੰਪ ਕੁਸ਼ਲਤਾ ਵਧਾਉਣ ਦੀ ਗੱਲ ਕਰਦਾ ਹੈ। ਕੀ ਇਹ ਨਵੇਂ ਪੰਪ ਊਰਜਾ ਦੀ ਬਚਤ ਕਰ ਸਕਦੇ ਹਨ? ਟੀਚਾ ਸਚਾਈ ਤੋਂ ਕੋਹਾਂ ਦੂਰ ਜਾਪਦਾ ਹੈ।

ਭਾਰਤੀ ਬਿਜਲੀ ਵਿਚ ਪਿਛਲੇ ਇਤਿਹਾਸ ਨੂੰ ਧਿਆਨ ਵਿਚ ਰੱਖਦਿਆਂ, ਅਸੀਂ 18.5 ਮਿਲੀਅਨ ਪੰਪ ਜੋ ਭਾਰਤ ਵਿਚ ਲੱਗੇ ਹਨ, ਉਨ੍ਹਾਂ ਨੂੰ ਬਦਲੇ ਜਾਣ ਲਈ ਬਹੁਤੇ ਆਸਵੰਦ ਨਹੀਂ ਹਾਂ। ਨਿਵੇਸ਼ ਦਾ ਪ੍ਰਸਤਾਵਿਤ ਐਨਰਜੀ ਸਰਵਿਸ ਕੰਪਨੀਜ਼ ਮਾਡਲ ਅਵਿਹਾਰਕ ਅਤੇ ਅਲਾਭਕਾਰੀ ਜਾਪਦਾ ਹੈ। ਐਨਰਜੀ ਸਰਵਿਸ ਕੰਪਨੀਆਂ (ਭਵਿੱਖੀ ਨਿਵੇਸ਼ਕ) ਇਸ ਨੂੰ ਲਾਗੂ ਕਰਨ ਤੋਂ ਹੱਥ ਖਿੱਚ ਰਹੀਆਂ ਹਨ। ਜੇ ਭਾਰਤ ਏ ਜੀ ਡੀ ਐੱਸ ਐੱਮ ਨੂੰ ਲਾਗੂ ਕਰਨ ਵਿਚ ਕਾਮਯਾਬ ਹੋ ਵੀ ਜਾਂਦਾ ਹੈ ਤਾਂ ਵੀ ਊਰਜਾ ਬਚਤ ਦੀ ਕੋਈ ਆਸ ਨਹੀਂ। ਨਵੇਂ ਪੇਸ਼ ਕੀਤੇ ਜਾ ਰਹੇ ਪੰਪਾਂ ਦਾ ਜ਼ਿਆਦਾ ਪਾਣੀ ਖਿੱਚਣ, ਘੱਟ ਬਿਜਲੀ ਖਪਤ ਦੇ ਦਾਅਵਿਆਂ ਨਾਲ ਭਾਰਤੀ ਕਿਸਾਨਾਂ ਨੂੰ ਸਪਲਾਈ ਕੀਤਾ ਜਾ ਰਿਹਾ ਹੈ। ਇਹ ਧਿਆਨ ਵਿਚ ਰੱਖਦਿਆਂ ਕਿ ਕਿਸਾਨਾਂ ਨੂੰ ਬਿਜਲੀ ਨਹੀਂ, ਪਾਣੀ ਚਾਹੀਦਾ ਹੈ ਅਤੇ ਵਰਤਮਾਨ ਪਾਣੀ ਕੱਢਣ ਦੀ ਦਰ ਨਾਲੋਂ ਮੰਗ ਕਿਤੇ ਜ਼ਿਆਦਾ ਹੈ। ਪੰਪ ਦੀ ਕੁਸ਼ਲਤਾ ਵਧਾਉਣ ਨਾਲ ਪਾਣੀ ਦੀ ਵਰਤੋਂ ਵਧੇਗੀ ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਹੋਰ ਨੀਵਾਂ ਹੋ ਜਾਵੇਗਾ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਧਰਤੀ ਹੇਠਲੇ ਘਟੇ ਹੋਏ ਜਲ ਸਤਰ ਤੋਂ ਪਾਣੀ ਕੱਢਣ ਲਈ ਸਿੰਜਾਈ ਪੰਪਾਂ ਨੂੰ ਹੋਰ

ਵਧੇਰੇ ਹਾਰਸ ਪਾਵਰ ਊਰਜਾ ਦੀ ਜ਼ਰੂਰਤ ਪਵੇਗੀ। ਹਰੇਕ ਹਾਰਸ ਪਾਵਰ ਦੇ ਵਾਧੇ ਦਾ ਮਤਲਬ ਹੈ ਬਿਜਲੀ ਖਪਤ ਵਿਚ ਵਾਧਾ।

## ਅਗਲੇਰਾ ਰਸਤਾ

ਆਉਣ ਵਾਲੇ ਦਹਾਕਿਆਂ ਵਿਚ ਵਸੋਂ ਦੀ ਲੋੜ ਪੂਰੀ ਕਰਨ ਲਈ ਖੇਤੀਬਾੜੀ ਵਿਚ ਮੌਲਿਕਤਾ ਅਤੇ ਨਵੀਆਂ ਖੋਜਾਂ ਦੀ ਲੋੜ ਪਵੇਗੀ ਤਾਂ ਜੋ ਘੱਟ ਸਰੋਤਾਂ ਤੋਂ ਜ਼ਿਆਦਾ ਅਨਾਜ ਪੈਦਾ ਕੀਤਾ ਜਾ ਸਕੇ। ਇਸ ਕਰਕੇ ਖੇਤੀਬਾੜੀ ਨੂੰ ਬਦਲਦੇ ਜਲ-ਵਾਯੂ ਅਤੇ ਘੱਟ ਨਿਕਾਸੀ ਦੇ ਅਨੁਸਾਰ ਬਦਲਣਾ ਪਵੇਗਾ। ਇਸ ਕਰਕੇ ਭਾਰਤੀ ਖੇਤੀ ਲਈ ਜਲ-ਵਾਯੂ – ਜ਼ਿੰਮੇਵਾਰੀ ਦੇ ਵਿਕਾਸ ਵਾਲੀ ਰਣਨੀਤੀ ਅਪਣਾਉਣ ਦੀ ਜ਼ਰੂਰਤ ਹੈ ਤਾਂ ਕਿ ਵਿਕਾਸ, ਅਨੁਕੂਲਣ ਅਤੇ ਨੁਕਸਾਨ ਘੱਟ ਕਰਨ ਦੇ ਟੀਚੇ ਹਾਸਲ ਕੀਤੇ ਜਾ ਸਕਣ।

ਖੇਤੀਬਾੜੀ ਨੂੰ ਵੱਡਾ ਜਲ-ਵਾਯੂ ਖ਼ਤਰਾ ਪਹਿਲਾਂ ਤੋਂ ਹੀ ਪੇਤਲੇ ਪੈ ਚੁੱਕੇ ਸਰੋਤਾਂ 'ਤੇ ਹੋਰ ਜ਼ਿਆਦਾ ਬੋਝ ਪਾਉਣ ਤੋਂ ਹੈ ਜਿਸ ਨਾਲ ਖੇਤੀਬਾੜੀ 'ਤੇ ਨਿਰਭਰ ਸਮਾਜ ਖ਼ਤਰੇ ਵਿਚ ਆ ਜਾਂਦੇ ਹਨ। ਇਕ ਪ੍ਰਭਾਵੀ ਅਨੁਕੂਲਣ ਰਣਨੀਤੀ ਨਾਲ ਉਨ੍ਹਾਂ ਦੇ ਲਚਕੀਲੇਪਨ ਨੂੰ ਵਧਾਇਆ ਜਾ ਸਕਦਾ ਹੈ। ਇਸ ਲਈ ਇਸ ਸਮਾਜ ਨੂੰ ਸਰੋਤਾਂ ਦੀ ਕਮੀ ਅਤੇ ਦੂਸਰੀਆਂ ਔਖੀਆਂ ਹਾਲਤਾਂ ਦਾ ਸਾਹਮਣਾ ਕਰਨ ਲਈ ਵਿਕਲਪਿਕ ਅਤੇ ਸਰੋਤ ਵਰਤੋਂ ਕੁਸ਼ਲਤਾ ਲਈ ਤਿਆਰ ਕਰਨਾ ਹੋਵੇਗਾ। ਇਸੇ ਤਰ੍ਹਾਂ, ਖੇਤੀਬਾੜੀ ਵਿਚ ਨੁਕਸਾਨ ਘੱਟ ਕਰਨ ਲਈ ਸਰੋਤਾਂ ਦੀ ਖਪਤ ਵਿਚ ਕੁਸ਼ਲਤਾ ਲਿਆਉਣੀ ਹੋਵੇਗੀ ਤਾਂ ਜੋ ਜਲ-ਵਾਯੂ ਪਰਿਵਰਤਨ ਤੋਂ ਹੋਣ ਵਾਲਾ ਦਬਾਅ, ਔਖੇ ਹਾਲਾਤ ਅਤੇ ਉਨ੍ਹਾਂ ਦੀ ਤੀਬਰਤਾ ਨੂੰ ਘੱਟ ਕੀਤਾ ਜਾ ਸਕੇ। ਇਸ ਤਰ੍ਹਾਂ ਅਨੁਕੂਲਣ ਅਤੇ ਨੁਕਸਾਨ ਘੱਟ ਕਰਨ, ਦੋਵਾਂ ਦਾ ਇਕੋ ਟੀਚਾ ਹੈ, ਜੋ ਖੇਤੀਬਾੜੀ ਖਪਤ ਅਤੇ ਉਤਪਾਦਨ ਵਿਚ ਨਿਰੰਤਰਤਾ ਬਣਾਈ ਰੱਖਣਾ ਹੈ।

ਖੇਤੀਬਾੜੀ ਵਿਕਾਸ ਨੂੰ ਨੁਕਸਾਨ ਘੱਟ ਕਰਨ ਅਤੇ ਅਨੁਕੂਲਣ ਨਾਲ ਮਿਸ਼ਰਤ ਕਰਨਾ ਨਵੀਆਂ ਚੁਣੌਤੀਆਂ ਪੇਸ਼ ਕਰਦਾ ਹੈ ਅਤੇ ਇਸ ਵਾਸਤੇ ਹੋਰ ਚੰਗੀਆਂ ਸਮਰਥਾਵਾਂ, ਦਖ਼ਲ ਅਤੇ ਉਸਾਰੂ ਦਾਅ-ਪੇਚਾਂ ਦੀ ਲੋੜ ਹੈ। ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਭਾਰਤ ਨੂੰ ਆਪਣੀ ਖੇਤੀਬਾੜੀ ਵਿਕਾਸ ਨੀਤੀ ਅਤੇ ਰਣਨੀਤੀ, ਸਮਾਜਿਕ, ਰਾਜਨੀਤਕ, ਆਰਥਿਕ ਅਤੇ ਵਾਤਾਵਰਨਿਕ ਮੁੱਦਿਆਂ ਨੂੰ ਧਿਆਨ ਵਿਚ ਰੱਖ ਕੇ ਦੁਬਾਰਾ ਤੋਂ ਬਣਾਉਣੀ ਪਵੇਗੀ ਕਿਉਂਕਿ ਇਹ ਇਕ ਦੂਸਰੇ ਦੇ ਉਲਟ ਹਨ ਨਾ ਕਿ ਇਨ੍ਹਾਂ ਨੂੰ ਵੰਡਣਯੋਗ ਸਮਝਿਆ ਜਾਣਾ ਚਾਹੀਦਾ ਹੈ।

ਸੋ, ਖੇਤੀਬਾੜੀ ਵਿਕਾਸ ਲਈ ਇਕ ਵਿਸ਼ਾਲ ਅਤੇ ਸਮਰਪਿਤ ਪਹੁੰਚ ਦੀ ਜ਼ਰੂਰਤ ਹੈ। ਭਾਵੇਂ ਕਿ ਨੁਕਸਾਨ ਘੱਟ ਕਰਨ ਦੀ ਪਹੁੰਚ ਰਾਜਨੀਤਕ ਤੌਰ ਤੇ ਨਾ-ਗਵਾਰ ਅਤੇ ਸਮਾਜਿਕ ਤੌਰ ਤੇ ਅਪ੍ਰਵਾਨ ਹੋਵੇ, ਭਾਰਤ ਖੇਤੀਬਾੜੀ ਲਈ 'ਪਹਿਲਾਂ ਵਿਕਾਸ' ਦੀ ਰਣਨੀਤੀ ਬਣਾ ਸਕਦਾ ਹੈ ਜਿਸ ਵਿਚ ਅਨੁਕੂਲਣ ਅਤੇ ਨੁਕਸਾਨ ਘੱਟ ਕਰਨ ਦੇ 'ਸਹਿ-ਲਾਭ' ਸਪੱਸ਼ਟ ਹੋਣ। ਵਿਸ਼ਾਲ ਰਣਨੀਤੀਆਂ ਅਪਣਾਉਣਾ ਖੇਤੀ ਵਿਕਾਸ ਲਈ ਲਾਹੇਵੰਦ ਹੋਵੇਗਾ ਜਿਸ ਨਾਲ ਅਨੁਕੂਲਣ ਅਤੇ ਨੁਕਸਾਨ ਘੱਟ ਕਰਨ ਦੇ 'ਸਹਿ-ਲਾਭ' ਵੀ ਜੁੜ ਜਾਣਗੇ।

## ਪਸ਼ੂਧਨ ਪ੍ਰਬੰਧਨ

ਖੇਤੀਬਾੜੀ ਖੇਤਰ ਵਿਚ ਪਸ਼ੂਧਨ ਲਗਭਗ 40 ਪ੍ਰਤਿਸ਼ਤ ਨਿਕਾਸ ਲਈ ਜ਼ਿੰਮੇਵਾਰ ਹੈ ਪਰ ਇਸ ਦਾ ਨੀਤੀ ਖੇਤਰ ਵਿਚ ਜ਼ਿਆਦਾ ਜ਼ਿਕਰ ਨਹੀਂ ਹੋਇਆ। ਫਿਰ ਵੀ ਸਾਦੇ ਕਦਮ, ਜਿਵੇਂ ਖੁਰਾਕ ਦੀ ਗੁਣਵੱਤਾ ਵਿਚ ਸੁਧਾਰ, ਪਸ਼ੂਧਨ ਦੀ ਸਿਹਤ ਅਤੇ ਪ੍ਰਜਣਨ ਪ੍ਰਬੰਧਨ ਵਿਚ ਸੁਧਾਰ ਨਾਲ ਕਾਫ਼ੀ ਨਿਕਾਸ ਘਟ ਸਕਦਾ ਹੈ ਅਤੇ ਉਤਪਾਦਨ ਵਧ ਜਾਵੇਗਾ। ਪਸ਼ੂਧਨ ਨਾਲ ਸੰਬੰਧਿਤ ਦੋ ਤਿਹਾਈ ਨਿਕਾਸ ਡੇਅਰੀ ਦੇ ਪਸ਼ੂਆਂ ਤੋਂ ਆਉਂਦਾ ਹੈ ਜਿਸ ਨੂੰ ਆਸਾਨੀ ਨਾਲ ਕਾਬੂ ਕੀਤਾ ਜਾ ਸਕਦਾ ਹੈ। ਖੁਰਾਕ ਦੇ ਪਚਣ ਵਿਚ ਸੁਧਾਰ, ਜੋ ਖੁਰਾਕ ਪ੍ਰਕਿਰਿਆ ਅਤੇ ਵਧੀਆ ਚਾਰੇ ਨਾਲ ਹਾਸਲ ਹੋ ਸਕਦੀ ਹੈ, ਤੋਂ ਵਧੇਰੇ ਦੁੱਧ ਉਤਪਾਦਨ ਅਤੇ ਆਮਦਨ ਵਿਚ ਵਾਧਾ ਹੋ ਸਕਦਾ ਹੈ। ਇਸ ਦੇ ਨਾਲ ਹੀ ਮੀਥੇਨ ਨਿਕਾਸ ਵਿਚ ਕਮੀ ਆ ਸਕਦੀ ਹੈ। ਸੁਧਰੀ ਹੋਈ ਖੁਰਾਕ ਕਾਰਨ ਵਧੇਰੇ ਦੁੱਧ ਉਤਪਾਦਨ ਨਾਲ ਜਲ-ਵਾਯੂ ਪਰਿਵਰਤਨ ਦੇ ਬੁਰੇ ਪ੍ਰਭਾਵਾਂ ਨੂੰ ਘੱਟ ਕੀਤਾ ਜਾ ਸਕਦਾ ਹੈ ਜਿਸ ਨਾਲ ਅਨੁਕੂਲਣ ਵਿਚ ਮਦਦ ਮਿਲੇਗੀ। ਵੱਗ ਦਾ ਛੋਟਾ ਆਕਾਰ, ਜਿਹੜਾ ਸਿਹਤ ਅਤੇ ਪ੍ਰਜਣਨ ਪ੍ਰਬੰਧਨ ਨਾਲ ਸੰਭਵ ਹੈ, ਤੋਂ ਡੇਅਰੀ ਵਿਚ ਸਿਹਤਮੰਦ ਅਤੇ ਉਤਪਾਦਕ ਪਸ਼ੂਆਂ ਦੀ ਗਿਣਤੀ ਵਿਚ ਵਾਧਾ ਹੋਵੇਗਾ। ਇਸ ਨਾਲ ਉਤਪਾਦਨ ਤਾਂ ਵਧੇਗਾ ਹੀ, ਨਿਕਾਸ ਵਿਚ ਵੀ ਕਮੀ ਆਵੇਗੀ। ਗਰਬਰ ਏਟ ਅਲ (2013) ਦਾਅਵਾ ਕਰਦਾ ਹੈ ਕਿ ਦੱਖਣੀ ਏਸ਼ੀਆ ਵਿਚ ਜੇ ਖੁਰਾਕ ਦੀ ਗੁਣਵੱਤਾ ਸੁਧਾਰੀ ਜਾਵੇ, ਜਾਨਵਰਾਂ ਦੀ ਸਿਹਤ ਸੰਭਾਲ ਕੀਤੀ ਜਾਵੇ ਤਾਂ ਮਿਸ਼ਰਤ ਖੇਤੀ ਪ੍ਰਣਾਲੀ ਵਿਚ 38 ਪ੍ਰਤਿਸ਼ਤ ਨਿਕਾਸ ਘੱਟ ਕੀਤਾ ਜਾ ਸਕਦਾ ਹੈ।

## ਪਾਣੀ ਬਹੁਤ ਜ਼ਰੂਰੀ

ਪਾਣੀ ਖੇਤੀਬਾੜੀ ਲਈ ਮਹੱਤਵਪੂਰਨ ਨਿਵੇਸ਼ ਹੈ। ਜਦ ਕਿ ਸਿੰਜਾਈ ਦੇ ਪਾਣੀ ਦੀ ਵਰਤਮਾਨ ਉਪਲਬਧਤਾ ਨਾਕਾਫ਼ੀ ਹੈ, ਜਿਸ ਦੇ ਆਉਣ ਵਾਲੇ ਸਾਲਾਂ ਵਿਚ ਹੋਰ ਘਟਣ ਦੀ ਉਮੀਦ ਹੈ। ਖੇਤੀਬਾੜੀ ਨਿਕਾਸ ਦਾ ਇਕ ਵੱਡਾ ਹਿੱਸਾ ਸਿੰਜਾਈ ਪੱਧਤੀਆਂ ਤੋਂ ਆਉਂਦਾ ਹੈ ਜੋ ਪਾਣੀ ਕੱਢਣ ਲਈ ਬਿਜਲੀ ਅਤੇ ਡੀਜ਼ਲ 'ਤੇ ਬੇਹੱਦ ਜ਼ਿਆਦਾ ਨਿਰਭਰ ਹਨ। ਇਸ ਸੰਦਰਭ ਵਿਚ ਸਿੰਜਾਈ ਪਾਣੀ ਦੇ ਪ੍ਰਬੰਧਨ ਨਾਲ ਇਨ੍ਹਾਂ ਤਿੰਨ ਟੀਚਿਆਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਜਦ ਕਿ ਤੁਪਕਾ ਅਤੇ ਫ਼ੁਹਾਰਾ ਸਿੰਜਾਈ ਤਕਨੀਕਾਂ ਅਪਣਾ ਕੇ ਪਾਣੀ ਦੀ ਮੰਗ ਕਾਫ਼ੀ ਹੱਦ ਤਕ ਘੱਟ ਕੀਤੀ ਜਾ ਸਕਦੀ ਹੈ, ਬਾਕੀ ਬਚਦੀ ਜ਼ਿਆਦਾਤਰ ਮੰਗ ਸਤਹੀ ਸਿੰਜਾਈ ਨੈੱਟਵਰਕ ਨੂੰ ਮੁੜ ਸੁਰਜੀਤ ਕਰਕੇ ਪੂਰੀ ਕੀਤੀ ਜਾ ਸਕਦੀ ਹੈ। ਇਸ ਨੂੰ ਹੋਰ ਅੱਗੇ ਬਰਸਾਤੀ ਪਾਣੀ ਦੀ ਸੰਭਾਲ ਅਤੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਕੇ ਅਤੇ ਸਿੰਜਾਈ ਪੰਪਾਂ ਦੀ ਕੁਸ਼ਲਤਾ ਵਧਾ ਕੇ ਸੁਧਾਰਿਆ ਜਾ ਸਕਦਾ ਹੈ।

ਜਦ ਕਿ ਇਹ ਕਦਮ ਉਤਪਾਦਨ ਨਾਲ ਸਮਝੌਤਾ ਕੀਤੇ ਬਗ਼ੈਰ ਪਾਣੀ ਦੀ ਕਮੀ ਨਾਲ ਸੰਬੰਧਿਤ ਲਚਕੀਲਾਪਨ ਵਧਾਉਣਗੇ, ਇਸ ਦੇ ਸਹਿ-ਲਾਭ ਜਿਵੇਂ ਖੇਤੀ ਲਈ ਬਿਜਲੀ ਖਪਤ ਵਿਚ ਕਾਫੀ ਕਮੀ ਅਤੇ ਹੜ੍ਹਾਂ ਦੀ ਸਿੰਜਾਈ ਤੋਂ ਹੋਣ ਵਾਲੇ ਮੀਥੇਨ ਨਿਕਾਸ ਵਿਚ ਕਮੀ ਵਰਗੇ ਲਾਭ ਵੀ ਪ੍ਰਾਪਤ ਹੋਣਗੇ।

## ਖੇਤੀਬਾੜੀ ਪ੍ਰਥਾਵਾਂ ਨੂੰ ਦੁਬਾਰਾ ਸਥਾਪਿਤ ਕਰਨਾ

ਭਾਵੇਂ ਕਿ ਵਿਕਾਸ ਲਈ ਆਧੁਨਿਕੀਕਰਨ ਬੇਹੱਦ ਅਹਿਮ ਹੈ, ਚੰਗੀ ਕੁਸ਼ਲਤਾ ਲਈ ਕੁਝ ਰਵਾਇਤੀ ਪ੍ਰਥਾਵਾਂ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ। ਮਿਸਾਲ ਲਈ, ਜ਼ਮੀਨ ਦਾ ਪੱਧਰਾ ਕਰਨਾ, ਘਾਹ-ਫੂਸ ਨਾਲ ਢਕਣਾ ਅਤੇ ਫ਼ਸਲੀ ਵਿਭਿੰਨਤਾ

ਕੁਝ ਅਜਿਹੀਆਂ ਰਵਾਇਤੀ ਖੇਤੀ ਦੀਆਂ ਪ੍ਰਥਾਵਾਂ ਹਨ ਜੋ ਨਿਵੇਸ਼ ਦੇ ਸਰੋਤਾਂ – ਪਾਣੀ ਅਤੇ ਖਾਦਾਂ ਦੀ ਜ਼ਰੂਰਤ ਨੂੰ ਘੱਟ ਕਰਦੀਆਂ ਹਨ। ਫਿਰ ਵੀ ਕਿਸਾਨ ਵਧੇਰੇ ਮਜ਼ਦੂਰਾਂ ਦੀ ਲੋੜ ਕਰਕੇ ਇਨ੍ਹਾਂ ਪ੍ਰਥਾਵਾਂ ਨੂੰ ਨਜ਼ਰਅੰਦਾਜ਼ ਕਰਦੇ ਹਨ। ਇਸ ਦਾ ਇਕ ਹੋਰ ਕਾਰਨ ਇਨ੍ਹਾਂ ਪ੍ਰਥਾਵਾਂ ਤੋਂ ਮਿਲਣ ਵਾਲੇ ਲਾਭਾਂ ਪ੍ਰਤਿ ਜਾਗਰੂਕਤਾ ਦੀ ਕਮੀ ਵੀ ਹੈ। ਜਦੋਂ ਕਿ ਇਹ ਘੱਟ ਖਰਚੀਲੀਆਂ ਪ੍ਰਥਾਵਾਂ ਨਿਵੇਸ਼ ਦੀਆਂ ਜ਼ਰੂਰਤਾਂ ਘੱਟ ਕਰਦੀਆਂ ਹਨ, ਉਨ੍ਹਾਂ ਕਰਕੇ ਭੂਮੀ ਕਟਾਅ ਘੱਟ ਹੁੰਦਾ ਹੈ, ਮਿੱਟੀ ਦੇ ਤੱਤ ਬਰਕਰਾਰ ਰਹਿੰਦੇ ਹਨ, ਜੰਗਲੀ ਘਾਹ ਪੈਦਾ ਨਹੀਂ ਹੁੰਦਾ ਅਤੇ ਉਪਜਾਊ ਸ਼ਕਤੀ ਵਧਦੀ ਹੈ। ਫ਼ਸਲਾਂ ਦੀ ਰਹਿੰਦ-ਖੂੰਹਦ ਜਿਸ ਨੂੰ ਆਮ ਤੌਰ ਤੇ ਖੇਤਾਂ ਵਿਚ ਜਲਾ ਦਿਤਾ ਜਾਂਦਾ ਹੈ, ਨਿਕਾਸ ਵਿਚ ਅਤੇ ਸਥਾਨਕ ਹਵਾ ਪ੍ਰਦੂਸ਼ਨ ਵਿਚ ਵਾਧੇ ਦਾ ਕਾਰਨ ਬਣਦੇ ਹਨ। ਇਸ ਰਹਿੰਦ-ਖੂੰਹਦ ਨੂੰ ਪਰਾਲੀ ਦੇ ਤੌਰ ਤੇ ਇਸਤੇਮਾਲ ਕੀਤਾ ਜਾ ਸਕਦਾ ਹੈ। ਹੋਰ, ਖੇਤਾਂ ਵਿਚ ਰੁੱਖ ਲਾਉਣ ਨਾਲ ਧਰਤੀ ਨੂੰ ਨਾਈਟ੍ਰੋਜਨ ਮਿਲਣ ਨਾਲ ਨਾ ਕੇਵਲ ਨਾਈਟ੍ਰੋਜਨ ਆਧਾਰਿਤ ਰਸਾਇਣਕ ਖਾਦ ਦੀ ਜ਼ਰੂਰਤ ਘਟੇਗੀ ਪਰ ਕਾਰਬਨ ਨੂੰ ਵੀ ਘੱਟ ਕੀਤਾ ਜਾ ਸਕੇਗਾ। ਨਾਲ ਹੀ, ਭੂਮੀ ਦੇ ਰਸਾਇਣਕ ਤੱਤ ਬਰਕਰਾਰ ਰੱਖ ਕੇ ਅਤੇ ਯੋਜਨਾਬਧ ਚੌਲਾਂ ਦੀ ਤੀਬਰਤਾ ਨਾਲ ਸਰੋਤ ਵਰਤੋਂ ਦੀ ਕੁਸ਼ਲਤਾ ਅਤੇ ਉਤਪਾਦਨ ਨੂੰ ਵਧਾਇਆ ਜਾ ਸਕਦਾ ਹੈ।

## ਵਿਆਪਕ ਖੇਤੀਬਾੜੀ ਨੀਤੀਆਂ ਦਾ ਮੁੜ ਨਿਰਮਾਣ

ਸਰਕਾਰ ਪ੍ਰਭਾਵੀ ਉਤਸ਼ਾਹੀ ਤੰਤਰ ਬਣਾ ਕੇ ਇਨ੍ਹਾਂ ਉਪਾਵਾਂ ਲਈ ਮਦਦ ਕਰ ਸਕਦੀ ਹੈ। ਹੋਰ ਤਾਂ ਹੋਰ, ਇਸ ਬਾਰੇ ਇਕ ਰਾਇ ਹੈ ਕਿ ਭਾਰਤ ਵਿਚ ਖੇਤੀ ਲਈ ਬਿਜਲੀ ਅਤੇ ਖਾਦਾਂ ਦੀ ਸਬਸਿਡੀ ਭਾਵੇਂ ਵਿਸ਼ਵ ਮਾਪਦੰਡਾਂ ਅਨੁਸਾਰ ਘੱਟ ਹੈ, ਪਰ ਇਸ ਨੇ ਅਕੁਸ਼ਲਤਾ ਵਧਾਉਣ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ। ਇਸ ਮੁਤਾਬਕ ਖੇਤੀਬਾੜੀ ਸਬਸਿਡੀ ਨੀਤੀਆਂ ਅਤੇ ਅਨਾਜ ਦੀ ਖਰੀਦ ਦੀਆਂ ਨੀਤੀਆਂ 'ਤੇ ਮੁੜ ਵਿਚਾਰ ਦੀ ਜ਼ਰੂਰਤ ਹੈ ਤਾਂ ਜੋ ਖੇਤੀਬਾੜੀ ਵਿਚ ਸਰੋਤ ਵਰਤੋਂ ਦੀ ਕੁਸ਼ਲਤਾ ਅਤੇ ਸਾਂਭ-ਸੰਭਾਲ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਦਾਹਰਣ ਵਜੋਂ, ਘੱਟ ਪਾਣੀ ਖਪਤ ਵਾਲੀਆਂ ਫ਼ਸਲਾਂ ਲਈ ਵਧੀਆ ਸਹਾਇਕ ਕੀਮਤ ਦੇਣ ਨਾਲ ਉਨ੍ਹਾਂ ਨੂੰ ਅਪਨਾਉਣ ਲਈ ਉਤਸ਼ਾਹ ਮਿਲੇਗਾ ਜਦ ਕਿ ਖਾਦਾਂ ਲਈ ਸਬਸਿਡੀ ਦੇਣ ਦੀ ਬਜਾਇ ਕੁਸ਼ਲ ਸਿੰਜਾਈ ਤਕਨੀਕਾਂ ਲਈ ਸਬਸਿਡੀ ਦਿਤੀ ਜਾ ਸਕਦੀ ਹੈ ਜਿਸ ਦਾ ਗਰੀਬ ਕਿਸਾਨਾਂ ਨੂੰ ਵੱਧ ਲਾਭ ਹੋਵੇਗਾ।

ਇਕ ਰੂੜ੍ਹੀਵਾਦੀ ਅਨੁਮਾਨ ਮੁਤਾਬਕ, ਇਹ ਜਲ-ਵਾਯੂ ਸੁਧਾਰ ਉਪਾਅ ਖੇਤੀ ਖੇਤਰ ਵਿਚ ਇਕ ਚੌਥਾਈ ਨਿਕਾਸ ਘਟਾਉਣ ਵਿਚ ਸਹਾਇਕ ਹੋ ਸਕਦੇ ਹਨ, ਜਦ ਕਿ ਉਤਪਾਦਨ ਵਧ ਜਾਵੇਗਾ। ਅਲਪਕਾਲੀ ਲਾਭਾਂ ਲਈ ਇਨ੍ਹਾਂ ਮੌਕਿਆਂ ਨੂੰ ਗੁਆਉਣਾ ਹਾਨੀਕਾਰਕ ਹੋਵੇਗਾ।

***ਭਾਰਤ ਵਿਸ਼ਵ ਵਾਤਾਵਰਨ ਸੰਵਾਦਾਂ ਵਿਚ ਖੇਤੀਬਾੜੀ ਦੇ ਨੁਕਸਾਨ ਨੂੰ ਘੱਟ ਕਰਨ ਦਾ ਵਿਰੋਧ ਕਰ ਸਕਦਾ ਹੈ ਪਰ ਘਰੇਲੂ ਪੱਧਰ 'ਤੇ ਉਸ ਨੂੰ ਅਜਿਹਾ ਕਰਨਾ ਹਾਨੀਕਾਰਕ ਸਾਬਤ ਹੋਵੇਗਾ, ਖ਼ਾਸ ਕਰਕੇ ਉਦੋਂ ਜਦੋਂ ਅਨੁਕੂਲਣ ਅਤੇ ਵਿਕਾਸ ਨੁਕਸਾਨ ਘੱਟ ਕਰਨ ਦੀਆਂ ਪ੍ਰਕਿਰਿਆਵਾਂ ਨਾਲ ਸਿੱਧੇ ਜੁੜੇ ਹੋਏ ਅਤੇ ਨਿਰਭਰ ਹਨ। ਫਿਰ ਵੀ, ਇਨ੍ਹਾਂ ਰਣਨੀਤੀਆਂ ਨੂੰ ਪ੍ਰਭਾਵੀ ਤੌਰ ਤੇ ਲਾਗੂ ਕਰਨ ਲਈ ਨੀਤੀਆਂ ਅਤੇ ਹਿਤਾਂ ਨੂੰ ਇਕੱਠੇ ਕਰਨਾ ਹੋਵੇਗਾ ਤਾਂ ਜੋ ਲਾਗਤ ਖਰਚਿਆਂ ਦਾ ਅਮਲੀਕਰਨ ਕੀਤਾ ਜਾ ਸਕੇ ਅਤੇ ਸਮਾਜਿਕ ਮਾਨਤਾ ਯਕੀਨੀ ਬਣਾਈ ਜਾ ਸਕੇ। ਹੋਰ, ਇਸ ਸਭ ਕਾਸੇ ਲਈ ਵੱਖ-ਵੱਖ ਪੱਧਰਾਂ 'ਤੇ ਸਰਕਾਰੀ ਦਖ਼ਲਅੰਦਾਜ਼ੀ ਦੀ ਜ਼ਰੂਰਤ ਹੋਵੇਗੀ।***

*(ਲੇਖਕ ਸੀ ਯੂ ਟੀ ਐੱਸ ਇੰਸਟੀਚਿਊਟ ਫਾਰ ਰੈਗੂਲੇਸ਼ਨ ਐਂਡ ਕੰਪੀਟੀਸ਼ਨ, ਨਵੀਂ ਦਿੱਲੀ ਵਿਖੇ ਫੈਲੋ ਹੈ।)*

*e-mail :ashwin@ashwiniswain.net*

### *ਸੋਗ*

*ਪ੍ਰਕਾਸ਼ਨ ਵਿਭਾਗ ਸ੍ਰੀਮਤੀ ਅਨੁਰਾਧਾ, ਸੰਪਾਦਕ ਦੇ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਇਕ ਯੋਗ ਅਧਿਕਾਰੀ, ਲੇਖਿਕਾ, ਕੈਂਸਰ ਤੋਂ ਬਚਣ ਵਾਲਿਆਂ ਵਾਸਤੇ ਕਾਰਜਕਰਤਾ, ਨੇ ਆਪਣੇ ਪੇਸ਼ੇ ਨਾਲ ਸੰਬੰਧਿਤ ਕੰਮ ਦੇ ਖੇਤਰ ਵਿਚ ਵਿਲੱਖਣ ਯੋਗਦਾਨ ਪਾਇਆ। ਆਪਣੇ ਪ੍ਰਸ਼ੰਸਕਾਂ ਦੀ ਵੱਡੀ ਗਿਣਤੀ ਸਮੇਤ, ਪ੍ਰਕਾਸ਼ਨ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ ਆਪਣੇ ਵਿਚਾਲੇ ਉਸ ਦੀ ਹਾਜ਼ਰੀ ਦੀ ਕਮੀ ਨੂੰ ਮਹਿਸੂਸ ਕਰਦੇ ਰਹਿਣਗੇ, ਭਾਵੇਂ ਕਿ ਉਹ ਆਪਣੇ ਮਿੱਤਰਾਂ, ਸਾਥੀਆਂ ਤੇ ਬਹੁਤ ਸਾਰੇ ਹੋਰਾਂ ਨੂੰ ਲਗਾਤਾਰ ਪ੍ਰੇਰਿਤ ਕਰਦੀ ਰਹੇਗੀ ਜਿਨ੍ਹਾਂ ਦੇ ਜੀਵਨ ਨੂੰ ਉਸ ਨੇ ਆਪਣੇ ਕੰਮ ਨਾਲ ਛੋਹਿਆ। ਪ੍ਰਕਾਸ਼ਨ ਵਿਭਾਗ ਸ੍ਰੀਮਤੀ ਅਨੁਰਾਧਾ ਦੇ ਪਰਿਵਾਰ ਨਾਲ ਹਾਰਦਿਕ ਅਫ਼ਸੋਸ ਦਾ ਪ੍ਰਗਟਾਵਾ ਕਰਦਾ ਹੈ।*



# ਵਧੇਰੇ ਦੂਰੀ ਤਹਿ ਕਰਨ ਲਈ ਆਟੋ-ਇੰਜਣਾਂ 'ਚ ਸੁਧਾਰ

ਸਿਬ ਸੰਕਰ ਮੰਡਲ

*ਕੋਕਰਾਝਾਰ ਦੇ ਇਕ ਮਕੈਨਿਕ, 37 ਸਾਲਾ ਸਿਬ ਸੰਕਰ ਮੰਡਲ ਨੇ ਵਾਹਨਾਂ ਦੇ ਇੰਜਣਾਂ ਵਿਚ ਅੰਦਰ ਆਉਣ ਵਾਲੀ ਹਵਾ ਨੂੰ ਪਹਿਲਾਂ ਤੋਂ ਗਰਮ ਕਰਨ ਦੀ ਪ੍ਰਕਿਰਿਆ ਲਾਗੂ ਕਰਨ ਨਾਲ ਉਨ੍ਹਾਂ ਦੇ ਈਂਧਨ ਦੀ ਪੂਰੀ ਤਰ੍ਹਾਂ ਵਰਤੋਂ ਵਿਚ ਸੁਧਾਰ ਕੀਤਾ ਹੈ। ਇਸ ਤਰ੍ਹਾਂ ਵਾਹਨ ਪ੍ਰਤਿ ਲਿਟਰ ਈਂਧਨ ਖਪਤ ਨਾਲ ਵਧੇਰੇ ਦੂਰੀ ਤਹਿ ਕਰ ਸਕਦੇ ਹਨ।*

ਸਿਬ ਸੰਕਰ, ਜਿਸ ਨੂੰ ਪਿਆਰ ਨਾਲ ਨਾਰਾਇਣ ਵੀ ਕਹਿੰਦੇ ਹਨ, ਇਕ ਬਹੁਤ ਤੇਜੱਸਵੀ ਮਕੈਨਿਕ ਹੈ। ਉਸ ਦਾ ਪਰਿਵਾਰ, ਵੰਡ ਤੋਂ ਬਹੁਤ ਪਹਿਲਾਂ ਬੰਗਲਾਦੇਸ਼ ਤੋਂ ਇਧਰ ਆ ਕੇ ਵਸ ਗਿਆ ਸੀ। ਉਸ ਦਾ ਦਾਦਾ ਤਰਖਾਣਾ ਕੰਮ ਕਰਦਾ ਸੀ ਪਰ ਉਸ ਦੇ ਪਿਤਾ ਨੇ ਗਾਉਣ-ਬਜਾਉਣ ਦੇ ਸਾਜ਼ ਸਾਮਾਨ ਨੂੰ ਠੀਕ ਕਰਨ ਦਾ ਕਿੱਤਾ ਅਪਨਾਇਆ। ਉਸ ਦੇ ਪਰਿਵਾਰ ਵਿਚ ਉਸ ਦੇ ਮਾਤਾ-ਪਿਤਾ ਸਮੇਤ, ਦੋ ਵੱਡੇ ਭਰਾ ਅਤੇ ਛੋਟੀ ਭੈਣ ਹੈ। ਬ੍ਰਹਮਕੁਮਾਰੀ ਫਲਸਫੇ ਦਾ ਪੱਕਾ ਭਗਤ, ਇਹ ਪਰਿਵਾਰ ਬਹੁਤ ਧਾਰਮਿਕ ਹੈ ਅਤੇ ਉਨ੍ਹਾਂ ਦੇ ਵਿਹੜੇ ਵਿਚ *ਅਰਧਨਰੇਸ਼ਵਰ* ਦਾ ਇਕ ਮੰਦਰ ਹੈ ਜਿਥੇ ਉਸ ਦੇ ਪਿਤਾ ਮੂਰਤੀ ਦੀ ਹਰ ਸੁਬਹ ਵਿਧੀ ਪੂਰਬਕ ਪੂਜਾ ਕਰਦੇ ਹਨ। ਉਨ੍ਹਾਂ ਦੇ ਘਰ 'ਚ ਪੂਜਾ ਕਰਨ ਲਈ ਇਕ ਵੱਡਾ ਹਾਲ ਕਮਰਾ ਵੀ ਹੈ ਜਿਥੇ ਹਰ ਸਵੇਰ ਅਤੇ ਸ਼ਾਮ ਉਨ੍ਹਾਂ ਦੇ ਗੁਆਂਢ ਦੇ ਲੋਕ ਇਕੱਠਾ ਹੋ ਕੇ ਪੂਜਾ ਪਾਠ ਕਰਦੇ ਹਨ।

ਬਚਪਨ ਤੋਂ ਹੀ ਸਿਬ ਸੰਕਰ ਨੂੰ ਪੜ੍ਹਾਈ ਅਤੇ ਨਵੇਂ-ਨਵੇਂ ਮਾਡਲ ਤਿਆਰ ਕਰਨ ਦਾ ਬਹੁਤ ਸ਼ੌਕ ਸੀ। ਉਹ ਕਈ ਕਿਸਮ ਦੇ ਮਾਡਲ ਜਿਵੇਂ ਕਿ ਹਵਾ ਨਾਲ ਚਲਣ ਵਾਲੀ ਟ੍ਰਬਾਈਨ, ਪਾਣੀ ਦਾ ਪੰਪ, ਮੋਟਰ-ਸਾਈਕਲ ਆਦਿ ਬਣਾਉਂਦਾ ਸੀ ਅਤੇ ਨੁਮਾਇਸ਼ਾਂ ਵਿਚ ਹਿੱਸਾ ਲੈ ਕੇ ਇਨਾਮ ਜਿੱਤਦਾ ਸੀ। ਘਰ ਦੀ ਮਾਲੀ ਹਾਲਤ ਚੰਗੀ ਨਾ ਹੋਣ ਕਰਕੇ, ਉਹ ਦਸਵੀਂ ਜਮਾਤ ਤੋਂ ਅੱਗੇ ਆਪਣੀ ਪੜ੍ਹਾਈ ਜਾਰੀ ਨਾ ਰੱਖ ਸਕਿਆ। ਪਰ ਉਸ ਨੇ ਸਾਇੰਸ ਮਾਡਲਾਂ ਦਾ ਕੰਮ ਜਾਰੀ ਰੱਖਿਆ ਅਤੇ ਵਰਕਸ਼ਾਪਾਂ ਵਿਚ ਬਿਜਲੀ ਦੇ ਤਾਰ ਬੰਨ੍ਹਣ, ਪਾਣੀ ਪ੍ਰਣਾਲੀ ਦਾ ਕੰਮ ਆਦਿ ਸਮੇਤ ਛੋਟੇ-ਮੋਟੇ ਕੰਮ ਕਰਦਾ ਰਿਹਾ। ਫਿਰ ਆਪਣੇ ਭਰਾ ਨਾਲ ਮਿਲ ਕੇ ਉਸ ਨੇ ਆਪਣੀ ਵਰਕਸ਼ਾਪ ਖੋਲ੍ਹੀ ਅਤੇ ਸੰਦ ਠੀਕ ਕਰਨ ਦਾ ਛੋਟਾ-ਮੋਟਾ ਕੰਮ ਕਰਨ ਲੱਗਾ। ਪਰ ਇਸ ਦੇ ਨਾਲ-ਨਾਲ, ਉਸ ਨੇ ਮਾਡਲ ਬਣਾਉਣ ਦਾ ਆਪਣਾ ਕੰਮ ਜਾਰੀ ਰੱਖਿਆ ਜਿਨ੍ਹਾਂ ਦੀ 'ਬੋਡੋ ਸਾਹਿਤ ਸਭਾ ਪ੍ਰਦਰਸ਼ਨੀ', 'ਕ੍ਰਿਸ਼ੀ ਵਿਭਾਗ ਪ੍ਰਦਰਸ਼ਨੀ' ਆਦਿ ਵਿਚ ਨੁਮਾਇਸ਼ ਲਗਾਈ ਗਈ। ਇਕ ਪ੍ਰਦਰਸ਼ਨੀ ਵਿਚ ਉਸ ਦੇ ਹਿਤਾਚੀ ਕਰੇਨ ਮਾਡਲ ਤੋਂ ਇਕ ਇੰਜੀਨੀਅਰ ਇੰਨਾ ਪ੍ਰਭਾਵਤ ਹੋਇਆ ਕਿ ਉਸ ਨੇ ਉਸ ਨੂੰ ਅਰੁਨਾਚਲ ਪ੍ਰਦੇਸ਼ ਵਿਚ ਗੈਮਨ ਕੰਪਨੀ ਦੀ ਸਾਈਟ 'ਤੇ ਨੌਕਰੀ ਦੀ ਪੇਸ਼ਕਸ਼ ਕੀਤੀ ਪਰ ਉਹ ਉਥੇ, ਆਪਣੇ ਘਰ ਤੋਂ ਬਹੁਤ ਦੂਰ ਹੋਣ ਕਾਰਨ ਹਾਜ਼ਰ ਨਾ ਹੋਇਆ। ਪਰ ਹੁਣ ਉਹ ਕੋਕਰਾਝਾਰ ਤੋਂ ਬਾਹਰ ਵੀ ਕੋਈ ਮੌਕਾ ਮਿਲਣ 'ਤੇ ਜਾਣ ਲਈ ਤਿਆਰ ਹੈ। ਪਰ ਮਾਡਲਾਂ ਅਤੇ ਮਕੈਨਿਕ ਕਾਰਗੁਜ਼ਾਰੀ ਤੋਂ ਇਲਾਵਾ, ਸਿਬ ਸੰਕਰ ਦਾ ਇਕ ਹੋਰ ਸਿਰਜਨਾਤਮਕ ਪਹਿਲੂ ਵੀ ਹੈ। ਉਸ ਨੂੰ ਹਾਰਮੋਨੀਅਮ ਬਜਾਉਣ ਅਤੇ ਗਾਉਣ ਦਾ ਵੀ ਸ਼ੌਕ ਹੈ। ਡਿਸਕਵਰੀ ਚੈਨਲ ਦੇਖਣਾ ਉਸ ਦਾ ਇਕ ਹੋਰ ਸ਼ੌਕ ਹੈ।

## ਪਿਛੋਕੜ

ਬਚਪਨ ਤੋਂ ਹੀ ਸਿਬ ਸੰਕਰ ਦੀ ਇੱਛਾ ਸੀ ਕਿ ਉਹ ਇਕ ਅਜਿਹਾ ਮੋਟਰ-ਸਾਈਕਲ ਬਣਾਵੇ ਜੋ ਘੱਟ ਤੋਂ ਘੱਟ ਈਂਧਨ ਅਤੇ ਰਖ-ਰਖਾਅ ਖਰਚੇ ਨਾਲ ਵੱਧ ਤੋਂ ਵੱਧ ਦੂਰੀ ਤਹਿ ਕਰੇ। 1990 ਦੇ ਦਹਾਕੇ ਦੇ ਅੰਤਲੇ ਸਾਲਾਂ ਵਿਚ ਉਸ ਨੇ ਬਹੁਤ ਮਿਹਨਤ ਤੋਂ ਬਾਅਦ ਇਕ ਅਜਿਹਾ ਵਾਹਨ ਬਣਾਇਆ ਪਰ ਉਸ ਦੀ ਕਾਰਗੁਜ਼ਾਰੀ ਉਸ ਸਮੇਂ ਦੇ ਵਾਹਨਾਂ ਦੇ ਬਰਾਬਰ ਵੀ ਨਹੀਂ ਸੀ। ਇਸ ਨਾਲ ਉਹ ਬਹੁਤ ਨਿਰਾਸ਼ ਹੋਇਆ। ਇਹ ਉਸ ਦਾ ਸ਼ੌਕ ਸੀ ਜੋ ਉਸ ਨੂੰ ਇਹ ਸਭ ਕੁਝ ਕਰਨ ਲਈ ਪ੍ਰੇਰਦਾ ਸੀ ਅਤੇ ਢੁਕਵੀਂ ਤਕਨੀਕੀ ਜਾਣਕਾਰੀ ਨਾ ਹੋਣਾ ਵੀ ਇਕ ਵੱਡੀ ਰੁਕਾਵਟ ਦਾ ਕਾਰਨ ਸੀ। ਕਈ ਵਾਰੀ ਤਜਰਬੇ ਬਹੁਤ ਖੇਹ-ਖਰਾਬ ਹੋ ਜਾਂਦੇ ਸਨ ਅਤੇ ਉਸ ਨੂੰ ਸਭ ਕੁਝ ਮੁੱਢ ਤੋਂ ਕਰਨਾ ਪੈਂਦਾ ਸੀ। ਉਸ ਨੇ ਉਨ੍ਹਾਂ ਗੈਰਾਜਾਂ ਦੇ ਚੱਕਰ ਲਾਉਣੇ ਸ਼ੁਰੂ ਕੀਤੇ ਜਿਥੇ ਟੁੱਟੇ-ਫੁੱਟੇ ਮੋਟਰ-ਸਾਈਕਲ ਮਿਲ ਸਕਦੇ ਸਨ। ਇਨ੍ਹਾਂ ਗੈਰਜਾਂ ਵਿਚ ਮੋਟਰ-ਸਾਈਕਲਾਂ ਦੇ ਇੰਜਣਾਂ ਦੀ ਘੋਖ ਤੋਂ ਉਸ ਨੇ ਉਨ੍ਹਾਂ ਕਮੀਆਂ ਦੀ ਪਛਾਣ ਕੀਤੀ ਜਿਨ੍ਹਾਂ ਨਾਲ ਕਾਰਜ ਕੁਸ਼ਲਤਾ ਉਪਰ ਅਸਰ ਪੈਂਦਾ ਸੀ। ਕਈ ਬਦਲਾਓ ਲਿਆਉਣ ਦੇ ਗੇੜਾਂ ਤੋਂ ਬਾਅਦ, ਉਸ ਨੇ ਵਾਲਵ ਸਿਸਟਮ ਅਤੇ ਗਰਮ ਚੈਂਬਰ ਵਿਚ ਸੁਧਾਰ ਕੀਤਾ ਜਿਸ ਨਾਲ ਦੂਰੀ ਤਹਿ ਕਰਨ ਦੀ ਸਮਰਥਾ ਲਗਭਗ 65 ਕਿਲੋਮੀਟਰ ਪ੍ਰਤਿ ਲਿਟਰ ਹੋ ਗਈ। ਇੰਜਣ ਉੱਪਰ ਕੰਮ ਕਰਦੇ ਹੋਏ ਉਸ ਨੂੰ ਅਹਿਸਾਸ ਹੋਇਆ ਕਿ ਪਹਿਲਾਂ ਤੋਂ ਗਰਮ ਹੋਇਆ ਈਂਧਨ ਵਧੇਰੇ ਗਰਮੀ ਪੈਦਾ ਕਰਦਾ ਹੈ।

ਇਕ ਦਿਨ ਉਸ ਨੇ ਦੋ-ਸਟਰੋਕ ਇੰਜਣਾਂ ਨੂੰ ਬੰਦ ਕਰਨ ਦੀ ਖ਼ਬਰ ਪੜ੍ਹੀ। ਇਕ ਟੈਲੀਵੀਜ਼ਨ ਸ਼ੋਅ ਤੋਂ ਉਸ ਨੂੰ ਇਹ ਪਤਾ ਲਗਾ ਕਿ ਆਟੋਰਿਕਸ਼ਾ ਆਵਾਜਾਈ ਦੇ ਸਭ ਤੋਂ ਕਿਫਾਇਤੀ ਸਾਧਨ ਹਨ। ਇਸ ਤਰ੍ਹਾਂ ਉਸ ਦੇ ਦਿਮਾਗ ਵਿਚ ਆਪਣੀ ਪ੍ਰਣਾਲੀ ਨੂੰ ਆਟੋਰਿਕਸ਼ਾ ਦੇ ਇੰਜਣ ਵਿਚ ਲਗਾਉਣ ਦਾ ਖ਼ਿਆਲ ਆਇਆ। ਉਸ ਨੇ ਇਸ ਉੱਪਰ ਕਈ ਮਹੀਨੇ ਕੰਮ ਕੀਤਾ ਅਤੇ


ਬੇਸ਼ੁਮਾਰ ਟਰਾਇਲ ਲਏ। ਅੰਤ ਵਿਚ, ਉਸ ਨੂੰ ਚਾਹੀਆਂ ਤਬਦੀਲੀਆਂ ਕਰਨ ਵਿਚ ਸਫਲਤਾ ਮਿਲੀ ਜਿਸ ਨਾਲ ਵਾਹਨ ਲਗਭਗ 30 ਪ੍ਰਤਿਸ਼ਤ ਵਧੇਰੇ ਦੂਰੀ ਤਹਿ ਕਰ ਸਕਿਆ। ਇਹ ਸਵੈਚਾਲਿਤ ਪਿਛਲੇ ਤਿੰਨ ਸਾਲਾਂ ਤੋਂ ਕਾਮਯਾਬੀ ਨਾਲ ਚਲ ਰਿਹਾ ਹੈ ਅਤੇ ਆਟੋਰਿਕਸ਼ਾ ਦੀ ਫਿਟਫਿਟ ਦੀ ਸਮੱਸਿਆ ਦਾ ਵੀ ਹੱਲ ਹੋ ਗਿਆ।

*ਸਿਬ ਸੰਕਰ ਆਪਣੇ ਜੀਵਨ ਅਤੇ ਕੰਮ ਬਾਰੇ ਜਾਣਕਾਰੀ ਸਾਂਝਾ ਕਰਦਾ ਹੈ, "ਕਈ ਵਾਰ ਕੱਟਣ ਜਾਂ ਹੋਰ ਕਾਰਗੁਜ਼ਾਰੀ ਲਈ ਜਦੋਂ ਮੈਨੂੰ ਲੇਥ ਮਸ਼ੀਨ ਜਾਂ ਹੋਰ ਸੰਦਾਂ ਦੀ ਲੋੜ ਹੁੰਦੀ ਸੀ ਪਰ ਮੈਂ ਉਨ੍ਹਾਂ ਦਾ ਇੰਤਜ਼ਾਮ ਨਹੀਂ ਕਰ ਸਕਦਾ ਸੀ, ਤਾਂ ਮੈਨੂੰ ਬਹੁਤ ਛੋਟੇਪਨ ਦਾ ਅਹਿਸਾਸ ਹੁੰਦਾ ਸੀ। ਮੈਨੂੰ ਬਹੁਤ ਨਮੋਸ਼ੀ ਹੁੰਦੀ ਸੀ ਅਤੇ ਮੈਂ ਕੰਮ ਕਰਨਾ ਬੰਦ ਕਰ ਦਿੰਦਾ ਸੀ। ਪਰ ਫਿਰ ਮੇਰੇ ਅੰਦਰੋਂ ਕੋਈ ਆਵਾਜ਼ ਮੈਨੂੰ ਕੰਮ ਕਰਨ ਲਈ ਉਤਸ਼ਾਹਿਤ ਕਰਦੀ ਸੀ। ਪਰ ਫਿਰ ਕਦੀ ਅਹਿਸਾਸ ਹੁੰਦਾ ਸੀ ਕਿ ਮੈਂ ਇੰਨੀ ਸਖਤ ਮਿਹਨਤ ਕਰਨ ਦੇ ਬਾਵਜੂਦ ਜ਼ਿੰਦਗੀ ਵਿਚ ਕੁਝ ਹਾਸਲ ਨਹੀਂ ਕਰ ਸਕਿਆ।"*

ਪਰ ਉਸ ਨੂੰ ਇਹ ਤਸੱਲੀ ਸੀ ਕਿ ਇਸ ਸਾਰੇ ਸਮੇਂ ਵਿਚ ਉਸ ਦਾ ਪਰਿਵਾਰ ਉਸ ਦੇ ਨਾਲ ਸੀ ਅਤੇ ਉਸ ਦੇ ਹਰ ਫ਼ੈਸਲੇ ਦਾ ਭਰਪੂਰ ਸਾਥ ਦਿਤਾ। ਉਸ ਦੇ ਬਹੁਤੇ ਦੋਸਤ ਨਹੀਂ ਹਨ ਕਿਉਂਕਿ ਉਸ ਦਾ ਸੋਚਣਾ ਹੈ ਕਿ ਲੋਕਾਂ ਦੇ ਵਿਚਾਰ ਉਸ ਦੀ ਸੋਚ ਨਾਲ ਢੁਕਵਾਂ ਮੇਲ ਨਹੀਂ ਖਾਂਦੇ ਅਤੇ ਇਸ ਲਈ ਉਹ ਆਪਣੇ ਆਪ ਵਿਚ ਹੀ ਰਹਿਣਾ ਪਸੰਦ ਕਰਦਾ ਹੈ। ਆਪਣੇ ਪਰਿਵਾਰ ਤੋਂ ਇਲਾਵਾ, ਉਹ ਆਈ ਆਈ ਟੀ ਗੁਵਾਹਾਟੀ ਵਿਚ ਭਾਰਤ ਦੇ ਰਾਸ਼ਟਰੀ ਕਾਢ ਸੰਸਥਾਨ ਦੇ ਅਸਮ ਸੈਲ ਤੋਂ ਮਿਲਣ ਵਾਲੀ ਮਦਦ ਦੀ ਵੀ ਸ਼ਲਾਘਾ ਕਰਦਾ ਹੈ।

## ਸੁਧਾਰ ਕੀਤਾ ਵਾਹਨ ਇੰਜਨ

ਇਹ ਕਾਢ ਆਟੋ ਰਿਕਸ਼ਾ ਦੀ ਇੰਜਣ ਅਸੈਂਬਲੀ ਵਿਚ ਇਕ ਸੁਧਾਰ ਹੈ। ਹਵਾ ਦੇ ਮਿਸ਼ਰਣ ਨੂੰ ਉਸ ਦੇ ਇੰਜਣ ਵਿਚ ਜਾਣ ਤੋਂ ਪਹਿਲਾਂ ਗਰਮ ਕਰਨ ਲਈ ਵਰਤਿਆ ਜਾਂਦਾ ਹੈ। ਅਜਿਹਾ ਈਂਧਨ ਦੇ ਪੂਰੀ ਤਰ੍ਹਾਂ ਬਲਣ ਲਈ ਯਕੀਨੀ ਬਣਾਉਣ ਲਈ ਕੀਤਾ ਜਾਂਦਾ ਹੈ ਜਿਸ ਨਾਲ ਈਂਧਨ ਦੀ ਕਾਰਜ ਕੁਸ਼ਲਤਾ ਵਧ ਜਾਂਦੀ ਹੈ। ਨਿਕਾਸੀ ਗੈਸ ਦੀ ਗਰਮੀ ਨੂੰ, ਸਾਈਲੈਂਸਰ ਪਾਈਪ ਨਾਲ ਹੀਟ ਐਕਸਚੇਂਜਰ ਲਗਾ ਕੇ ਅੰਦਰ ਆਉਣ ਵਾਲੀ ਹਵਾ ਨੂੰ ਗਰਮ ਕੀਤਾ ਜਾਦਾ ਹੈ। ਨਿਕਾਸੀ ਗੈਸ ਦਾ ਕੁੱਝ ਹਿੱਸਾ ਕਾਰਬੁਰੇਟਰ ਵਿਚ ਭੇਜਿਆ ਜਾਂਦਾ ਹੈ ਜੋ ਇਕ ਹੋਰ ਹੀਟ



ਐਕਸਚੇਂਜਰ ਦੀ ਮਦਦ ਨਾਲ ਹਵਾ ਅਤੇ ਈਂਧਨ ਦੇ ਮਿਸ਼ਰਣ ਨੂੰ ਗਰਮ ਕਰਨ ਲਈ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ, ਸਿਲੰਡਰ ਵਾਲਵ ਵਿਚ ਵੀ ਕਈ ਸੁਧਾਰ ਕੀਤੇ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਵਾ ਅਤੇ ਈਂਧਨ ਦਾ ਮਿਸ਼ਰਣ ਸਿਲੰਡਰ ਵਿਚੋਂ ਬਾਹਰ ਰਿਸਾਵ ਨਹੀਂ ਕਰਦਾ।

ਇਸ ਪ੍ਰਣਾਲੀ ਦੀ ਵਰਤੋਂ ਨਾਲ ਈਂਧਨ ਦੇ ਵਧੇਰੇ ਬਲਣ ਨਾਲ, ਘੱਟ ਨੁਕਸਾਨਦੇਹ ਪ੍ਰਦੂਸ਼ਨ ਵਾਤਾਵਰਨ ਵਿਚ ਮਿਲ ਜਾਂਦੇ ਹਨ। ਇਸ ਦੇ ਨਾਲ-ਨਾਲ, ਨਿਕਾਸੀ ਗੈਸ ਘੱਟ ਗਰਮ ਹੁੰਦੀ ਹੈ ਜਿਸ ਨਾਲ ਵਾਤਾਵਰਨ ਬਹੁਤਾ ਗਰਮ ਨਹੀਂ ਹੁੰਦਾ। ਇਸ ਪ੍ਰਣਾਲੀ ਦਾ ਆਈ ਆਈ ਟੀ ਗੁਵਾਹਾਟੀ ਵਿਚ ਪਰਖ ਕੀਤੀ ਗਈ ਜਿਸ ਨੇ ਦੱਸਿਆ ਕਿ ਇਸ ਪ੍ਰਣਾਲੀ ਦੀ ਵਰਤੋਂ ਨਾਲ, ਈਂਧਨ ਕਾਰਜ ਕੁਸ਼ਲਤਾ ਰਵਾਇਤੀ ਇੰਜਣ ਦੀ ਬਦੌਲਤ 35 ਪ੍ਰਤਿਸ਼ਤ ਵਧ ਗਈ। ਇਹ ਵੀ ਕਿਹਾ ਗਿਆ ਕਿ ਇੰਜਣ ਦੇ ਅੰਦਰ ਜਾਣ ਵਾਲੀ ਹਵਾ ਅਤੇ ਈਂਧਨ ਦੇ ਮਿਸ਼ਰਣ ਨਿਕਾਸੀ ਗੈਸ ਰਾਹੀਂ ਪਹਿਲਾਂ ਗਰਮ ਕਰਨ ਦੀ ਪ੍ਰਕਿਰਿਆ ਇਕ ਨਵੀਂ ਧਾਰਨਾ ਸੀ ਜੋ ਦੂਸਰੇ ਤਿਪਹੀਆ ਵਾਹਨਾਂ ਵਿਚ ਵੀ ਵਰਤੀ ਜਾ ਸਕਦੀ ਸੀ। ਰਾਸ਼ਟਰੀ ਕਾਢ ਸੰਸਥਾਨ ਦੀ ਮਦਦ ਨਾਲ, ਆਈ ਆਈ ਟੀ ਗੁਵਾਹਾਟੀ ਦੇ ਮਾਹਰਾਂ ਵਲੋਂ ਇਕ ਵਧੇਰੇ ਸੁਧਾਰ ਕੀਤਾ ਪ੍ਰੋਟੋਟਾਈਪ ਬਣਾਇਆ ਜਾ ਰਿਹਾ ਹੈ ਅਤੇ ਟੈਸਟ ਕੀਤਾ ਜਾ ਰਿਹਾ ਹੈ।

ਖੋਜ ਤੋਂ ਪਤਾ ਲਗਾ ਕਿ ਅੰਦਰ ਜਾਣ ਵਾਲੀ ਹਵਾ ਨੂੰ ਪਹਿਲਾਂ ਤੋਂ ਗਰਮ ਕਰਨਾ (ਠੰਢੀ ਸ਼ੁਰੂਆਤ ਲਈ) ਥੋੜ੍ਹੇ ਸਮੇਂ ਲਈ ਵਰਤੋਂ ਵਿਚ ਸੀ। ਪਰ ਕਿਸੇ ਵੀ ਪ੍ਰਣਾਲੀ ਵਿਚ, ਪਹਿਲਾਂ ਤੋਂ ਗਰਮ ਕਰਨ ਦੀ ਦੋ ਪੱਧਰੀ ਸਮਰਥਾ ਨਹੀਂ ਸੀ ਅਤੇ ਇਸ ਦੇ ਬਦਲਾਓ ਦੇ ਤੌਰ ਤੇ ਸੁਪਰ ਚਾਰਜਿੰਗ ਅਤੇ ਟਰਬੋ ਚਾਰਜਿੰਗ ਹੀ ਉਪਲਬਧ ਹਨ ਜਿਨ੍ਹਾਂ ਵਿਚ ਨਿਕਾਸੀ ਦਬਾਓ ਨੂੰ ਵਧੇਰੇ ਈਂਧਨ ਬਲਣ ਪ੍ਰਕਿਰਿਆ ਹਾਸਲ ਕਰਨ ਲਈ ਬਲਣ ਚੈਂਬਰ ਵਿਚ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਇਸ ਪ੍ਰਣਾਲੀ ਦੀ ਨਵੀਨਤਾ ਨੂੰ ਦੇਖਦੇ ਹੋਏ, ਰਾਸ਼ਟਰੀ ਕਾਢ ਸੰਸਥਾਨ ਨੇ ਸਿਬ ਸੰਕਰ ਮੰਡਲ ਦੇ ਨਾਮ 'ਤੇ ਪੇਟੈਂਟ (1811/ਕੇ.ਓ. ਐੱਲ/2008) ਫਾਈਲ ਕੀਤਾ ਹੈ।

ਅੱਜਕੱਲ੍ਹ ਸਿਬ ਸੰਕਰ ਮੰਡਲ ਇਹ ਪ੍ਰਣਾਲੀ ਆਪਣੇ ਆਟੋਰਿਕਸ਼ਾ ਵਿਚ ਵਰਤੋਂ ਵਿਚ ਲਿਆ ਰਿਹਾ ਹੈ ਅਤੇ ਉਸ ਨੂੰ ਇਸ ਦੀ ਕੁਸ਼ਲਤਾ ਨਾਲ ਬਹੁਤ ਤਸੱਲੀ ਹੈ। ਇਸ ਤੋਂ ਪਹਿਲਾਂ, ਰਾਸ਼ਟਰੀ ਕਾਢ ਸੰਸਥਾਨ ਨੇ ਮੰਡਲ ਦੇ ਟਾਟਾ ਮੋਟਰਜ਼

***ਬਾਕੀ ਸਫ਼ਾ 50 ਉੱਤੇ***

# ਕਿਸ਼ਤੀ ਕਲਿਨਿਕ : ਅਸਮ ਦੇ ਦਰਿਆਈ ਟਾਪੂਆਂ 'ਤੇ ਵਸੀ ਆਬਾਦੀ ਦੀ ਇਕੋ-ਇਕ ਉਮੀਦ

ਅਜ਼ਰਾ ਪਰਵੀਨ ਰਹਿਮਾਨ

ਅਸਮ ਦੇ ਦਰਿਆਈ ਟਾਪੂਆਂ 'ਤੇ ਰਹਿਣ ਵਾਲੇ ਲੋਕਾਂ ਲਈ ਕਿਸ਼ਤੀ ਰੋਜ਼ਾਨਾ ਜ਼ਿੰਦਗੀ ਦਾ ਅੰਗ ਹੈ। ਉਹ ਮੁੱਖ ਧਾਰਾ ਪ੍ਰਦੇਸ਼ ਨਾਲ ਜੋੜਨ ਵਾਲੀ ਇਕੋ-ਇਕ ਕੜੀ ਹਨ – ਜ਼ਰੂਰੀ ਵਸਤਾਂ ਅਤੇ ਸੇਵਾਵਾਂ ਦੀ ਪੂਰਤੀ ਲਈ ਸਾਧਨ ਜਿਵੇਂ ਕਿ ਸਿੱਖਿਆ ਅਤੇ ਸਿਹਤ। ਪਰ ਜਦੋਂ ਇਕ ਖ਼ਾਸ ਕਿਸਮ ਦੀ ਕਿਸ਼ਤੀ ਉਨ੍ਹਾਂ ਦੇ ਕਿਨਾਰੇ 'ਤੇ ਹਰ ਵਾਰ ਕੁੱਝ ਹਫ਼ਤਿਆਂ ਬਾਅਦ ਆ ਕੇ ਲਗਦੀ ਹੈ ਤਾਂ ਉਨ੍ਹਾਂ ਦੀ ਖ਼ੁਸ਼ੀ ਦਾ ਟਿਕਾਣਾ ਨਹੀਂ ਰਹਿੰਦਾ। ਕੋਈ ਜਣਾ ਉੱਚੀ-ਉੱਚੀ ਕਹਿੰਦਾ ਹੈ, "ਇਹ ਕਿਸ਼ਤੀ ਕਲਿਨਿਕ ਹੈ", ਛੇਤੀ ਹੀ ਇਹ ਖ਼ਬਰ ਚੁਫੇਰੇ ਫ਼ੈਲ ਜਾਂਦੀ ਹੈ ਅਤੇ ਲੋਕ ਇਕੱਠੇ ਹੋਣਾ ਸ਼ੁਰੂ ਹੋ ਜਾਂਦੇ ਹਨ। ਡਾਕਟਰਾਂ, ਨਰਸਾਂ, ਦਵਾਈਆਂ ਅਤੇ ਇਥੋਂ ਤਕ ਕਿ ਇਕ ਲੈਬ ਨਾਲ ਭਰਪੂਰ, ਕਿਸ਼ਤੀ ਕਲਿਨਿਕ ਟਾਪੂ ਵਸਨੀਕਾਂ ਲਈ ਉਮੀਦ ਦੀ ਕਿਰਨ ਹੈ ਅਤੇ ਉਨ੍ਹਾਂ ਦੀਆਂ ਸਿਹਤ ਸੰਬੰਧੀ ਸ਼ਿਕਾਇਤਾਂ ਦੂਰ ਕਰਦਾ ਹੈ। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਇਸ ਨੂੰ ਉਮੀਦ ਦੀ ਕਿਸ਼ਤੀ ਦਾ ਨਾਮ ਦਿਤਾ ਗਿਆ ਹੈ।

ਅਸਮ ਦੇ ਡਿਬਰੂਗੜ੍ਹ ਜ਼ਿਲ੍ਹੇ ਵਿਚ, ਇਕ ਕਿਸ਼ਤੀ ਆਖਾ (ਉਮੀਦ) ਨਾਲ 2005 ਵਿਚ ਉੱਤਰ-ਪੂਰਬੀ ਅਧਿਐਨ ਅਤੇ ਨੀਤੀ ਖੋਜ (ਸੀ ਐੱਨ ਈ ਐੱਸ) ਦੀ ਪਹਿਲ 'ਤੇ ਇਹ ਕਿਸ਼ਤੀ ਕਲਿਨਿਕ ਟਾਪੂ ਵਾਸੀਆਂ ਦੀ ਮਾੜੀ ਸਿਹਤ ਦੀ ਦੇਖਰੇਖ ਲਈ ਸ਼ੁਰੂ ਕੀਤੀ ਗਈ। ਸਿਹਤ ਸਹੂਲਤਾਂ ਦੀ ਗ਼ੈਰ ਮੌਜੂਦਗੀ ਅਤੇ ਮੁੱਖਧਾਰਾ ਪ੍ਰਦੇਸ਼ ਨਾਲ ਭੈੜੇ ਆਵਾਜਾਈ ਸਾਧਨ ਜੀਵਨ ਨੂੰ ਮੌਨਸੂਨ ਹੜ੍ਹਾਂ ਕਾਰਨ ਹੋਰ ਵੀ ਦੁਖਦਾਈ ਬਣਾ ਦਿੰਦੇ ਹਨ। ਬੀਮਾਰੀਆਂ ਦੀ ਭਰਮਾਰ ਸੀ ਜੋ ਖ਼ਾਸ ਤੌਰ ਤੇ ਛੇਤੀ ਅਸਰ ਹੇਠ ਆਉਣ ਵਾਲੇ ਭਾਗ, ਔਰਤਾਂ ਅਤੇ ਬੱਚਿਆਂ ਉਪਰ ਮਾੜਾ ਅਸਰ ਕਰਦੀਆਂ ਸਨ। ਅਜਿਹੀ ਪਹਿਲ ਇਸ ਵਿਚਾਰ ਤਹਿਤ ਸੀ – 'ਜੇ ਉਹ ਨਹੀਂ ਆ ਸਕਦੇ, ਤਾਂ ਹਸਪਤਾਲ ਤਾਂ ਉਨ੍ਹਾਂ ਤਕ ਪਹੁੰਚ ਸਕਦਾ ਹੈ।'

ਕਲਿਨਿਕ ਦੀ ਕਾਮਯਾਬੀ ਨੇ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ (ਐੱਨ ਆਰ ਐੱਚ ਐੱਮ) ਅਤੇ ਯੂਨੀਸਫ ਦਾ ਧਿਆਨ ਖਿੱਚਿਆ ਅਤੇ ਉਨ੍ਹਾਂ ਦੀ ਮਦਦ ਨਾਲ ਜਨਤਕ-ਨਿੱਜੀ ਸਾਂਝੇਦਾਰੀ (ਪੀ ਪੀ ਪੀ) ਮਾਡਲ ਦੇ ਤੌਰ ਤੇ ਇਹ ਪ੍ਰੋਗਰਾਮ ਅਸਮ ਦੇ 13 ਜ਼ਿਲ੍ਹਿਆਂ ਵਿਚ ਫ਼ੈਲ ਗਿਆ।

ਕਿਸ਼ਤੀ ਕਲਿਨਿਕ ਦੀ ਕਾਮਯਾਬੀ, ਲੋਕਾਂ ਦੀ ਬਦਲ ਰਹੀ ਵਿਚਾਰਧਾਰਾ ਨਾਲ ਮਾਪੀ ਜਾ ਸਕਦੀ ਹੈ ਜੋ ਪਹਿਲਾਂ ਇਸ ਸਮੁੱਚੀ ਵਿਵਸਥਾ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਸਨ, ਜਦੋਂ ਤਕ ਕਿ ਉਨ੍ਹਾਂ ਨੂੰ ਇਸ ਦੀ ਧਾਰਨਾ ਬਾਰੇ ਵਿਸ਼ਵਾਸ ਨਹੀਂ ਹੋ ਗਿਆ ਸੀ। ਗੁਹਾਟੀ ਤੋਂ ਲਗਭਗ 70 ਕਿਲੋਮੀਟਰ ਦੂਰ, ਨਲਬਾੜੀ ਜ਼ਿਲ੍ਹੇ ਵਿਚ ਬਾਲੇਸਵਰ ਸਪੋਰੀ ਦੀ ਅਮਿਆ ਬੇਗਮ ਦਾ ਮਾਮਲਾ ਹੀ ਲੈ ਲਵੋ। 25 ਸਾਲਾਂ ਦੀ ਤਿੰਨ ਬੱਚਿਆਂ ਦੀ ਮਾਂ, ਅਮਿਆ ਬੇਗਮ ਯਾਦ ਕਰਦੀ ਹੈ ਕਿ "ਪਹਿਲਾਂ ਪਹਿਲ ਜਦੋਂ ਕਿਸ਼ਤੀ ਕਲਿਨਿਕ ਆਉਂਦੀ ਸੀ ਤਾਂ ਉਸ ਬਾਰੇ ਉਤਸੁਕਤਾ ਹੁੰਦੀ ਸੀ ਅਤੇ ਉਸ ਵਿਚ ਬਹੁਤਾ ਵਿਸ਼ਵਾਸ ਨਹੀਂ ਸੀ। ਵਧੇਰੇ ਬਜ਼ੁਰਗਾਂ ਦਾ ਵਿਚਾਰ ਸੀ ਕਿ ਇਹ ਇਕ ਆਰਜ਼ੀ ਕਾਰਜ ਹੈ ਅਤੇ ਉਨ੍ਹਾਂ ਦਾ ਬਹੁਤ ਭਲਾ ਨਹੀਂ ਕਰੇਗਾ।"



"ਪਰ ਉਹ ਦਵਾਈਆਂ ਲੈ ਕੇ ਬਾਰ-ਬਾਰ ਆਉਂਦੇ ਰਹਿੰਦੇ ਅਤੇ ਜੋ ਲੋਕ ਉਥੇ ਜਾਂਦੇ ਸਨ, ਉਨ੍ਹਾਂ ਦੀਆਂ ਬੀਮਾਰੀਆਂ ਦੀਆਂ ਸਮੱਸਿਆਵਾਂ ਦਾ ਇਲਾਜ ਹੁੰਦਾ ਸੀ। ਹੌਲੀ-ਹੌਲੀ ਸਾਡਾ ਵਿਸ਼ਵਾਸ ਵਧਦਾ ਗਿਆ ਅਤੇ ਹੁਣ ਜਦੋਂ ਵੀ ਕਿਸ਼ਤੀ ਕਲਿਨਿਕ ਆਉਂਦਾ ਹੈ, ਅਸੀਂ ਲੰਮੀ ਕਤਾਰ ਵਿਚ ਸਭ ਤੋਂ ਅੱਗੇ ਖੜ੍ਹੇ ਹੋਣ ਲਈ ਭੱਜਦੇ ਹਾਂ।" ਉਹ ਮੁਸਕਰਾਉਂਦੀ ਹੋਈ ਕਹਿੰਦੀ ਹੈ।

ਅਮਿਆ ਦੀ ਦੋਸਤ ਸ਼ਮਾ ਦਾ ਕਹਿਣਾ ਹੈ ਕਿ ਪਹਿਲਾਂ-ਪਹਿਲ ਗਰਭਵਤੀ ਔਰਤਾਂ ਨੂੰ ਪੁਰਸ਼ ਡਾਕਟਰਾਂ ਵਲੋਂ ਚੈੱਕਅਪ ਕਰਾਉਣ ਵਿਚ ਝਿਜਕ ਹੁੰਦੀ ਸੀ। ਸ਼ਮਾ ਦਾ ਕਹਿਣਾ ਹੈ

ਕਿ ''ਜਦੋਂ ਅਸੀਂ ਡਾਕਟਰਾਂ ਅਤੇ ਨਰਸਾਂ ਵਲੋਂ ਉਨ੍ਹਾਂ ਦੇ ਕਿੱਤੇ ਵੱਲ ਉਨ੍ਹਾਂ ਦੇ ਸਮਰਪਣ ਨੂੰ ਦੇਖਿਆ ਅਤੇ ਜਿਸ ਤਰ੍ਹਾਂ ਉਨ੍ਹਾਂ ਨੇ ਹਰ ਗੱਲ ਸਾਨੂੰ ਸਮਝਾਈ, ਇਹ ਪਰਦਾ ਵੀ ਹਟ ਗਿਆ।" ਇਸ ਤੋਂ ਇਲਾਵਾ, ਹੁਣ ਸਾਡਾ ਸਮੇਂ-ਸਮੇਂ ਚੈੱਕਅਪ ਹੋ ਰਿਹਾ ਸੀ, ਸਾਡੀਆਂ ਬੀਮਾਰੀਆਂ ਦਾ ਇਲਾਜ ਹੋ ਰਿਹਾ ਸੀ ਅਤੇ ਸਾਨੂੰ ਮੁਫ਼ਤ ਦਵਾਈਆਂ ਦਿਤੀਆਂ ਜਾਂਦੀਆਂ ਸਨ ਅਤੇ ਸਫ਼ਰ ਲਈ 10 ਰੁਪਏ ਕਿਰਾਇਆ ਵੀ ਨਹੀਂ ਦੇਣਾ ਪੈਂਦਾ ਸੀ। ਅਸੀਂ ਗਰੀਬ ਲੋਕ ਹਾਂ ਅਤੇ ਬਹੁਤਾ ਕਰਕੇ, ਜਦੋਂ ਤਕ ਕੋਈ ਐਮਰਜੈਂਸੀ ਨਾ ਹੋ ਜਾਵੇ, ਅਸੀਂ ਹਸਪਤਾਲ ਜਾਣ ਤੋਂ ਬਚਣਾ ਚਾਹੁੰਦੇ ਹਾਂ।"

ਕਿਸ਼ਤੀ ਕਲਿਨਿਕ ਟਾਪੂਆਂ ਵਾਲੇ ਪਿੰਡਾਂ ਵਿਚ ਸਿਹਤ ਕੈਂਪ ਵੀ ਲਗਾਉਂਦੇ ਹਨ। *ਆਸ਼ਾ* ਰਾਹੀਂ ਕੈਂਪ ਬਾਰੇ ਖ਼ਬਰ ਫ਼ੈਲ ਜਾਂਦੀ ਹੈ ਅਤੇ ਭਾਵੇਂ ਜਾਂਚ ਡਾਕਟਰ ਵਲੋਂ ਕੀਤੀ ਜਾਂਦੀ ਹੈ, ਜੇ ਲੋੜ ਹੋਵੇ ਤਾਂ ਮੁੱਖਧਾਰਾ ਪ੍ਰਦੇਸ਼ ਵਿਚ ਵਿਸ਼ੇਸ਼ੱਗਾਂ ਨੂੰ ਕੇਸ ਭੇਜ ਦਿਤਾ ਜਾਂਦਾ ਹੈ। ਮਾਂ ਅਤੇ ਬੱਚੇ ਦੀ ਸਿਹਤ ਉਪਰ ਵਿਸ਼ੇਸ਼ ਧਿਆਨ ਦਿਤਾ ਜਾਂਦਾ ਹੈ। ਕਿਸ਼ਤੀ ਸਵਾਰ ਅਮਲੇ ਅਨੁਸਾਰ, ਕਿਸ਼ਤੀ ਕਲਿਨਿਕ ਦੇ ਦੌਰੇ ਨੂੰ ਟੀਕਾਕਰਨ ਦੀਆਂ ਤਾਰੀਕਾਂ ਦੇ ਹਿਸਾਬ ਵੀ ਰੱਖਿਆ ਜਾਂਦਾ ਹੈ।

ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਦੇ ਅੰਕੜਿਆਂ ਅਨੁਸਾਰ, 2008 ਤੋਂ ਇਸ ਸਾਲ ਤਕ ਕਿਸ਼ਤੀ ਕਲਿਨਿਕਾਂ ਨੇ 13,316 ਸਿਹਤ ਕੈਂਪ ਲਗਾਏ, ਜਿਨ੍ਹਾਂ ਵਿਚ 60,085 ਔਰਤਾਂ ਨੂੰ ਬੱਚੇ ਦੇ ਜਨਮ ਤੋਂ ਪਹਿਲਾਂ ਅਤੇ 15,694 ਔਰਤਾਂ ਨੂੰ ਬੱਚਾ ਹੋਣ ਤੋਂ ਬਾਅਦ ਦੀਆਂ ਸਿਹਤ ਸਹੂਲਤਾਂ ਦਿਤੀਆਂ ਗਈਆਂ। ਇਸ ਦੇ ਨਾਲ-ਨਾਲ, ਹੋਰਨਾਂ ਤੋਂ ਇਲਾਵਾ, 1,23,342 ਬੱਚਿਆਂ ਦਾ ਆਮ ਟੀਕਾਕਰਨ ਵੀ ਕੀਤਾ ਗਿਆ।

ਕਿਸ਼ਤੀ ਕਲਿਨਿਕਾਂ ਦਾ ਅਸਰ ਇੰਨਾ ਜ਼ਿਆਦਾ ਹੈ ਕਿ ਬ੍ਰਹਮਪੁੱਤਰ ਵਿਚ ਦੁਨੀਆਂ ਦੇ ਸਭ ਤੋਂ ਵੱਡੇ ਦਰਿਆਈ ਟਾਪੂ ਮਜੁਲੀ ਵਿਚ, ਹੋਰਨਾਂ ਦਰਿਆਈ ਟਾਪੂਆਂ ਤੋਂ ਵਾਧੂ, ਇਕ ਸਮੁਦਾਇ ਸਿਹਤ ਕੇਂਦਰ (ਸੀ ਐੱਚ ਸੀ) ਅਤੇ ਸਿਹਤ ਉਪ-ਕੇਂਦਰ ਵੀ ਹੈ, ਪਰ ਫਿਰ ਵੀ ਲੋਕ ਇਸ ਕਲਿਨਿਕ ਦੇ ਦੌਰੇ ਦੀ ਤਾਂਘ ਨਾਲ ਉਡੀਕ ਕਰਦੇ ਹਨ।

ਮਜੁਲੀ ਵਿਚ, ਸਮੁਗੁਰੀ ਪਿੰਡ ਦੇ ਦੇਬੋਸ਼ਿਰੀ ਦਾਸ ਦਾ ਕਹਿਣਾ ਹੈ ਕਿ ''ਸਾਡੇ ਪਿੰਡ ਤੋਂ ਸਭ ਤੋਂ ਨੇੜੇ ਦਾ ਸਿਹਤ ਉੱਪ-ਕੇਂਦਰ ਚਾਰ ਕਿਲੋਮੀਟਰ ਦੂਰ ਹੈ ਅਤੇ ਵਿਚਕਾਰ ਇਕ ਦਰਿਆ ਪੈਂਦਾ ਹੈ। ਅਸਲ ਵਿਚ, ਉਸ ਉੱਪ-ਕੇਂਦਰ ਨਾਲ 15 ਪਿੰਡ ਜੁੜੇ ਹੋਏ ਹਨ ਅਤੇ ਉਨ੍ਹਾਂ ਵਿਚੋਂ 14 ਦਰਿਆ ਦੇ ਇਸ ਪਾਰ ਹਨ।" ਉਸ ਦਾ ਕਹਿਣਾ ਹੈ ਕਿ ਕਿਸ਼ਤੀ ਕਲਿਨਿਕ ਵਧੇਰੇ ਚੰਗਾ ਅਤੇ ਸਹੂਲਤ ਵਾਲਾ ਵਿਕਲਪ ਹੈ, ਕਿਉਂਕਿ ਇਹ ਪਿੰਡ ਦੇ ਨੇੜੇ ਆ ਸਕਦਾ ਹੈ, ਖ਼ਾਸ ਤੌਰ ਤੇ ਜਦੋਂ ਮੌਨਸੂਨ ਵਿਚ ਪਾਣੀ ਬਹੁਤ ਵਧ ਜਾਂਦਾ ਹੈ।

ਉੱਤਰ-ਪੂਰਬੀ ਅਧਿਐਨ ਅਤੇ ਨੀਤੀ ਖੋਜ (ਸੀ ਐੱਨ ਈ ਐੱਸ) ਦੀ ਰਿਤੂਰੇਖਾ ਬਰੂਆ ਜੋ



ਜੋਰਹਟ ਜ਼ਿਲ੍ਹੇ ਵਿਚ ਕਿਸ਼ਤੀ ਕਲਿਨਿਕ ਪ੍ਰੋਗਰਾਮ ਦੀ ਦੇਖਰੇਖ ਕਰਦੀ ਹੈ, ਦਾ ਕਹਿਣਾ ਹੈ ਕਿ ਇਹ ਟੀਮ ਬੱਚਿਆਂ ਦੇ ਜਨਮ ਵਿਚ ਵੀ ਮਦਦ ਕਰਦੀ ਹੈ। ਸਪੋਰੀਆਂ ਵਿਚ ਆਵਾਜਾਈ ਮੁਸ਼ਕਿਲ ਹੈ ਅਤੇ ਕਈ ਵਾਰ ਐਮਰਜੈਂਸੀ ਕਾਰਨ ਔਰਤ ਹਸਪਤਾਲ ਨਹੀਂ ਜਾ ਸਕਦੀ। ਅਜਿਹੇ ਹਾਲਾਤ ਵਿਚ ਅਸੀਂ ਬੱਚੇ ਦੇ ਜਨਮ ਵਿਚ ਵੀ ਮਦਦ ਕੀਤੀ ਹੈ।" ਬੱਚਿਆਂ ਦੇ 1,00,000 ਜੀਵਤ ਜਨਮਾਂ ਪਿੱਛੇ 328 ਮੌਤਾਂ ਨਾਲ ਅਸਮ ਦੇਸ਼ ਵਿਚ ਜੱਚਾ-ਬੱਚਾ ਮੌਤ ਅਨੁਪਾਤ ਸਭ ਤੋਂ ਵੱਧ ਹੈ।

ਇਹ ਕਲਿਨਿਕ ਪਰਿਵਾਰ ਨਿਯੋਜਨ ਨੂੰ ਵੀ ਉਤਸ਼ਾਹਤ ਕਰਦਾ ਹੈ, ਜੋ ਟਾਪੂਆਂ ਦੇ ਵਸਨੀਕਾਂ ਵਿਚ ਅਨਪੜ੍ਹਤਾ ਦੀ ਉੱਚੀ ਦਰ ਅਤੇ ਅੰਧਵਿਸ਼ਵਾਸ ਕਾਰਨ ਬਹੁਤ ਔਖਾ ਕੰਮ ਹੈ। ਕਲਿਨਿਕ ਵਿਚ ਇਕ ਡਾਕਟਰ ਮਿਨਹਾਜ਼ੂਦੀਨ ਅਹਿਮਦ ਦਾ ਕਹਿਣਾ ਹੈ ਕਿ ''ਇਸ (ਪਰਿਵਾਰ ਨਿਯੋਜਨ) ਲਈ ਸਾਨੂੰ ਆਪਣੇ ਫ਼ਰਜ਼ਾਂ ਅਤੇ ਕੰਮ ਤੋਂ ਅੱਗੇ ਵਧ ਕੇ ਲੋਕਾਂ ਦੀ ਸੋਚ ਬਦਲਣ, ਵਿਸ਼ਵਾਸ ਜਗਾਉਣ ਅਤੇ ਗਲਤਫਹਿਮੀਆਂ ਦੂਰ ਕਰਨ ਦਾ ਕੰਮ ਵੀ ਕਰਨਾ ਪੈਂਦਾ ਹੈ। ਸਾਨੂੰ ਲੜਕੀਆਂ ਦਾ ਛੋਟੀ ਉਮਰ ਵਿਚ ਵਿਆਹ ਕਰਨ ਨੂੰ ਨਿਰਉਤਸ਼ਾਹ ਵੀ ਕਰਨਾ ਪੈਂਦਾ ਹੈ ਅਤੇ ਬੱਚਿਆਂ ਵਿਚਾਲੇ ਵਕਫ਼ਾ ਬਣਾਉਣ ਬਾਰੇ ਵੀ ਸਮਝਾਉਣਾ ਪੈਂਦਾ ਹੈ।"

ਟਾਪੂਆਂ ਦੇ ਵਸਨੀਕਾਂ ਵਿਚ ਪਾਣੀ ਤੋਂ ਫੈਲਣ ਵਾਲੀਆਂ ਅਤੇ ਚਮੜੀ ਦੇ ਰੋਗ ਆਮ ਬੀਮਾਰੀਆਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਸਮ ਵਿਚ ਬ੍ਰਹਮਪੁੱਤਰ ਦੇ ਟਾਪੂਆਂ ਦੇ 2,500 ਟਾਪੂਆਂ ਦੀ ਲਗਭਗ 30 ਲੱਖ ਆਬਾਦੀ ਲਈ ਜ਼ਿੰਦਗੀ ਬਹੁਤ ਅਲਗ ਅਤੇ ਮੁਸ਼ਕਿਲ ਹੈ। ਪਰ ਕਿਸ਼ਤੀ ਕਲਿਨਿਕ ਦੀ ਟੀਮ ਨੂੰ ਇਨ੍ਹਾਂ ਲੋਕਾਂ ਤਕ ਪਹੁੰਚਣ ਵਿਚ ਚੁਨੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉੱਤਰ-ਪੂਰਬੀ ਅਧਿਐਨ ਅਤੇ ਨੀਤੀ ਖੋਜ, ਸੀ-ਐੱਨ ਈ ਐੱਸ ਦੇ ਸੀ ਈ ਓ ਦਿਪੰਕਰ ਦਾਸ ਅਨੁਸਾਰ ਸੋਕੇ ਤੇ ਬਰਸਾਤਾਂ ਦੌਰਾਨ ਮੁਸ਼ਕਿਲਾਂ ਵਧ ਜਾਂਦੀਆਂ ਹਨ। ਸੋਕੇ ਦੇ ਦਿਨਾਂ ਵਿਚ ਕਿਸ਼ਤੀ ਚਲਣ ਲਈ, ਘੱਟੋ-ਘੱਟ ਚਾਰ ਫੁੱਟ ਪਾਣੀ ਹੋਣਾ ਚਾਹੀਦਾ ਹੈ ਅਤੇ ਇਕ ਵਾਰੀ ਤਾਂ ਟੀਮ ਨੂੰ ਪਿੰਡ ਵਿਚ ਪਹੁੰਚਣ ਲਈ 10 ਕਿਲੋਮੀਟਰ ਦਾ ਸਫ਼ਰ ਵੀ ਤੈ ਕਰਨਾ ਪਿਆ ਸੀ। ਇਸੇ ਤਰ੍ਹਾਂ, ਅਜਿਹੇ ਸਮੇਂ ਵੀ ਆਏ ਹਨ ਜਦੋਂ ਕਿਸ਼ਤੀ ਕਲਿਨਿਕ ਝੱਖੜ ਜਾਂ ਹੜ੍ਹ ਵਿਚ ਫਸ ਗਿਆ ਅਤੇ ਵਿਸ਼ੇਸ਼ੱਗਾਂ ਰਾਹੀਂ ਬਚਾਉਣਾ ਪਿਆ।

ਡਿਬਰੂਗੜ੍ਹ ਜ਼ਿਲ੍ਹੇ ਦੀ ਅੰਜਨਾ ਦਾਸ ਨੇ ਹੱਸ ਕੇ ਕਿਹਾ ਕਿ ''ਸਿਹਤ ਸੰਭਾਲ ਤਕ ਪਹਿਲਾਂ ਪਹੁੰਚ ਇਕ ਬਹੁਤ ਫ਼ਖ਼ਰ ਦਾ ਮੁੱਦਾ ਹੁੰਦਾ ਸੀ ਪਰ ਹੁਣ ਕਿਸ਼ਤੀ ਕਲਿਨਿਕ ਰਾਹੀਂ ਸਾਨੂੰ ਚੰਗੇ ਜੀਵਨ ਦਾ ਵਰਦਾਨ ਮਿਲ ਗਿਆ ਹੈ।"

*(ਲੇਖਕ ਸੁਤੰਤਰ ਪੱਤਰਕਾਰ ਹੈ। ਇਹ ਲੇਖ ਉਸ ਵਲੋਂ ਰਾਸ਼ਟਰੀ ਮੀਡੀਆ ਫੈਲੋਸ਼ਿਪ ਕੰਮ ਦਾ ਹਿੱਸਾ ਹੈ ਜਿਸ ਲਈ ਭਾਰਤ ਦੀ ਰਾਸ਼ਟਰੀ ਫਾਊਂਡੇਸ਼ਨ ਵਲੋਂ ਮਦਦ ਮਿਲੀ।)*

*e-mail :charkha@bol.net.in*

*– ਚਰਖਾ ਫੀਚਰ*

# ਖ਼ੂਨ ਦੀ ਘਾਟ (ਅਨੀਮੀਆ), ਕਾਰਨ ਤੇ ਇਲਾਜ

ਹਰਪ੍ਰੀਤ ਸਿੰਘ ਭੰਡਾਰੀ

ਡਾਕਟਰੀ ਭਾਸ਼ਾ ਵਿਚ ਅਨੀਮੀਆ ਦਾ ਮਤਲਬ ਹੈ ਖ਼ੂਨ ਵਿਚ ਲਾਲ ਲਹੂ ਕਣਾਂ ਦੀ ਘਾਟ ਹੋ ਜਾਣਾ। ਅਜਿਹੀ ਸਥਿਤੀ ਵਿਚ ਰੋਗੀ ਦਾ ਦਿਲ ਖ਼ੂਨ ਨੂੰ ਤੇਜ਼ੀ ਨਾਲ ਚਲਾਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਮਰੀਜ਼ ਨੂੰ ਇਸ ਤਰ੍ਹਾ ਲਗਦਾ ਹੈ ਕਿ ਜਿਵੇਂ ਉਸ ਦੀ ਛਾਤੀ ਵਿਚ ਦਿਲ ਜ਼ੋਰ-ਜ਼ੋਰ ਦੀ ਧੜਕ ਰਿਹਾ ਹੋਵੇ। ਇਸ ਹਾਲਤ ਵਿਚ ਜਦੋਂ ਕਿ ਦਿਲ ਬਿਲਕੁਲ ਠੀਕ ਹੁੰਦਾ ਹੈ ਪਰ ਮਰੀਜ਼ ਨੂੰ ਜ਼ਰਾ ਜਿੰਨੀ ਵੀ ਮਿਹਨਤ ਕਰਨੀ ਪਹਾੜ ਚੜ੍ਹਨ ਵਰਗੀ ਲਗਦੀ ਹੈ। ਲਾਲ ਲਹੂ ਕਣ ਸਰੀਰ ਵਿਚ ਆਕਸੀਜਨ ਨੂੰ ਭੇਜਦੇ ਹਨ। ਦਿਲ ਦੇ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਜਦੋਂ ਖ਼ੂਨ ਵਿਚ ਲਾਲ ਲਹੂ ਕਣਾਂ ਦੀ ਗਿਣਤੀ ਨਹੀਂ ਵਧਦੀ ਤਾਂ ਸਰੀਰ ਦੇ ਵੱਖ-ਵੱਖ ਅੰਗਾਂ ਤਕ ਪਹੁੰਚਣ ਵਾਲੀ ਸਪਲਾਈ ਆਕਸੀਜਨ ਦੀ ਘਾਟ ਦੇ ਕਾਰਨ ਕਈ ਲੱਛਣ ਉੱਭਰ ਕੇ ਸਾਹਮਣੇ ਆਉਂਦੇ ਹਨ ਜਿਵੇਂ ਕਿ ਸਿਰ ਦਰਦ, ਦਿਮਾਗ਼ੀ ਕਮਜ਼ੋਰੀ, ਚਿੜਚਿੜਾਪਨ ਛੋਟੀਆਂ-ਛੋਟੀਆਂ ਗੱਲਾਂ ਤੋਂ ਜਲਦੀ ਘਬਰਾ ਜਾਣਾ, ਕਦੇ-ਕਦੇ ਬੇਹੋਸ਼ ਹੋ ਜਾਣਾ, ਇਕਾਗਰਤਾ ਦੀ ਘਾਟ ਕੋਈ ਵੀ ਕੰਮ ਕਰਦੇ ਸਮੇਂ, ਖ਼ਾਸ ਕਰਕੇ ਲਿਖਣ-ਪੜ੍ਹਨ ਸਮੇਂ ਅੱਖਾਂ ਬੰਦ ਜਿਹੀਆਂ ਹੋ ਜਾਣੀਆਂ, ਕਈਆਂ ਦੇ ਹੱਥ-ਪੈਰ ਸੁੰਨ ਹੋ ਜਾਣੇ, ਕੰਨਾਂ ਵਿਚ ਘੰਟੀਆਂ ਵੱਜਣੀਆਂ, ਅੱਖਾਂ ਹੇਠ ਕਾਲੇ ਧੱਬੇ ਅਤੇ ਨੀਂਦ ਨਾ ਆਉਣ ਦੀ ਸ਼ਿਕਾਇਤ ਵੀ ਹੋ ਸਕਦੀ ਹੈ। ਹੱਡਾਂ ਵਿਚ ਦਰਦ, ਰੋਗੀ ਨੂੰ ਬਹੁਤ ਕਮਜ਼ੋਰੀ ਮਹਿਸੂਸ ਹੋਣਾ, ਭੁੱਖ ਨਾ ਲੱਗਣਾ, ਜ਼ੁਕਾਮ, ਗੈਸ ਅਤੇ ਉਲਟੀਆਂ ਦੀ ਸ਼ਿਕਾਇਤ ਹੋਣਾ ਵੀ ਅਨੀਮੀਆ ਦੇ ਲੱਛਣ ਹਨ। ਅਜਿਹੇ ਰੋਗੀ ਦਾ ਭਾਰ ਘਟਣ ਲਗਦਾ ਹੈ ਅਤੇ ਸਾਹ ਵੀ ਔਖੇ ਆਉਂਦੇ ਹਨ। ਆਮ ਤੌਰ ਤੇ ਅਨੀਮੀਆ ਦੋ ਪ੍ਰਕਾਰ ਦਾ ਮੰਨਿਆ ਗਿਆ ਹੈ। ਸਾਡੀ ਖੁਰਾਕ ਦੀ ਘਾਟ ਕਾਰਨ ਪਹਿਲੇ ਤਰ੍ਹਾਂ ਦਾ ਅਨੀਮੀਆ ਹੈ ਅਤੇ ਦੂਸਰਾ ਅਨੀਮੀਆ ਗ਼ੈਰ ਖੁਰਾਕੀ ਕਾਰਨਾਂ ਕਰਕੇ ਹੁੰਦਾ ਹੈ। ਖੁਰਾਕ ਵਿਚ ਲੋਹ ਤੱਤ ਦੀ ਘਾਟ ਦੇ ਕਾਰਨ ਇਹ ਬੀਮਾਰੀ ਹੁੰਦੀ ਹੈ। ਗਲਤ ਰਹਿਣ ਸਹਿਣ ਦੇ ਢੰਗ ਅਤੇ ਗਲਤ ਖਾਣ-ਪੀਣ ਦੇ ਢੰਗਾਂ ਕਾਰਨ ਇਹ ਬੀਮਾਰੀ ਵਧ ਜਾਂਦੀ ਹੈ। ਜਦੋਂ ਸਰੀਰ ਨੂੰ ਆਇਰਨ ਘੱਟ ਮਿਲਦਾ ਹੈ ਤਾਂ ਸਰੀਰ ਵਿਚ ਫੋਲਿਕ ਐਸਿਡ ਵਿਟਾਮਿਨ ਬੀ ਅਤੇ ਪ੍ਰੋਟੀਨ ਦੀ ਘਾਟ ਹੋ ਜਾਂਦੀ ਹੈ। ਅਜਿਹੀ ਹਾਲਤ ਵਿਚ ਅਨੀਮੀਆ ਹੋ ਸਕਦਾ ਹੈ। ਔਰਤਾਂ ਅਤੇ ਲੜਕੀਆਂ ਨੂੰ ਮਾਹਵਾਰੀ ਦੇ ਦਿਨਾਂ ਵਿਚ ਜ਼ਿਆਦਾ ਖ਼ੂਨ ਆਉਣ ਦੇ ਨਾਲ ਅਤੇ ਗਰਭਵਤੀ ਔਰਤਾਂ ਨੂੰ ਵੀ ਅਕਸਰ ਅਨੀਮੀਆ ਹੋ ਜਾਂਦਾ ਹੈ। ਗਰਭਵਤੀ ਔਰਤਾਂ ਨੂੰ ਤਾਂ ਜ਼ਿਆਦਾ ਆਇਰਨ ਦੀ ਜ਼ਰੂਰਤ ਹੁੰਦੀ ਹੈ। ਇਸ ਦਾ ਕਾਰਨ ਗਰਭ ਵਿਚ ਪਲ ਰਿਹਾ ਬੱਚਾ ਆਪਣੀ ਮਾਂ ਦੇ ਸਰੀਰ ਤੋਂ ਹੀ ਆਪਣੀ ਖੁਰਾਕ ਲੈਂਦਾ ਹੈ, ਦੂਸਰਾ ਬੱਚੇ ਦੇ ਜਨਮ ਦੇ ਵਕਤ ਵੀ ਖ਼ੂਨ ਜ਼ਿਆਦਾ ਵਹਿ ਸਕਦਾ ਹੈ। ਖੁਰਾਕੀ ਘਾਟ ਕਾਰਨ ਹੋਣ ਵਾਲੇ ਅਨੀਮੀਆ ਦੇ ਇਲਾਜ ਵਾਸਤੇ ਸਾਨੂੰ ਆਪਣੀ ਖੁਰਾਕ ਵਿਚ ਪੋਸ਼ਕ ਤੱਤਾਂ ਨੂੰ ਵਧਾ ਦੇਣਾ ਚਾਹੀਦਾ ਹੈ। ਭੋਜਨ ਵਿਚ ਲੋਹ ਤੱਤ ਵਾਲੇ ਪਦਾਰਥ ਜਿਵੇਂ ਕਿ ਹਰੀਆਂ ਸਬਜ਼ੀਆਂ, ਪਿਆਜ਼, ਆਲੂ, ਸੇਬ, ਖਜ਼ੂਰ, ਗਾਜਰ, ਆਦਿ ਵੱਧ ਵਰਤਣੀਆਂ ਚਾਹੀਦੀਆਂ ਹਨ। ਟਮਾਟਰ ਅਤੇ ਵਹੀਟ ਗਰਾਸ ਜੂਸ ਦੀ ਨਿਯਮਤ ਵਰਤੋਂ ਸਾਨੂੰ ਬੁੱਢੇ ਹੋਣ ਤੋਂ ਰੋਕਦੀ ਹੈ ਅਤੇ ਸਰੀਰ ਵਿਚ ਲਗਭਗ 350 ਕਿਸਮ ਦੀਆਂ ਬੀਮਾਰੀਆਂ ਖਤਮ ਕਰਨ ਦੇ ਸਮਰੱਥ ਹੈ। ਵਹੀਟ ਗਰਾਸ ਘਰ 'ਚ ਉਗਾਇਆ ਜਾ ਸਕਦਾ ਹੈ ਅਤੇ ਇਸ ਦਾ ਜੂਸ ਵੀ ਘਰ ਵਿਚ ਬਣਾਇਆ ਜਾ ਸਕਦਾ ਹੈ। ਹਰੀਆਂ ਸਬਜ਼ੀਆਂ ਅਤੇ ਤਾਜ਼ੇ ਫਲ ਸਾਡੀ ਫੋਲਿਕ ਐਸਿਡ ਦੀ ਜ਼ਰੂਰਤ ਨੂੰ ਪੂਰਾ ਕਰਦੇ ਹਨ। ਦਾਲਾਂ, ਦੁੱਧ, ਸੋਇਆਬੀਨ, ਮੂੰਗਫਲੀ, ਦਹੀਂ, ਪਨੀਰ ਆਦਿ ਦਾ ਭੋਜਨ ਵੀ ਸਾਡੇ ਸਰੀਰ ਵਿਚ ਪ੍ਰੋਟੀਨ ਅਤੇ ਵਿਟਾਮਿਨ ਬੀ ਦੀ ਘਾਟ ਦੂਰ ਕਰ ਸਕਦਾ ਹੈ। ਪਰ ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਖੁਰਾਕੀ ਅਨੀਮੀਆ ਕਿਸੇ ਵਿਸ਼ੇਸ਼ ਤੱਤ ਦੀ ਘਾਟ ਦੇ ਕਾਰਨ ਨਹੀਂ ਹੁੰਦਾ। ਇਸ ਦੇ ਬਹੁਤ ਕਾਰਨ ਹੋ ਸਕਦੇ ਹਨ ਜਿਸ ਦੇ ਲਈ ਡਾਕਟਰ ਦੀ ਸਲਾਹ ਲੈਣਾ ਬਹੁਤ ਜ਼ਰੂਰੀ ਹੈ। ਈਪਲਾਸਟਿਕ ਅਨੀਮੀਆ ਹੱਡੀਆਂ ਨਾਲ ਸੰਬੰਧਿਤ ਹੈ। ਇਸੇ ਹੀ ਤਰ੍ਹਾਂ ਫੈਮੀਲਿਅਮ ਹੈਮੋਲੇਟਿਕ ਅਨੀਮੀਆ ਪਰਿਵਾਰਵਾਦ ਦੀ ਦੇਣ ਹੈ। ਕਈ ਵਾਰ ਜ਼ਿਆਦਾ ਪੁਰਾਣੀ ਲਾਗ ਕਾਰਨ ਵੀ ਅਨੀਮੀਆ ਹੋ ਸਕਦਾ ਹੈ। ਇਸੇ ਲਾਗ ਨੂੰ ਦੂਰ ਕਰਕੇ ਇਸ ਤੋਂ ਬਚਿਆ ਜਾ ਸਕਦਾ ਹੈ। ਅਨੀਮੀਆ ਬਾਰੇ ਲੋਕਾਂ ਵਿਚ ਅਨੇਕ ਮਨ ਘੜਤ ਸੋਚਾਂ ਫੈਲੀਆਂ ਹੋਈਆਂ ਹਨ। ਜਿਵੇਂ ਕਿ ਪੀਲੇ ਰੰਗ ਦੇ ਲੋਕ ਅਨੀਮੀਆ ਤੋਂ ਪੀੜਤ ਹਨ ਜਦ ਕਿ ਚਮੜੀ ਦੇ ਰੰਗ ਦੇ ਨਾਲ ਅਨੀਮੀਆ ਦਾ ਕੋਈ ਸੰਬੰਧ ਨਹੀਂ ਹੁੰਦਾ। ਹੈਮਰੋਫਿਲਿਕ ਔਰਤਾਂ ਨਿਸ਼ਚਿਤ ਤੌਰ ਤੇ ਵਿਆਹ ਵੀ ਕਰ ਸਕਦੀਆਂ ਹਨ ਅਤੇ ਗਰਭਧਾਰਨ ਵੀ ਜਦ ਕਿ ਆਮ ਲੋਕ ਇਸ ਤੋਂ ਬਿਲਕੁਲ ਉਲਟ ਸੋਚਦੇ ਹਨ। ਇਹ ਵੀ ਬਹਿਮ ਹੈ ਕਿ ਸਰਦੀਆਂ ਵਿਚ ਲਾਲ ਲਹੂ ਕਣ ਘੱਟ ਬਣਦੇ ਹਨ ਪਰ ਇਸ ਤਰ੍ਹਾਂ ਨਹੀਂ ਹੈ ਕਿ ਗਰਮੀਆਂ ਵਿਚ ਲੋਕ ਅਨੀਮਿਕ ਨਹੀਂ ਹੋ ਸਕਦੇ। ਅਨੀਮੀਆ ਗਰਮੀਆਂ ਵਿਚ ਵੀ ਹੋ ਸਕਦਾ ਹੈ।

*(ਲੇਖਕ ਸਿਹਤ ਦੇ ਖੇਤਰ ਵਿਚ ਪੰਜਾਬ ਸਰਕਾਰ ਵਲੋਂ ਸਟੇਟ ਅਵਾਰਡ ਨਾਲ ਸਨਮਾਨਿਤ ਤੇ ਇੰਟਰਨੈਸ਼ਨਲ ਨੈਚਰੋਪੈਥੀ ਆਰਗੇਨਾਈਜੇਸ਼ਨ ਪੰਜਾਬ ਦਾ ਪ੍ਰਧਾਨ ਹੈ।)*

# ਕੀ ਤੁਸੀਂ ਜਾਣਦੇ ਹੋ?

## ਭੀੜ ਜੁਟਾਉਣਾ

ਸ਼ਬਦ 'ਭੀੜ ਜੁਟਾਉਣਾ' 2005 ਵਿਚ ਜੈਫੀ ਹੋਅ ਅਤੇ ਮਾਰਕ ਰੋਬਿਨਸਨ ਵਲੋਂ ਵਰਤਿਆ ਗਿਆ ਸੀ। ਇਸ ਨੂੰ ਇੰਜ ਬਿਆਨਿਆ ਜਾਂਦਾ ਹੈ, 'ਅਜਿਹੀ ਪ੍ਰਕਿਰਿਆ ਜਿਸ ਦੁਆਰਾ ਬਹੁਸੰਖਿਆ ਦੀ ਸ਼ਕਤੀ ਨੂੰ ਅਜਿਹੇ ਕਾਰਜ ਕਰਨ ਲਈ ਵਰਤਿਆ ਜਾਂਦਾ ਹੈ ਜੋ ਕਦੇ ਕੁੱਝ ਵਿਸ਼ੇਸ਼ ਵਿਅਕਤੀਆਂ ਵਲੋਂ ਹੀ ਕੀਤੇ ਜਾਂਦੇ ਹਨ। ਭੀੜ ਜੁਟਾਉਣ ਦਾ ਮਤਲਬ ਹੈ ਉਹ ਪ੍ਰਕਿਰਿਆ ਜਿਸ ਰਾਹੀਂ ਅੰਸ਼ਦਾਨ, ਫੰਡ ਇਕੱਠੇ ਕਰਨਾ, ਸੇਵਾਵਾਂ ਪ੍ਰਦਾਨ ਕਰਨਾ, ਨਵੇਂ ਵਿਚਾਰ, ਸਮੱਗਰੀ, ਤਸਵੀਰਾਂ ਅਤੇ ਲੋਕਾਂ ਦੇ ਬਹੁਤ ਵੱਡੇ ਹਿੱਸੇ, ਖ਼ਾਸ ਕਰਕੇ ਇੰਟਰਨੈੱਟ ਜਾਂ ਆਨ ਲਾਈਨ ਸਮੂਹਾਂ, ਬਜਾਇ ਰਵਾਇਤੀ ਪੂਰਤੀਕਾਰਾਂ ਦੇ, ਦੀ ਪ੍ਰਾਪਤੀ ਕਰਨਾ। ਇਸ ਪਿੱਛੇ ਤਰਕ ਇਹ ਹੈ ਕਿ ਇਕ ਇਕੱਲੇ ਨਾਲੋਂ ਜ਼ਿਆਦਾ ਚੰਗੇ ਹੁੰਦੇ ਹਨ। ਕੰਪਨੀਆਂ ਦਾ ਝੁਕਾਅ ਆਮ ਤੌਰ ਤੇ ਭੀੜ ਜੁਟਾਉਣ ਵੱਲ ਹੁੰਦਾ ਹੈ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਆਪਣਾ ਦਾਇਰਾ ਵਿਸ਼ਾਲ ਕਰਕੇ, ਯੋਗ ਅਤੇ ਸਿੱਖਿਅਤ, ਹੁਨਰਮੰਦ ਹੱਥਾਂ ਨੂੰ ਆਪਣੇ ਵੱਲ ਖਿੱਚਣ ਦਾ ਮੌਕਾ ਮਿਲਦਾ ਹੈ ਅਤੇ ਇਹ ਜ਼ਿਆਦਾ ਮਹਿੰਗਾ ਜਾਂ ਕਈ ਮਾਮਲਿਆਂ ਵਿਚ ਮੁਫ਼ਤ ਵਾਲਾ ਸੌਦਾ ਵੀ ਹੁੰਦਾ ਹੈ। ਇਹ ਸਿਧਾਂਤ ਅਕਾਊ ਕੰਮ ਦੀ ਵੰਡ ਕਰਨ ਵਿਚ ਵੀ ਵਰਤਿਆ ਜਾਂਦਾ ਹੈ ਜਿਥੇ ਵਿਭਿੰਨ ਪ੍ਰਕਾਰ ਦੀ ਜਾਣਕਾਰੀ ਇਕੱਤਰ ਕਰਨੀ ਹੁੰਦੀ ਹੈ। ਇਹ ਬਹੁਤ ਸਾਰੇ ਸਵੈ-ਪ੍ਰਗਟਾਵੇ ਵਾਲੇ ਲੋਕਾਂ, ਪੇਸ਼ੇਵਰ, ਸਵੈ-ਸੇਵਕ, ਵਾਧੂ ਸਮੇਂ ਵਿਚ ਕੰਮ ਕਰਨ ਵਾਲਿਆਂ, ਤਜ਼ਰਬੇਕਾਰ ਅਤੇ ਛੋਟੇ ਕਾਰੋਬਾਰੀਆਂ ਦੀਆਂ ਕੋਸ਼ਿਸ਼ਾਂ 'ਤੇ ਨਿਰਭਰ ਹੁੰਦਾ ਹੈ ਜਿਥੇ ਹਰ ਕੋਈ ਆਪਣਾ ਯੋਗਦਾਨ ਪਾਉਂਦਾ ਹੈ ਜਿਸ ਸਦਕਾ ਬਹੁਪੱਖੀ ਨਤੀਜੇ ਪ੍ਰਾਪਤ ਕਰਨ ਹਿਤ ਉੱਚ ਪੱਧਰ ਦੀ ਸਮੱਗਰੀ ਅਤੇ ਵਿਚਾਰ ਪ੍ਰਾਪਤ ਕਰਨ ਵਿਚ ਮਦਦ ਮਿਲਦੀ ਹੈ। ਵਿਸ਼ਵ ਦੇ ਵੱਖ-ਵੱਖ ਭਾਗਾਂ ਵਿਚੋਂ, ਵੱਖ-ਵੱਖ ਖੇਤਰਾਂ ਵਿਚ ਵਿਚਰਨ ਵਾਲੇ ਲੋਕਾਂ ਵਲੋਂ ਆਪਸੀ ਮਿਲਵਰਤਨ ਨਾਲ, ਇਕ ਟੀਚੇ ਜਾਂ ਪ੍ਰਾਜੈਕਟ ਨੂੰ ਨੇਪਰੇ ਚੜ੍ਹਾਉਣ ਲਈ ਜ਼ਿਆਦਾ ਤੇਜ਼ ਅਤੇ ਘੱਟ ਗਲਤੀਆਂ ਨਾਲ ਕੰਮ ਕੀਤਾ ਜਾਂਦਾ ਹੈ। ਇਸ ਲਈ ਆਨ ਲਾਈਨ ਪਲੇਟਫਾਰਮ ਦੀ ਵਰਤੋਂ ਕੀਤੀ ਜਾਂਦੀ ਹੈ। ਵੱਖ-ਵੱਖ ਪੱਧਰਾਂ ਦੀ ਤਜ਼ਰਬੇਕਾਰੀ ਨੂੰ ਇਕਮੁੱਠ ਕਰਕੇ, ਜ਼ਿਆਦਾ ਮੁਨਾਫ਼ਾ ਕਮਾਉਣ ਲਈ ਵਰਤਿਆ ਜਾ ਸਕਦਾ ਹੈ। ਆਮ ਤੌਰ ਤੇ ਅਜਿਹੇ ਯੋਗਦਾਨ ਦੇਣ ਵਾਲਿਆਂ ਦਾ ਇਨਾਮ ਉਨ੍ਹਾਂ ਦੀ ਬੌਧਿਕ ਸੰਤੁਸ਼ਟੀ ਅਤੇ ਪ੍ਰਸ਼ੰਸਾ ਹੁੰਦਾ ਹੈ। ਪਰ ਕੁਝ ਮਾਮਲਿਆਂ ਵਿਚ ਉਨ੍ਹਾਂ ਨੂੰ ਨਗਦ ਇਨਾਮ ਆਦਿ ਵੀ ਦਿਤੇ ਜਾਂਦੇ ਹਨ।

ਭੀੜ ਜੁਟਾਉਣਾ ਵੱਖ-ਵੱਖ ਤਰ੍ਹਾਂ ਦਾ ਹੁੰਦਾ ਹੈ, ਜਿਵੇਂ ਕਿ ਭੀੜ ਸਰੋਤ ਬਣਾਉਣਾ, ਭੀੜ ਸਰੋਤ ਲਈ ਪੈਸਾ ਜੁਟਾਉਣਾ, ਸੂਖਮ ਕੰਮ ਅਤੇ ਖੁੱਲ੍ਹਾ ਆਧੁਨਿਕਤਾਵਾਦ।

## ਯੂਰੋਕਲੀਅਰ

ਯੂਰੋਕਲੀਅਰ 1968 ਵਿਚ ਬੈਲਜੀਅਮ ਵਿਚ ਸਥਾਪਿਤ ਕੀਤਾ ਗਿਆ ਸੀ ਤਾਂ ਕਿ ਘਰੇਲੂ ਅਤੇ ਅੰਤਰਰਾਸ਼ਟਰੀ ਰਿਣ-ਪੱਤਰਾਂ ਦਾ ਲੈਣ-ਦੇਣ, ਖ਼ਾਸ ਕਰਕੇ ਯੂਰੋ ਬਾਜ਼ਾਰ ਵਿਚ, ਨਿਪਟਿਆ ਜਾ ਸਕੇ। ਇਹ ਇਕ ਵਿੱਤੀ ਸੇਵਾਵਾਂ ਦੇਣ ਵਾਲੀ ਕੰਪਨੀ ਹੈ ਜੋ ਰਿਣ-ਪੱਤਰਾਂ ਦੀ ਦੇਣਦਾਰੀ ਅਤੇ ਅਸਾਸਿਆਂ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਇਹ ਦੁਨੀਆਂ ਭਰ ਦਾ ਸਭ ਤੋਂ ਵੱਡਾ ਕੇਂਦਰੀ ਅੰਤਰਰਾਸ਼ਟਰੀ ਭੰਡਾਰ ਹੈ। ਯੂਰੋਕਲੀਅਰ ਦਾ ਸਾਲਾਨਾ ਕਾਰੋਬਾਰ 500 ਟ੍ਰਿਲੀਅਨ ਹੈ ਅਤੇ ਇਸ ਦੇ ਕੋਲ ਗਾਹਕਾਂ ਦੇ 23 ਟ੍ਰਿਲੀਅਨ ਯੂਰੋ ਦੇ ਅਸਾਸੇ ਵੀ ਹਨ।

2012 ਵਿਚ ਭਾਰਤ ਵਲੋਂ ਯੂਰੋਕਲੀਅਰ ਵਿਚ ਸ਼ਾਮਿਲ ਹੋਣ ਦੀਆਂ ਸੰਭਾਵਨਾਵਾਂ ਤਲਾਸ਼ਣੀਆਂ ਸ਼ੁਰੂ ਹੋਈਆਂ ਤਾਂ ਜੋ ਭਾਰਤ ਵਿਚ ਵਿਦੇਸ਼ੀ ਨਿਵੇਸ਼ ਨੂੰ ਧੂਹ ਪਾਈ ਜਾ ਸਕੇ ਜਿਸ ਨਾਲ ਇਸ ਦਾ ਪੂੰਜੀ ਬਾਜ਼ਾਰ ਹੋਰ ਸੁਦ੍ਰਿੜ੍ਹ ਹੋ ਜਾਣਾ ਸੀ। ਵਿੱਤੀ ਬਾਜ਼ਾਰ ਦੇ ਮਾਹਰ ਦਲੀਲ ਦਿੰਦੇ ਹਨ ਕਿ ਯੂਰੋਕਲੀਅਰ ਦਾ ਵਿਸ਼ਾਲ ਦਾਇਰਾ ਅਤੇ ਮਜ਼ਬੂਤ ਢਾਂਚਾ ਹੈ, ਭਾਰਤ ਵਿਚ ਅੰਤਰ-ਰਾਸ਼ਟਰੀ ਨਿਵੇਸ਼ਕ ਤਾਂ ਹੀ ਨਿਵੇਸ਼ ਕਰਨਗੇ ਜੇ ਉਤਪਾਦ ਦੀ ਅਦਾਇਗੀ ਯੂਰੋਕਲੀਅਰ ਚੈਨਲ ਰਾਹੀਂ ਹੋਵੇਗੀ। ਯੂਰੋਕਲੀਅਰ ਵਿਚ ਸ਼ਾਮਿਲ ਹੋਣ ਨਾਲ ਭਾਰਤ ਦੇ ਵਿਸ਼ਵ ਘਰੇਲੂ ਕਰੰਸੀ ਬਾਂਡ ਸੂਚਕ ਅੰਕ ਵਿਚ ਦਾਖ਼ਲਾ ਹੋ ਜਾਵੇਗਾ। ਜਿਸ ਨਾਲ ਵਿਦੇਸ਼ ਵਿਚ ਭਾਰਤੀ ਰਿਣ-ਪੱਤਰਾਂ ਨਾਲ ਵਪਾਰ ਅਸਾਨ ਹੋ ਜਾਵੇਗਾ। ਪਰ, ਯੂਰੋਕਲੀਅਰ ਸੈਟਲਮੈਂਟ ਪ੍ਰਣਾਲੀ ਵਿਚ ਸ਼ਾਮਿਲ ਹੋਣ ਲਈ ਫਾਰਨ ਐਕਸਚੇਂਜ ਮੈਨੇਜਮੈਂਟ ਐਕਟ 'ਚ ਬਦਲਾਅ ਕਰਨੇ ਪੈਣਗੇ।

*ਸਫ਼ਾ 46 ਦੀ ਬਾਕੀ*

ਮੁੰਬਈ ਅਤੇ ਲਖਨਊ ਫੇਰੀ ਦਾ ਇੰਤਜ਼ਾਮ ਕੀਤਾ ਜਿਥੇ ਉਸ ਨੇ ਆਪਣੀ ਖੋਜ ਬਾਰੇ ਦੱਸਿਆ।

### ਅੱਗੇ ਦੀ ਸੋਚ

ਬਚਪਨ ਤੋਂ ਹੀ, ਸਿਬ ਸੰਕਰ ਦੀ ਤਾਂਘ ਸੀ ਕਿ ਉਹ ਕਿਸੇ ਚੰਗੀ ਆਟੋਮੋਬਾਈਲ ਕੰਪਨੀ ਦੇ ਖੋਜ ਵਿਭਾਗ ਵਿਚ ਕੰਮ ਕਰੇ। ਜਿਥੇ ਉਸ ਨੂੰ ਆਪਣੀ ਪੜ੍ਹਾਈ ਅਤੇ ਕਿੱਤੇ ਵਿਚ ਸਿਖਲਾਈ ਦੀ ਘਾਟ ਦਾ ਅਹਿਸਾਸ ਹੈ ਫਿਰ ਵੀ ਉਹ ਆਟੋਮੋਬਾਈਲ ਖੇਤਰ ਵਿਚ ਕੰਮ ਕਰਨ ਲਈ ਉਤਸੁਕ ਹੈ। ਅੱਜਕੱਲ੍ਹ ਉਹ ਇਕ ਸਮੋਰਟਾ ਕਾਰ ਬਣਾਉਣ ਵਿਚ ਲੱਗਾ ਹੋਇਆ ਹੈ ਅਤੇ ਚਾਰ ਸਟੋਰਕ ਵਾਲੇ ਪੁਰਾਣੇ ਮਾਰੂਤੀ ਇੰਜਣ ਦੀ ਈਂਧਨ ਕੁਸ਼ਲਤਾ ਵਧਾਉਣ ਦਾ ਯਤਨ ਕਰ ਰਿਹਾ ਹੈ।

***ਸਿਬ ਸੰਕਰ ਮੰਡਲ ਵਲੋਂ ਹੋਰ ਖੋਜੀ ਸਾਥੀਆਂ ਲਈ ਇਕ ਵੱਡੀ ਨਸੀਹਤ ਹੈ। ਉਸ ਦਾ ਕਹਿਣਾ ਹੈ ਕਿ ਖੋਜੀ ਭਾਵੇਂ ਵੱਡੀਆਂ ਕੋਸ਼ਿਸ਼ਾਂ ਨਾਲ ਅਤੇ ਸਖ਼ਤ ਮਿਹਨਤ ਨਾਲ ਕੁੱਝ ਨਵਾਂ ਕਰਨ ਦੀ ਕੋਸ਼ਿਸ਼ ਕਰਨ, ਪਰ ਕਈ ਸੌ ਪ੍ਰਤਿਸ਼ਤ ਕੋਸ਼ਿਸ਼ਾਂ ਵੀ ਮਨਚਾਹੇ ਨਤੀਜੇ ਨਹੀਂ ਦਿਖਾਉਂਦੀਆਂ। ਪਰ ਇਸ ਦਾ ਇਹ ਮਤਲਬ ਨਹੀਂ ਕਿ ਦੁਨੀਆਂ ਦਾ ਅੰਤ ਹੋ ਗਿਆ ਹੈ। ਹਾਲਾਤ ਨਾਲ ਸਮਝੌਤਾ ਕਰ ਕੇ ਅੱਗੇ ਵਧਣਾ ਚਾਹੀਦਾ ਹੈ। ਹੋਰ ਵੀ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣੀਆ ਹਨ।***

ਅਸੀਂ ਕਦੇ ਵੀ ਆਪਣੇ ਕੰਮ ਦੇ 100 ਪ੍ਰਤਿਸ਼ਤ ਕਾਮਯਾਬ ਹੋਣ ਬਾਰੇ ਯਕੀਨੀ ਤੌਰ ਤੇ ਨਹੀਂ ਕਹਿ ਸਕਦੇ। ❑❑

## ਪੁਸਤਕ ਪੜਚੋਲ

**ਪੁਸਤਕ : ਕਥਾਵਾਂ ਬਿਸਤ ਦੁਆਬ ਦੀਆਂ (ਲੋਕ-ਕਥਾ-ਸੰਗ੍ਰਹਿ)**
**ਲੇਖਕ : ਡਾ. ਜਸਵੰਤ ਰਾਏ**
**ਪ੍ਰਕਾਸ਼ਕ: ਦੇਸ਼ ਦੁਆਬਾ, 5101 ਦੋਈ ਹੋਲੋ ਪਲੇਸ, ਐਂਟਲੋਪ, ਸੀ ਏ-95843 (ਅਮਰੀਕਾ)**
**ਪੰਨੇ :224, ਮੁੱਲ : 250 ਰੁਪਏ**

ਚਰਚਾ ਅਧੀਨ ਪੁਸਤਕ ਦੇ ਸੰਬੰਧ ਵਿਚ ਗੱਲ ਕਰਨ ਤੋਂ ਪਹਿਲਾਂ ਕਹਿਣਾ ਉਚਿਤ ਹੋਵੇਗਾ ਕਿ ਪੰਜਾਬੀਆਂ ਦੀਆਂ ਬਹੁਤੀਆਂ ਕਥਾਵਾਂ ਨਾਇਕ ਪ੍ਰਧਾਨ ਹਨ। ਬਿਰਤਾਂਤਕ ਵਸਤੂ ਅਤੇ ਰੂਪ ਇਕ ਦੂਜੇ ਨਾਲ ਦਵੰਦਾਤਮਕ ਰੂਪ ਵਿਚ ਜੁੜੇ ਹੋਏ ਹਨ। ਸਮਾਜ ਸਭਿਆਚਾਰ ਦੇ ਵਿਕਾਸ ਨਾਲ ਦੋਨੋਂ ਵਿਕਸਤ ਹੁੰਦੇ ਹਨ ਅਤੇ ਕਥਾ ਪਰੰਪਰਾ ਦਾ ਅੰਗ ਬਣਦੇ ਹਨ। ਅਜੋਕੇ ਸਮੇਂ ਵਿਚ ਵਿਗਿਆਨ ਦੀਆਂ ਕਲਪਨਾਵਾਂ ਨਵੇਂ ਰੂਪ ਸਿਰਜ ਰਹੀਆਂ ਹਨ ਪਰ ਇਨ੍ਹਾਂ ਵਿਚ ਕਥਾ ਰੂੜ੍ਹੀਆਂ ਓਹੀ ਹਨ। ਚੰਗੇ ਮੰਦੇ ਦੇ ਟਕਰਾਓ ਵਿਚੋਂ ਚੰਗੇ ਦੀ ਜਿੱਤ, ਸਚਾਈ ਦੀ ਜਿੱਤ ਅਤੇ ਸਦਾਚਾਰ ਦੀ ਜਿੱਤ ਹੁੰਦੀ ਹੈ। ਖਲਨਾਇਕ ਬੇਹੱਦ ਤਾਕਤਾਂ ਦੇ ਬਾਵਜੂਦ ਹਾਰਦਾ ਹੈ। ਲੋਕ ਕਥਾਵਾਂ ਵਿਚ ਵਰਗਾਂ, ਜਾਤਾਂ, ਲਿੰਗ, ਕਿੱਤਿਆਂ ਆਦਿ ਦੀਆਂ ਵਿਚਾਰਧਾਰਾਵਾਂ ਇਕ ਦੂਜੇ ਨਾਲ ਟਕਰਾਉਂਦੀਆਂ ਹਨ। ਲੋਕ ਕਥਾਵਾਂ ਵਿਚ ਮਿੱਥ, ਦੰਦ ਕਥਾ, ਜਨੌਰ ਕਥਾ ਜਾਂ ਨੀਤੀ ਕਥਾ, ਯਥਾਰਥ ਕਥਾਵਾਂ ਤੋਂ ਇਲਾਵਾ ਪ੍ਰੇਤ ਕਥਾਵਾਂ, ਬੁਝਾਵਲ ਕਥਾਵਾਂ, ਸਾਖੀ, ਟੋਟਕਾ, ਮਹਾਤਮ, ਪ੍ਰਤਿਮਾਨਕ ਕਥਾ, ਸਿੱਧੀ ਆਦਿ ਆ ਜਾਂਦੀਆਂ ਹਨ। ਇਨ੍ਹਾਂ ਸਭਨਾਂ ਦਾ ਆਪਣਾ ਵੱਖਰਾ ਅਦਭੁਤ ਸੰਸਾਰ ਹੈ ਜੋ ਯਥਾਰਥ ਤੋਂ ਪੈਦਾ ਹੋ ਕੇ ਇੱਛਤ ਯਥਾਰਥ ਦੀ ਸਿਰਜਨਾ ਵੀ ਕਰਦਾ ਹੈ।

ਜਸਵੰਤ ਰਾਏ ਨੇ ਹਥਲੀ ਪੁਸਤਕ *ਕਥਾਵਾਂ ਬਿਸਤ ਦੁਆਬ ਦੀਆਂ* ਵਿਚ ਦੁਆਬੇ ਦੀਆਂ ਲੋਕ ਕਥਾਵਾਂ ਨੂੰ ਬੜੇ ਸਿਰੜ ਨਾਲ ਇਕੱਤਰ ਕੀਤਾ ਹੈ, ਮੂਲ ਦੁਆਬੀ ਉਪਭਾਸ਼ਾ ਵਿਚ। ਉਸ ਨੂੰ ਕਥਾਵਾਂ ਸੁਣਾਉਣ ਵਾਲੇ ਪਾਤਰ (ਮਰਦ, ਔਰਤਾਂ) ਆਪਣੇ ਆਪ ਵਿਚ ਰੁਮਾਂਟਿਕ ਹਨ। ਸਖ਼ਤ ਪ੍ਰਸਥਿਤੀਆਂ ਵਿਚ ਰਹਿ ਕੇ ਵੀ ਉਹ ਦੇਵੀ-ਦੇਵਤਿਆਂ, ਰਾਜੇ ਮਹਾਰਾਜਿਆਂ ਦੀਆਂ ਕਥਾਵਾਂ ਸੁਣਾਉਂਦੇ ਹਨ ਜਿਨ੍ਹਾਂ ਵਿਚੋਂ ਲੋਕਾਂ ਦਾ ਇੱਛਤ ਯਥਾਰਥ ਸਾਹਮਣੇ ਆਉਂਦਾ ਹੈ। ਗਰੀਬ ਸਾਧਾਰਨ ਪਾਤਰ ਵੀ ਸਿਆਣੇ ਹਨ ਜੋ ਰਾਜੇ ਮਹਾਰਾਜੇ ਨੂੰ ਵੀ ਆਪਣੀ ਸਿਆਣਪ ਦਾ ਲੋਹਾ ਮਨਵਾਉਂਦੇ ਹਨ। ਦੇਵੀ-ਦੇਵਤੇ ਗਰੀਬਾਂ ਦੀਆਂ ਦੁਨੀਆਂਵੀ ਲੋੜਾਂ ਪੂਰੀਆਂ ਕਰਦੇ ਹਨ।

ਇਨ੍ਹਾਂ ਕਥਾਵਾਂ ਵਿਚ ਮਨੁੱਖ ਦੀ ਉਮਰ ਦੇ ਪੜਾਵਾਂ ਸੰਬੰਧੀ ਦਰਸ਼ਨ ਹੈ, ਇਸੇ ਤਰ੍ਹਾਂ ਲੇਖਾਂ ਸੰਬੰਧੀ, ਗੁਰੂ ਸੰਬੰਧੀ ਲੋਕ ਧਾਰਨਾਵਾਂ ਨੂੰ ਬਿਰਤਾਂਤਕ ਰੂਪ ਦਿਤਾ ਗਿਆ ਹੈ। ਇਥੇ ਮਾੜੇ ਨੂੰ ਦੰਡ ਜ਼ਰੂਰ ਮਿਲਦਾ ਦਿਖਾਇਆ ਗਿਆ ਹੈ। ਤਥਾਕਥਿਤ ਨੀਵੀਂ ਜਾਤੀ ਦੀ ਔਰਤ ਵੀ ਬ੍ਰਾਹਮਣ ਨੂੰ ਨਦੀ ਪਾਰ ਕਰਾਉਂਦੀ ਹੈ। ਸੱਚੇ ਸੁੱਚੇ ਸੰਤ ਲੋਕ, ਭਲਾਈ ਦੇ ਕੰਮ ਵਿਚ ਲੱਗੇ ਦਿਖਾਈ ਦਿੰਦੇ ਹਨ। ਰਾਜਿਆਂ ਨੂੰ ਮੰਗਤੇ ਕਹਿਣ ਵਿਚ ਵੀ ਲੋਕਾਂ ਨੂੰ ਗੁਰੇਜ਼ ਨਹੀਂ। ਚੋਰਾਂ ਦੇ ਘਰ ਨਹੀਂ ਵਸਦੇ, ਫੱਕਰ ਸ਼ਹਿਨਸ਼ਾਹ ਹੁੰਦੇ ਹਨ ਆਦਿ ਵਿਚਾਰਾਂ ਨੂੰ ਬਿਰਤਾਂਤਕ ਰੂਪ ਦਿਤਾ ਗਿਆ ਹੈ। ਫ਼ੱਕਰ ਸੱਚੇ ਬੋਲਦੇ ਵੀ ਲੋਕਹਿਤੀ ਹੋ ਸਕਦੇ ਹਨ, ਇਹ ਕਥਾਵਾਂ ਦੱਸਦੀਆਂ ਹਨ। ਫ਼ੱਕਰ ਚੋਰਾਂ ਨੂੰ ਸੱਚ ਥੱਲੇ ਲੁਕਾਉਂਦੇ ਹਨ। ਧਾਰਮਿਕ ਬੰਦਿਆਂ ਦੀਆਂ ਚਤੁਰਾਈਆਂ ਵੀ ਇਨ੍ਹਾਂ ਕਥਾਵਾਂ ਵਿਚ ਦਰਜ ਹਨ। ਲੋਕ ਇਨ੍ਹਾਂ ਕਥਾਵਾਂ ਵਿਚ ਰੱਬ ਨੂੰ ਵੀ ਚਹੇੜਾਂ ਕਰਦੇ ਹਨ। ਇਨ੍ਹਾਂ ਕਥਾਵਾਂ ਵਿਚ ਮਿਥਾਂ, ਦੰਦ ਕਥਾਵਾਂ ਅਤੇ ਆਮ ਜੀਵਨ ਨਾਲ ਜੁੜੀਆਂ ਕਥਾਵਾਂ ਵੀ ਹਨ। ਇਸ ਸੰਗ੍ਰਹਿ ਵਿਚ ਆਈ ਸਿਕੰਦਰ ਤੇ ਪੋਰਸ ਦੀ ਕਥਾ ਕਿਤੇ ਹੋਰ ਸੁਣਨ ਨੂੰ ਨਹੀਂ ਮਿਲਦੀ। ਰਾਜਾ ਜਨਕ, ਅਕਬਰ-ਬੀਰਬਲ, ਕਬੀਰ ਸਾਹਿਬ ਅਤੇ ਗੁਰੂ ਸ਼ਖ਼ਸੀਅਤਾਂ ਨਾਲ ਜੁੜੀਆਂ ਕਥਾਵਾਂ ਦਾ ਆਪਣਾ ਸੁਹਜ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼ ਸਮੇਤ ਨਾਰਦ, ਗੌਤਮ, ਅਹੱਲਿਆ, ਇੰਦਰ, ਪ੍ਰਹਲਾਦ ਆਦਿ ਪਾਤਰ ਲੋਕ ਕਲਪਨਾ ਨੂੰ ਟੁੰਬਦੇ ਹਨ। ਇਸੇ ਲਈ ਇਨ੍ਹਾਂ ਨਾਲ ਜੁੜੀਆਂ ਕਥਾਵਾਂ ਦੀ ਉਸਾਰੀ ਹੋਈ ਹੈ। ਇਨ੍ਹਾਂ ਤੋਂ ਇਲਾਵਾ ਇਸ ਸੰਗ੍ਰਹਿ ਵਿਚ ਲਛਮਣ ਜਤੀ, ਹਨੂੰਮਾਨ, ਮਛੰਦਰ, ਗੋਰਖਨਾਥ ਅਤੇ ਕ੍ਰਿਸ਼ਨ ਨਾਲ ਜੁੜੀਆਂ ਮਿੱਥ ਕਥਾਵਾਂ ਅਤੇ ਦੰਦ ਕਥਾਵਾਂ ਵੀ ਆਈਆਂ ਹਨ। ਮਹੱਤਵਪੂਰਨ ਇਹ ਹੈ ਕਿ ਇਹ ਕਥਾਵਾਂ ਕਿਸੇ ਵੀ ਪੁਰਾਣ ਜਾਂ ਹੋਰ ਪੁਰਾਤਨ ਗ੍ਰੰਥ ਵਿਚ ਨਹੀਂ ਮਿਲਦੀਆਂ। ਇਹ ਸਾਰੀਆਂ ਲੋਕਾਂ ਦੇ ਪੁਰਾਣਾਂ ਦੀ ਸਿਰਜਣਾ ਹਨ, ਜਿਸ ਤੋਂ ਲੋਕਾਂ ਦੀ ਸਿਰਜਕ ਸ਼ਕਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਜਸਵੰਤ ਰਾਏ ਨੇ ਜਿੰਨੀ ਸਿਦਕ ਦਿਲੀ ਨਾਲ ਦੁਆਬੇ ਦੀਆਂ ਲੋਕ ਕਥਾਵਾਂ ਨੂੰ ਸਾਂਭਿਆ ਹੈ ਓਨੀ ਹੀ ਸਿਦਕ ਦਿਲੀ ਅਤੇ ਬਾਰੀਕ ਬੀਨੀ ਨਾਲ ਉਸ ਨੇ ਇਨ੍ਹਾਂ ਦਾ ਅਧਿਐਨ ਵੀ ਕੀਤਾ ਹੈ। ਉਸ ਨੇ ਲੋਕ ਕਥਾਵਾਂ ਦਾ ਬਿਰਤਾਂਤ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਨਿੱਠ ਕੇ ਵਿਸ਼ਲੇਸ਼ਣ ਵੀ ਕੀਤਾ ਹੈ। ਜਸਵੰਤ ਰਾਏ ਉਭਰਦਾ ਕਹਾਣੀਕਾਰ, ਗੀਤਕਾਰ ਅਤੇ ਸਾਹਿਤ ਖੋਜੀ ਹੈ। ਉਸ ਨੇ ਜਿਸ ਤਰ੍ਹਾਂ ਮੁਢਲੇ ਕਦਮ ਪੁੱਟੇ ਹਨ ਉਸ ਤੋਂ ਮੇਰਾ ਪੱਕਾ ਵਿਸ਼ਵਾਸ ਹੈ ਕਿ ਜੇ ਉਹ ਇਸੇ ਤੋਰੇ ਤੁਰਦਾ ਰਿਹਾ ਅਤੇ ਹਾਲਾਤ ਸਾਜ਼ਗਾਰ ਰਹੇ ਤਾਂ ਉਹ ਨਵੀਆਂ ਲੀਹਾਂ ਜ਼ਰੂਰ ਪਾਵੇਗਾ। ਇਸ ਸੰਗ੍ਰਹਿ ਵਿਚ ਸਾਰੀਆਂ ਲੋਕ ਕਥਾਵਾਂ ਪਹਿਲੀ ਵਾਰ ਪੁਸਤਕ ਦਾ ਰੂਪ ਗ੍ਰਹਿਣ ਕਰ ਰਹੀਆਂ ਹਨ, ਇਸ ਤੋਂ ਵੱਧ ਇਸ ਸੰਗ੍ਰਹਿ ਦੀ ਸਾਰਥਿਕਤਾ ਹੋਰ ਕੀ ਹੋ ਸਕਦੀ ਹੈ? ਮੇਰੀ ਇੱਛਾ ਹੈ ਕਿ ਜਸਵੰਤ ਰਾਏ ਇਵੇਂ ਹੀ ਲੋਕਧਾਰਾ ਨੂੰ ਪ੍ਰਨਾਇਆ ਰਹੇ ਤਾਂ ਕਿ ਦੁਆਬੇ ਦੇ ਖਿੱਤੇ ਦੀਆਂ ਹਜ਼ਾਰਾਂ ਦੱਬੀਆਂ ਪਈਆਂ ਕਥਾਵਾਂ ਨੂੰ ਬਾਹਰ ਆਉਣ ਦਾ ਮੌਕਾ ਮਿਲ ਸਕੇ। ਮੈਂ ਜਸਵੰਤ ਰਾਏ ਨੂੰ ਉਸ ਦੇ ਇਸ ਲੋਕ ਕਥਾ ਸੰਗ੍ਰਹਿ ਲਈ ਵਧਾਈ ਦਿੰਦਾ ਹਾਂ।

– ਕਰਮਜੀਤ ਸਿੰਘ (ਡਾ.)

**ਪੁਸਤਕ : ਕਥਾ ਇਕ ਕਲਯੁਗ ਦੀ (ਕਹਾਣੀ ਸੰਗ੍ਰਹਿ)**
**ਲੇਖਕ : ਖਾਲਿਦ ਫਰਹਾਦ ਧਾਰੀਵਾਲ**
**ਪ੍ਰਕਾਸ਼ਕ: ਸੰਗਮ ਪਬਲੀਕੇਸ਼ਨ, ਸਮਾਣਾ, (ਪਟਿਆਲਾ)**
**ਪੰਨੇ :88, ਮੁੱਲ : 125 ਰੁਪਏ**

ਬਤੌਰ ਲੇਖਕ, ''ਅਸਲ ਤਾਂ ਆਪਣੇ ਅਨੁਭਵ ਹੀ ਹੁੰਦੇ ਹਨ ਜਿਹੜੇ ਕਿਸੇ ਵਾਪਰੀ ਹੋਈ ਘਟਨਾ

ਨਾਲ ਮਿਲ ਕੇ ਕਹਾਣੀ ਦਾ ਰੂਪ ਧਾਰ ਲੈਂਦੇ ਹਨ। ਕਦੇ ਇਸ ਘਟਨਾ ਦੀ ਥਾਂ ਆਪਣੇ ਮਨ ਵਿਚ ਹੀ ਫੁੱਟਿਆ ਕੋਈ ਖ਼ਿਆਲ ਹੋ ਸਕਦਾ ਹੈ। ਕੁਝ ਵੇਖ, ਸੁਣ ਜਾਂ ਪੜ੍ਹ ਕੇ ਮਨ ਵਿਚ ਇਕ ਛੱਲ ਜਿਹੀ ਉੱਠਦੀ ਹੈ, ਯਾਨਿ ਕਹਾਣੀ ਲਈ ਕੋਈ ਨਵਾਂ ਖਿਆਲ ਔੜਦਾ ਹੈ। ਕਹਾਣੀ ਲਿਖਦੇ ਹੋਏ ਯਾਦਾਂ, ਸੁਫ਼ਨੇ ਤੇ ਅਨੁਭਵ, ਅਚੇਤ ਹੀ ਕਹਾਣੀ ਦਾ ਹਿੱਸਾ ਬਣਦੇ ਜਾਂਦੇ ਹਨ।"

ਚਰਚਾ ਅਧੀਨ ਕਹਾਣੀ ਸੰਗ੍ਰਹਿ ਖਾਲਿਦ ਫਰਹਾਦ ਧਾਰੀਵਾਲ ਦਾ ਲਿਖਿਆ ਹੋਇਆ ਹੈ। ਲੇਖਕ ਸੁਲਝੇ ਵਿਚਾਰਾਂ ਵਾਲਾ ਤੇ ਉਚੇਰੀ ਸੋਚ ਦਾ ਮਾਲਿਕ ਹੈ। ਖਾਲਿਦ ਨੇ ਬੜੀ ਖੁੱਲ੍ਹ-ਦਿਲੀ ਨਾਲ ਇਨਸਾਨੀਅਤ ਨੂੰ ਮੁੱਖ ਰੱਖ ਕੇ ਕਹਾਣੀਆਂ ਦੀ ਰਚਨਾ ਕੀਤੀ ਹੈ। ਹਰ ਕਹਾਣੀ ਦਾ ਸਿਰਲੇਖ ਜਿਵੇਂ ਕਹਾਣੀ ਨੂੰ ਆਪਣੇ ਮੂੰਹੋਂ ਬਿਆਨ ਕਰ ਰਿਹਾ ਹੋਵੇ।

ਕਿਤਾਬ ਦੀ ਪਹਿਲੀ ਕਹਾਣੀ 'ਮਾਸ, ਮਿੱਟੀ ਤੇ ਮਾਇਆ' ਦੀਆਂ ਸ਼ੁਰੂਆਤੀ ਤਿੰਨ ਸਤਰਾਂ ਕਿਸੇ ਵੀ ਮਨੁੱਖ ਦੀ ਆਤਮਾ ਨੂੰ ਵਲੂੰਧਰ ਕੇ ਰੱਖ ਦੇਣ :-

ਮਾਸ - ਨਹੁੰਆਂ ਨਾਲੋਂ ਨਿਖੇੜੇ ਹੋਏ ਲਈ ਵੀ ਉਹਦਾ ਲਹੂ ਜੋਸ਼ ਕਿਉਂ ਮਾਰਦਾ ਏ?

ਮਿੱਟੀ - ਜਿਥੇ ਮੁੜ ਕਦੇ ਪੈਰ ਨਹੀਂ ਧਰਨਾ, ਸੁਫ਼ਨਿਆਂ ਵਿਚ ਉਥੇ ਕਿਉਂ ਫਿਰਦਾ ਰਹਿੰਦਾ ਏ?

ਮਾਇਆ - ਸੁਖਾਲਿਆਂ ਕਰਦੀ ਏ ਤਾਂ ਫਿਰ ਦੁੱਖ ਵੀ ਕਿਉਂ ਦਿੰਦੀ ਏ।

ਹਿਮਾਲਾ ਵਰਗੇ ਅਹਿਲ ਇਨ੍ਹਾਂ ਤਿੰਨਾਂ ਪ੍ਰਸ਼ਨਾਂ ਦਾ ਉੱਤਰ ਕੋਈ ਦੇ ਵੀ ਦੇਵੇ ਤਾਂ ਵੀ ਇਹ ਪ੍ਰਸ਼ਨ ਉਥੇ ਦੇ ਉਥੇ ਉਂਜ ਹੀ ਖੜ੍ਹੇ ਨਜ਼ਰ ਆਉਣਗੇ। ਆਂਦਰਾਂ ਨੂੰ ਖਿੱਚ ਪਾਉਣ ਵਾਲੇ ਇਹ ਪ੍ਰਸ਼ਨ ਲੇਖਕ ਦੀ ਸੋਚ, ਵਿਚਾਰ, ਅਨੁਭਵ ਤੇ ਕਲਪਨਾ ਦੇ ਮਿਆਰ ਨੂੰ ਦਰਸਾਉਂਦੇ ਹਨ।

ਪੁਸਤਕ ਦੀ ਲਗਭਗ ਹਰ ਕਹਾਣੀ ਦਿਲ ਨਾਲ ਦਿਲ ਦੀ ਨੇੜਤਾ ਤੇ ਸਾਂਝ ਦਾ ਬਿਓਰਾ ਪੇਸ਼ ਕਰਦੀ ਹੈ। ਲਹੂ ਤੇ ਮਿੱਟੀ ਦੀ ਸਾਂਝ ਦਾ ਜ਼ਿੰਦਗੀ ਨਾਲ ਕੀ ਰਿਸ਼ਤਾ ਹੈ, ਇਹ ਲੇਖਕ ਨੇ ਜਿਵੇਂ ਆਪਣੇ ਜਿਸਮ 'ਤੇ ਹੰਢਾਇਆ ਹੋਵੇ।

ਇਕ ਜਗਹ ਲੇਖਕ ਕਹਿੰਦਾ ਹੈ - "ਦੁਨੀਆਂ ਕਿੰਨੀ ਵੀ ਗਲੋਬਲ ਕਿਉਂ ਨਾ ਹੋ ਜਾਵੇ ਪਰ ਬੰਦਾ ਆਪਣੀ ਗੁੜ੍ਹਤਲ, ਰਹਿਤਲ, ਬੋਲੀ ਤੇ ਵਰਤਾਰੇ ਵਿਚ ਕਦੀ ਵੀ ਗਲੋਬਲ ਨਹੀਂ ਹੋ ਸਕਦਾ। ਹਰ ਬੰਦੇ ਦੀ ਆਪਣੀ ਮਿੱਟੀ ਹੁੰਦੀ ਹੈ, ਹਰ ਮਿੱਟੀ ਦੀ ਆਪਣੀ ਮਰਿਆਦਾ ਹੁੰਦੀ ਹੈ ਤੇ ਇਕ ਵੱਖਰਾ ਹੇਰਵਾ।" ਸੋ, ਕਹਿ ਸਕਦੇ ਹਾਂ ਕਿ ਲੇਖਕ ਆਪਣੀ ਜ਼ਿੰਦਗੀ ਦੇ ਨਿੱਕੇ ਤੋਂ ਨਿੱਕੇ ਪਲ ਨੂੰ ਵੀ ਜਿਵੇਂ ਸਹੀ ਅਰਥਾਂ ਵਿਚ ਜਿਉਂਦਾ, ਮਾਣਦਾ ਤੇ ਹੰਢਾਉਂਦਾ ਹੈ। ਫਿਰ ਇਹੀ ਅਰਥ ਭਰੇ ਪਲ ਉਸ ਦੀਆਂ ਕਹਾਣੀਆਂ ਵਿਚ ਤਬਦੀਲ ਹੋ ਜਾਂਦੇ ਹਨ ਅਤੇ ਜ਼ਿੰਦਗੀ ਤੇ ਸਾਹਿਤ ਦੇ ਉਚੇਰੇ ਮਿਆਰਾਂ ਦੀਆਂ ਸਿਖਰਾਂ ਨੂੰ ਛੂੰਹਦੇ ਪ੍ਰਤੀਤ ਹੁੰਦੇ ਹਨ।

'ਆਂਡੇ ਵੇਚਣ ਵਾਲਾ' ਕਹਾਣੀ ਵਿਚ ਬਚਪਨ ਦੀ ਮਾਸੂਮੀਅਤ, ਸਾਦਗੀ, ਕੋਮਲਤਾ ਤੇ ਸੰਵੇਦਨਸ਼ੀਲਤਾ ਨੂੰ ਪ੍ਰਤੱਖ ਤੱਕਿਆ ਜਾ ਸਕਦਾ ਹੈ। ਖਾਲਿਦ ਨੇ ਸਾਧਾਰਨ ਪੇਂਡੂ ਜੀਵਨ ਨੂੰ ਮੁੱਖ ਰੱਖ ਕੇ ਕਈ ਕਹਾਣੀਆਂ ਦੀ ਰਚਨਾ ਕੀਤੀ ਹੈ ਜਿਥੇ ਪੜ੍ਹ ਲਿਖ ਕੇ ਵੀ ਬੰਦੇ ਨੂੰ ਕੰਮ ਨਹੀਂ ਮਿਲਦਾ ਤੇ ਅਖੀਰ ਉਹ ਵਿਦੇਸ਼ ਵੱਲ ਮੂੰਹ ਚੁੱਕੀ ਵੇਖਦੇ ਰਹਿੰਦੇ ਹਨ। ਵਿਦੇਸ਼ ਵਿਚ ਜਾ ਕੇ ਕੁਝ ਤਾਂ ਆਪਣੀ ਮਿੱਟੀ ਨੂੰ ਵਿਸਾਰ ਹੀ ਬਹਿੰਦੇ ਹਨ ਜਿਵੇਂ 'ਮਨਸ਼ਾ' ਆਪਣੀ ਭੋਂ ਤੋਂ ਬਿਲਕੁਲ ਉੱਖੜ ਚੁੱਕਿਆ ਹੈ ਤੇ ਕੁਝ ਵਿਦੇਸ਼ੀ ਬੈਠੇ ਵੀ ਮਰਨ ਤੋਂ ਬਾਅਦ ਆਪਣੀ ਭੋਂ ਵਿਚ ਆਉਣ ਲਈ ਵਿਆਕੁਲ ਨਜ਼ਰ ਆਉਂਦੇ ਹਨ। ਪਰ ਉਨ੍ਹਾਂ ਦੀ ਅਗਲੇਰੀ ਪੀੜ੍ਹੀ ਜੋ ਵਿਦੇਸ਼ ਦੀ ਹੀ ਜੰਮਪਲ ਹੈ, ਉਹ ਆਪਣੇ ਆਪ ਨੂੰ ਆਪਣੇ ਪੁਰਖਿਆਂ ਦੀ ਮਿੱਟੀ ਤੋਂ ਉੱਕਾ ਹੀ ਨਿਖੇੜ ਲੈਂਦੇ ਹਨ। 'ਮਾਲਕਨ' ਕਹਾਣੀ ਵਿਚ ਮਾਲਕਨ ਆਪਣੀ ਬੇਮਿਆਦੀ ਬੀਮਾਰੀ ਦੀ ਹਾਲਤ ਵਿਚ ਜ਼ਿੰਦਗੀ ਨਾਲ ਇਥੋਂ ਤਕ ਸਮਝੌਤਾ ਕਰਨ ਲਈ ਮਜਬੂਰ ਹੋ ਜਾਂਦੀ ਹੈ ਕਿ ਘਰ ਦੀ ਨੌਕਰਾਣੀ ਨਾਲ ਆਪਣੇ ਖਾਵੰਦ ਦੇ ਸੰਬੰਧਾਂ ਨੂੰ ਜਾਣਦੇ ਹੋਏ ਵੀ ਅਨਜਾਣ ਬਣ ਕੇ ਰਹਿ ਜਾਂਦੀ ਹੈ ਤਾਂ ਕਿ ਉਸ ਦਾ ਘਰ ਵਸਿਆ ਰਹੇ। ਲੇਖਕ ਨੇ ਕੁੜੀਆਂ ਦੇ ਵਿਆਹਾਂ ਵਿਚ ਦੇਰੀ (ਦਾਜ ਕਾਰਨ), ਵੱਟਾ-ਸੱਟਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਸ਼ਾਹੂਕਾਰੀ, ਧਰਮ ਕੱਟੜਤਾ, ਬੁਢਾਪਾ ਤੇ ਨਿੱਕੇ ਬੱਚਿਆਂ ਸਿਰ ਪਰਿਵਾਰ ਦੇ ਬੋਝ ਵਰਗੇ ਪਹਿਲੂਆਂ ਨੂੰ ਬੜੀ ਸੁਘੜਤਾ ਨਾਲ ਪੇਸ਼ ਕੀਤਾ ਹੈ।

ਕਿਤਾਬ ਦੀ ਆਖਰੀ ਕਹਾਣੀ 'ਇਕ ਸਵੇਰ ਦੀ ਆਸ ਵਿਚ' ਬੜੀ ਹੀ ਸੰਵੇਦਨਸ਼ੀਲ, ਦਿਲ ਦੀਆਂ ਡੂੰਘਾਈਆਂ ਵਿਚ ਉੱਤਰ ਜਾਣ ਵਾਲੀ ਤੇ ਇਨਸਾਨ ਦੀ ਇਨਸਾਨ ਪ੍ਰਤਿ ਬੇ-ਕਦਰੀ ਨੂੰ ਉਲੀਕਦੀ ਹੈ। ਘਰ ਦਾ ਨੌਕਰ ਉਸ ਸਵੇਰ ਦੀ ਉਡੀਕ ਵਿਚ ਹੈ ਜਦ ਬੰਦੇ ਨੂੰ ਇਕ ਕੁੱਤੇ ਦੇ ਬਰਾਬਰ ਦਰਜਾ ਮਿਲ ਜਾਵੇ। ਕੱਪੜਾ ਮਿੱਲ ਦਾ ਮਾਲਕ ਉਸ ਸਵੇਰ ਦੀ ਉਡੀਕ ਵਿਚ ਹੈ ਜਦ ਉਸ ਦੇ ਬੱਚਿਆਂ ਨੂੰ ਜਿਉਂਦੇ ਜੀ ਉਨਾ ਕੱਪੜਾ ਨਸੀਬ ਹੋ ਜਾਵੇ ਜਿੰਨਾ ਮਰਨ ਤੋਂ ਬਾਅਦ ਕਫਨ ਦੇ ਤੌਰ ਤੇ ਨਸੀਬ ਹੁੰਦਾ ਹੈ। ਇਕ ਸ਼ੀਰੀ ਤਿੰਨ ਡੰਗ ਦੀ ਰੋਟੀ ਖ਼ਾਤਰ ਆਪਣੇ ਹੱਕ ਦੀ ਜ਼ਮੀਨ ਦੀ ਮੰਗ ਕਰ ਰਿਹਾ ਹੈ। ਇਕ ਪਿਛਲੇਰੀ ਉਮਰ ਦੀ ਕੁਆਰੀ ਕੁੜੀ ਆਪਣੇ ਵਾਸਤੇ ਕਿਸੇ ਰਾਜਕੁਮਾਰ ਜਿਹੇ ਦੀ ਉਡੀਕ ਵਿਚ ਡੁੱਬਦੇ ਸੂਰਜ ਨੂੰ ਨਿਹਾਰ ਰਹੀ ਹੈ ਕਿ ਸ਼ਾਇਦ ਕੱਲ੍ਹ ਨਿਕਲਣ ਵਾਲਾ ਇਹੀ ਸੂਰਜ ਉਸ ਲਈ ਕੋਈ ਸੁਖ ਸੁਨੇਹਾ ਲੈ ਕੇ ਹਾਜ਼ਿਰ ਹੋਵੇਗਾ। ਹਰ ਕੋਈ ਹੀ ਨਵੀਂ ਸਵੇਰ ਦੀ ਉਡੀਕ ਵਿਚ ਹੈ ਪਰ ਕਿਸੇ ਨੂੰ ਨਹੀਂ ਪਤਾ ਕਿ ਕਿਸ ਦੀ ਸਵੇਰ ਕਦੋਂ ਉਸ ਦੀ ਮੰਜ਼ਿਲ ਬਣ ਕੇ ਉਸ ਦੇ ਸਾਹਮਣੇ ਆਵੇਗੀ।

ਲੇਖਕ ਦੀ ਸੋਚ ਸਮਝ, ਜਜ਼ਬਾ ਤੇ ਕਲਪਨਾ ਦਾ ਮਿਆਰ ਬਹੁਤ ਉੱਚਾ ਤੇ ਦਿਲ ਟੁੰਬਵਾਂ ਹੈ। ਉੱਚੀ ਸੋਚ ਵਾਲੇ ਹਰ ਪਾਠਕ ਨੂੰ ਮੈਂ ਇਹ ਕਿਤਾਬ ਪੜ੍ਹਨ ਦੀ ਸਿਫ਼ਾਰਸ਼ ਕਰਦੀ ਹਾਂ।

*- ਸਰਬਜੀਤ ਕੌਰ*

***ਸੀ.ਵੀ. ਰਮਨ ਦਾ ਵਿਗਿਆਨ ਸੰਬੰਧੀ ਵਿਚਾਰ***

*ਮਾਨਵ ਸੇਵਾ ਰਮਨ ਲਈ ਅਸਲੀ ਧਰਮ ਸੀ। ਮਹਾਤਮਾ ਗਾਂਧੀ ਨਾਲ ਗੱਲਬਾਤ ਦੌਰਾਨ ਉਸ ਨੇ ਇਕ ਵਾਰ ਕਿਹਾ ਸੀ—ਸਾਨੂੰ ਰੱਬ ਦੀ ਤਾਲਾਸ਼ ਉਸ ਦੇ ਬੰਦਿਆਂ ਵਿਚੋਂ ਕਰਨੀ ਚਾਹੀਦੀ ਹੈ। ਜੇ ਉਹ ਉਨ੍ਹਾਂ ਵਿਚ ਨਹੀਂ ਤਾਂ ਉਹ ਕਿਤੇ ਹੋਰ ਵੀ ਨਹੀਂ।*

*ਰਮਨ ਸਰਗਰਮ ਤੇ ਕਾਰਜਸ਼ੀਲ ਜ਼ਿੰਦਗੀ ਜੀਣ ਵਿਚ ਵਿਸਵਾਸ਼ ਰਖਦਾ ਸੀ। ਵਡੇਰੀ ਉਮਰ ਵਿਚ ਜਦੋਂ ਉਹ ਬੀਮਾਰ ਹੋਇਆ ਤਾਂ ਉਸ ਨੇ ਆਪਣੇ ਡਾਕਟਰਾਂ ਨੂੰ ਕਿਹਾ—ਇਸ ਬੀਮਾਰੀ ਤੋਂ ਠੀਕ ਹੋਣ ਦੀ ਮੇਰੀ ਇੱਛਾ ਦੀ ਇਕੋ ਸ਼ਰਤ ਹੈ ਕਿ ਮੈਂ ਸੌ ਪ੍ਰਤਿਸ਼ਤ ਸਰਗਰਮ ਤੇ ਸਮਾਜ ਲਈ ਲਾਭਦਾਇਕ ਜੀਵਨ ਜੀ ਸਕਾਂ। ਅਜਿਹਾ ਨਾ ਹੋਣ ਦੀ ਸੂਰਤ ਵਿਚ ਮੈਂ ਜੀਣ ਨਾਲੋਂ ਮਰਨਾ ਪਸੰਦ ਕਰਾਂਗਾ।*

- 'ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ' ਵਿਚੋਂ

# ADVERTISEMENT UNIT
# PUBLICATIONS DIVISION
# MINISTRY OF INFORMATION & BROADCASTINGS

## COMMERCIAL ADVERTISEMENT RATES FOR DPD JOURNALS
## (w.e.f 1st June ,2013)

| Sl. No. | Name of Journal | Inside Text Page | | | | Back Cover | 2nd Cover page | 3rd cover page |
|---|---|---|---|---|---|---|---|---|
| | (Rate for each Journals for one edition) | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English & Hindi) | 25000 | 15000 | 18000 | 11000 | 75000 | 50000 | 50000 |
| 2 | Kurukshetra (English & Hindi) | 20000 | 12000 | | | 30000 | 27000 | 25000 |
| 3 | Ajkal (Hindi & Urdu) | 10000 | 6000 | 7000 | 5000 | 15000 | 12000 | 11000 |
| 4 | Yojana ( Urdu/Punjabi/ Oriya/ Assamese/ Kannada/ Malayalam ) | 7000 | 4500 | 5000 | 3000 | 10000 | 9000 | 8000 |
| 5 | Bal Bharti, | 22000 | 13000 | | | 30000 | 27000 | 25000 |
| 6 | Yojana (Bengali/ Telgu/ Marathi/ Tamil/Gujrati) | 13000 | 8000 | 10000 | 6000 | 20000 | 17000 | 15000 |

COMMERCIAL ADVERTISEMENT RATES FOR INDIA/BHARAT

| | India | | Bharat | |
|---|---|---|---|---|
| | Colour | Black & White | Colour | Black & White |
| Full Page | 30000 | 20000 | 20000 | 10000 |
| 2nd Cover page | 60000 | | 50000 | |
| 3rd Cover page | 50000 | | 40000 | |

Note :

(i) Special issue - Yojana-(January, March, August & December), Kurukshetra – (October Annual Number)

ii) 2nd cover page of magazines will be reserved for the DAVP and Government Organizations. The above rate are only for PSU advertisement received directly.

iii) * 2% extra discount on each additional insertion of advertisement subject to maximum discount of 40%.

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27 cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |
| | Advertisement material - Artpull/Artwork/CD/Positives | | |

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, East Block 4, Level 7, R.K. Puram, New Delhi 110 066 26105590/26175516/26108979 Fax 26175516/26100207 Email: pdjucir@gmail.com


YOJANA (Punjabi)  August - 2014  (Total Pages 72+IV)  Regd. RNI 43033/85

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ :ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
ਲੇਖਕ : ਸਤੀਸ਼ ਅਗਰਵਾਲ
ਪੰਨੇ : 268, ਮੁੱਲ : 175 ਰੁਪਏ




ਪੁਸਤਕ : ਪੰਜਾਬ ਦੇ ਲੋਕ ਨਾਚ
ਲੇਖਕ : ਡਾ. ਜਗੀਰ ਸਿੰਘ ਨੂਰ
ਪੰਨੇ : 167, ਮੁੱਲ : 180 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) • 'ਏ' ਵਿੰਗ, ਰਾਜਾਜੀ ਭਵਨ, ਬੇਸੰਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐੱਫ' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਾਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

Printed & Published by Ira Joshi, Additional Director General & Head on behalf of Publications Division,Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.